9-MAY-PAGE-1.qxd 5/9/2025 12:56 AM Page 1

ਸ਼ੁੱਕਰਵਾਰ, 9 ਮਈ, 2025
27 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 338

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 9 MAY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਪਾਕਿਸਤਾਨ ਨੇ ਪੰਜਾਬ ਨੂੰ ਨਿਸ਼ਾਨਾ ਬਣਾਇਆ

### ਮਿਜ਼ਾਈਲਾਂ ਤੇ ਡਰੋਨ ਰਾਹ 'ਚ ਫੁੰਡੇ ਜਾਣ ਨਾਲ ਬਚਾਅ ਰਿਹਾ

**ਨਵੀਂ ਦਿੱਲੀ :** ਪਾਕਿਸਤਾਨ ਨੇ ਬੁੱਧਵਾਰ ਰਾਤ ਪੰਜਾਬ, ਰਾਜਸਥਾਨ, ਗੁਜਰਾਤ, ਜੰਮੂ ਤੇ ਕਸ਼ਮੀਰ ਵਿੱਚ ਕਈ ਫੌਜੀ ਟਿਕਾਣਿਆਂ ਨੂੰ ਮਿਜ਼ਾਈਲਾਂ ਅਤੇ ਕਾਊਂਟਰ ਡਰੋਨਾਂ ਨਾਲ ਨਿਸ਼ਾਨਾ ਬਣਾਇਆ, ਪਰ ਭਾਰਤ ਵੱਲੋਂ ਸਾਰੇ ਨਿਸ਼ਾਨਿਆਂ ਨੂੰ ਬੇਅਸਰ ਕਰ ਦਿੱਤਾ ਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਨੇ ਡਰੋਨ ਅਤੇ ਮਿਜ਼ਾਈਲਾਂ ਦੀ ਵਰਤੋਂ ਕਰਕੇ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਅਵੰਤੀਪੁਰਾ, ਸ੍ਰੀਨਗਰ, ਜੰਮੂ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਚੰਡੀਗੜ੍ਹ, ਨਲ, ਫਲੋਦੀ, ਉਤਰਲਾਈ ਅਤੇ ਭੁਜ ਸਮੇਤ 15 ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੂੰ 'ਇੰਟੀਗ੍ਰੇਟਿਡ ਗਰਿੱਡ', ਜਿਸ ਵਿੱਚ ਕਾਊਂਟਰ ਯੂ ਏ ਵੀ ਸਿਸਟਮ ਅਤੇ ਐੱਸ-400 ਮਿਜ਼ਾਈਲ, ਆਕਾਸ਼ ਮਿਜ਼ਾਈਲਾਂ ਵਰਗੀਆਂ ਹਵਾਈ ਰੱਖਿਆ ਪ੍ਰਣਾਲੀਆਂ ਸ਼ਾਮਲ ਹਨ, ਵੱਲੋਂ ਬੇਅਸਰ ਕਰ ਦਿੱਤਾ ਗਿਆ। ਇਨ੍ਹਾਂ ਹਮਲਿਆਂ ਦਾ ਮਲਬਾ ਹੁਣ ਕਈ ਥਾਵਾਂ ਤੋਂ ਬਰਾਮਦ ਕੀਤਾ ਜਾ ਰਿਹਾ ਹੈ, ਜੋ ਪਾਕਿਸਤਾਨੀ ਹਮਲਿਆਂ ਨੂੰ ਸਾਬਤ ਕਰਦਾ ਹੈ। ਅਪ੍ਰੇਸ਼ਨ ਸਿੰਧੂਰ 'ਤੇ ਪ੍ਰੈੱਸ ਬ੍ਰੀਫਿੰਗ ਦੌਰਾਨ ਰੱਖਿਆ ਮੰਤਰਾਲੇ ਵੱਲੋਂ ਇਹ ਖਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ ਕਿ ਭਾਰਤ ਵੱਲੋਂ ਪਾਕਿਸਤਾਨੀ ਫੌਜੀ ਸਥਾਪਨਾਵਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ। ਇਹ ਵੀ ਦੁਹਰਾਇਆ ਗਿਆ ਕਿ ਭਾਰਤ ਵਿਚ ਫੌਜੀ ਟਿਕਾਣਿਆਂ 'ਤੇ ਕਿਸੇ ਵੀ ਹਮਲੇ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ।

ਵੀਰਵਾਰ ਸਵੇਰੇ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਦੇ ਕਈ ਸਥਾਨਾਂ 'ਤੇ ਹਵਾਈ ਰੱਖਿਆ ਰਾਡਾਰਾਂ ਅਤੇ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ। ਭਾਰਤ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਮਿਜ਼ਾਈਲ ਹਮਲਿਆਂ ਤੋਂ ਬਾਅਦ ਭਾਰਤ ਨੇ ਉਸ ਦਾ ਲਾਹੌਰ ਸਥਿਤ ਏਅਰ ਡਿਫੈਂਸ ਸਿਸਟਮ ਨਕਾਰਾ ਕਰ ਦਿੱਤਾ। ਰਾਵਲਪਿੰਡੀ ਦੇ ਕ੍ਰਿਕਟ ਸਟੇਡੀਅਮ ਨੂੰ ਵੀ ਨੁਕਸਾਨ ਪੁੱਜਣ ਦੀਆਂ ਰਿਪੋਰਟਾਂ ਹਨ।

ਇਸਲਾਮਾਬਾਦ ਵਿਚ ਪਾਕਿਸਤਾਨੀ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਇੱਕ ਡਰੋਨ ਲਾਹੌਰ ਦੇ ਨੇੜੇ ਕਰੈਸ਼ ਹੋਇਆ ਅਤੇ ਹਮਲੇ ਦੇ ਨਤੀਜੇ ਵਜੋਂ ਚਾਰ ਜਵਾਨ ਜ਼ਖਮੀ ਹੋ ਗਏ। ਚੌਧਰੀ ਨੇ ਦਾਅਵਾ ਕੀਤਾ ਕਿ ਲਾਹੌਰ, ਗੁਜਰਾਂਵਾਲਾ, ਚਕਵਾਲ, ਬਹਾਵਲਪੁਰ, ਮਿਆਨੋ, ਕਰਾਚੀ, ਛੋੜ, ਰਾਵਲਪਿੰਡੀ ਅਤੇ ਅਟਕ ਵਿੱਚ ਡਰੋਨਾਂ ਨੂੰ ਬੇਅਸਰ ਕਰ ਦਿੱਤਾ ਗਿਆ। ਪਾਕਿਸਤਾਨੀ ਫੌਜ ਨੇ ਇੱਕ ਬਿਆਨ ਵਿੱਚ ਦਾਅਵਾ ਕੀਤਾ, 'ਹੁਣ ਤੱਕ ਪਾਕਿਸਤਾਨੀ ਫੌਜ ਦੇ ਸਾਫਟ ਕਿੱਲ (ਤਕਨੀਕੀ) ਅਤੇ ਹਾਰਡ ਕਿੱਲ (ਹਥਿਆਰਾਂ) ਵੱਲੋਂ 25 ਇਜ਼ਰਾਈਲੀ ਬਣੇ ਹੀਰੋਪ ਡਰੋਨਾਂ ਨੂੰ ਗੋਲੀ ਮਾਰ ਦਿੱਤੀ ਗਈ ਹੈ।'

ਪਾਕਿਸਤਾਨੀ ਫੌਜ ਨੇ 7 ਤੇ 8 ਮਈ ਦੀ ਦਰਮਿਆਨੀ ਰਾਤ ਨੂੰ ਐੱਲ ਓ ਸੀ ਦੇ ਨਾਲ ਕੁਪਵਾੜਾ, ਬਾਰਾਮੂਲਾ, ਉੜੀ ਤੇ ਅਖਨੂਰ ਸੈਕਟਰਾਂ ਵਿੱਚ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਫਾਇਰਿੰਗ ਕੀਤੀ ਤੇ ਤੋਪਾਂ ਨਾਲ ਗੋਲੇ ਦਾਗੇ। ਭਾਰਤੀ ਫੌਜ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸ਼ਾਕ ਡਾਰ ਨੇ ਦਾਅਵਾ ਕੀਤਾ ਹੈ ਕਿ ਉਨ੍ਹਾ ਦਾ ਕੌਮੀ ਸੁਰੱਖਿਆ ਸਲਾਹਕਾਰ ਆਪਣੇ ਭਾਰਤੀ ਹਮਰੁਤਬਾ ਅਜੀਤ ਡੋਵਾਲ ਦੇ ਸੰਪਰਕ ਵਿੱਚ ਹੈ। ਇਸ ਦਾਅਵੇ ਨੂੰ ਲੈ ਕੇ ਭਾਰਤ ਸਰਕਾਰ ਨੇ ਟਿੱਪਣੀ ਨਹੀਂ ਕੀਤੀ। ਲੈਫਟੀਨੈਂਟ ਜਨਰਲ ਅਸੀਮ ਮਲਿਕ ਪਾਕਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਹਨ। ਉਹ ਇੱਕ ਸੇਵਾਮੁਕਤ ਜਨਰਲ ਹਨ ਅਤੇ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ ਐੱਸ ਆਈ) ਦੇ ਇੰਚਾਰਜ ਹਨ।

ਯੂ ਕੇ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਦਿਖਾਉਣ ਅਤੇ ਅੱਗੇ ਵਧਣ ਲਈ ਇੱਕ ਤੇਜ਼, ਕੂਟਨੀਤਕ ਰਸਤਾ ਲੱਭਣ ਲਈ ਸਿੱਧੀ ਗੱਲਬਾਤ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾ ਕਿਹਾ, 'ਭਾਰਤ ਅਤੇ ਪਾਕਿਸਤਾਨ ਵਿਚਕਾਰ ਮੌਜੂਦਾ ਤਣਾਅ ਗੰਭੀਰ ਚਿੰਤਾ ਦਾ ਵਿਸ਼ਾ ਹੈ। ਯੂ ਕੇ ਦੇ ਦੋਵਾਂ ਦੇਸ਼ਾਂ ਨਾਲ ਨੇੜਲੇ ਅਤੇ ਵਿਲੱਖਣ ਸੰਬੰਧ ਹਨ। ਮੈਂ ਭਾਰਤ ਅਤੇ ਪਾਕਿਸਤਾਨ ਵਿੱਚ ਆਪਣੇ ਹਮਰੁਤਬਾ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਤਣਾਅ ਵਧਦਾ ਹੈ, ਤਾਂ ਜਿੱਤ ਕਿਸੇ ਦੀ ਨਹੀਂ ਹੋਣੀ।'

## ਅਪ੍ਰੇਸ਼ਨ ਸਿੰਧੂਰ ਅਜੇ ਮੁੱਕਿਆ ਨਹੀਂ : ਰਾਜਨਾਥ

**ਨਵੀਂ ਦਿੱਲੀ :** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪ੍ਰੇਸ਼ਨ ਸਿੰਧੂਰ ਦੇ ਵੇਰਵਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਟਿਕਾਣਿਆਂ 'ਤੇ ਸਟੀਕ ਫੌਜੀ ਹਮਲਿਆਂ ਦੌਰਾਨ ਘੱਟੋ-ਘੱਟ 100 ਅੱਤਵਾਦੀਆਂ ਨੂੰ ਮਾਰ ਮੁਕਾਇਆ ਹੈ। ਸਿੰਘ ਨੇ ਇਹ ਵੀ ਕਿਹਾ ਕਿ ਅਪ੍ਰੇਸ਼ਨ ਅਜੇ ਖਤਮ ਨਹੀਂ ਹੋਇਆ।

ਉਨ੍ਹਾ ਸਰਬ ਪਾਰਟੀ ਮੀਟਿੰਗ ਵਿੱਚ ਕਿਹਾ ਕਿ ਹਮਲੇ ਦਹਿਸ਼ਤਗਰਦਾਂ ਨੂੰ ਖਤਮ ਕਰਨ ਲਈ ਸਨ। ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਜਵਾਬੀ ਕਾਰਵਾਈ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਸੀ। ਕਾਰਵਾਈ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਤੋਂ ਸੰਚਾਲਤ ਚੋਣਵੇਂ ਅੱਤਵਾਦੀ ਸਿਖਲਾਈ ਕੈਂਪਾਂ 'ਤੇ ਕੇਂਦਰਤ ਸੀ ਤੇ ਇਸ ਦੌਰਾਨ ਗੈਰ-ਫੌਜੀ ਟਿਕਾਣਿਆਂ ਨੂੰ ਬਚਾਉਣ ਲਈ ਪੂਰੀ ਚੌਕਸੀ ਵਰਤੀ ਗਈ। ਅਪ੍ਰੇਸ਼ਨ ਵਿੱਚ ਜਾਨੀ ਨੁਕਸਾਨ ਦੇ ਅੰਕੜੇ ਪਹਿਲੀ ਵਾਰ ਵਿਰੋਧੀ ਧਿਰ ਨਾਲ ਰਸਮੀ ਤੌਰ 'ਤੇ ਸਾਂਝੇ ਕੀਤੇ ਗਏ। ਕਾਂਗਰਸ ਤੇ ਹੋਰਨਾਂ ਪਾਰਟੀਆਂ ਨੇ ਸਰਕਾਰ ਅਤੇ ਭਾਰਤ ਦੀ ਜਵਾਬੀ ਕਾਰਵਾਈ ਦੀ ਖੁੱਲ੍ਹ ਕੇ ਹਮਾਇਤ ਕੀਤੀ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ, 'ਸੰਕਟ ਦੀ ਇਸ ਘੜੀ ਵਿਚ ਅਸੀਂ ਸਰਕਾਰ ਦੇ ਨਾਲ ਹਾਂ। ਉਨ੍ਹਾਂ ਜੋ ਵੀ ਕਿਹਾ, ਅਸੀਂ ਸੁਣਿਆ। ਉਨ੍ਹਾਂ ਕਿਹਾ ਕਿ ਦੇਸ਼ ਹਿੱਤ ਵਿੱਚ ਰੱਖਿਆ ਅਤੇ ਸੁਰੱਖਿਆ ਨਾਲ ਜੁੜੇ ਮਾਮਲੇ ਗੁਪਤ ਹਨ ਅਤੇ ਅਸੀਂ ਸਭ ਕੁਝ ਨਹੀਂ ਦੱਸ ਸਕਦੇ। ਅਸੀਂ ਸਾਰਿਆਂ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਅਸੀਂ ਸਾਰੇ ਤੁਹਾਡੇ ਨਾਲ ਹਾਂ ਅਤੇ ਤੁਸੀਂ ਜੋ ਵੀ ਕੰਮ ਕਰ ਰਹੇ ਹੋ, ਉਸ ਨੂੰ ਜਾਰੀ ਰੱਖੋ ਅਤੇ ਅਸੀਂ ਦੇਸ਼ ਹਿੱਤ ਵਿੱਚ ਤੁਹਾਡੇ ਨਾਲ ਰਹਾਂਗੇ।'

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਕਿਹਾ ਕਿ ਵਿਰੋਧੀ ਧਿਰ ਨੇ ਸਰਕਾਰ ਦਾ ਪੂਰਾ ਸਮਰਥਨ ਕੀਤਾ। ਸੰਸਦ ਭਵਨ ਕੰਪਲੈਕਸ ਵਿੱਚ ਮੀਟਿੰਗ ਤੋਂ ਬਾਅਦ ਉਨ੍ਹਾ ਕਿਹਾ, 'ਅਸੀਂ ਆਪਣਾ ਪੂਰਾ ਸਮਰਥਨ ਦਿੱਤਾ। ਕੁਝ ਗੱਲਾਂ 'ਤੇ ਚਰਚਾ ਨਹੀਂ ਕੀਤੀ ਜਾ ਸਕਦੀ। ਸਾਰਿਆਂ ਨੇ ਸਰਕਾਰ ਦਾ ਸਮਰਥਨ ਕੀਤਾ।' ਏ ਆਈ ਐੱਮ ਆਈ ਐੱਮ ਮੁਖੀ ਐੱਮ ਐੱਮ ਓਵੈਸੀ ਨੇ ਫੌਜ ਅਤੇ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ, 'ਮੈਂ ਇਹ ਵੀ ਸੁਝਾਅ ਦਿੱਤਾ ਕਿ ਸਾਨੂੰ ਦਿ ਰਜ਼ਿਸਟੈਂਸ ਫਰੰਟ (ਟੀ ਆਰ ਐੱਫ) ਵਿਰੁੱਧ ਇੱਕ ਵਿਸ਼ਵਵਿਆਪੀ ਮੁਹਿੰਮ ਚਲਾਉਣੀ ਚਾਹੀਦੀ ਹੈ। ਮੈਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਟੀ ਆਰ ਐੱਫ ਨੂੰ ਇੱਕ ਦਹਿਸ਼ਤੀ ਸੰਗਠਨ ਵਜੋਂ ਨਾਮਜ਼ਦ ਕਰਨ ਸੰਬੰਧੀ ਅਮਰੀਕਾ ਨੂੰ ਬੇਨਤੀ ਕਰੇ।'

ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਥਾਂ ਮੁੜ ਰਾਜਨਾਥ ਸਿੰਘ ਨੇ ਕੀਤੀ। ਖੜਗੇ ਨੇ ਕਿਹਾ, 'ਪ੍ਰਧਾਨ ਮੰਤਰੀ ਇੱਥੇ ਨਹੀਂ ਹਨ, ਉਨ੍ਹਾ ਨੂੰ ਸ਼ਾਇਦ ਲੱਗਦਾ ਹੈ ਕਿ ਉਹ ਸੰਸਦ ਤੋਂ ਉੱਪਰ ਹਨ। ਸਮਾਂ ਆਉਣ 'ਤੇ ਅਸੀਂ ਇਹ ਸਵਾਲ ਪੁੱਛਾਂਗੇ। ਸੰਕਟ ਦੇ ਇਸ ਸਮੇਂ ਅਸੀਂ ਕਿਸੇ ਦੀ ਆਲੋਚਨਾ ਨਹੀਂ ਕਰਨਾ ਚਾਹੁੰਦੇ।' ਮੀਟਿੰਗ 'ਚ ਕੇਂਦਰੀ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਐੱਸ ਜੈਸ਼ੰਕਰ, ਜੇ ਪੀ ਨੱਡਾ ਅਤੇ ਨਿਰਮਲਾ ਸੀਤਾਰਮਨ ਨੇ ਸਰਕਾਰ ਦੀ ਨੁਮਾਇੰਦਗੀ ਕੀਤੀ, ਜਦੋਂ ਕਿ ਕਾਂਗਰਸ ਤੋਂ ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ, ਤ੍ਰਿਣਮੂਲ ਕਾਂਗਰਸ ਦੇ ਸੰਦੀਪ ਬੰਦੋਪਾਧਿਆਏ ਅਤੇ ਡੀ ਐੱਮ ਕੇ ਦੇ ਟੀ ਆਰ ਬਾਲੂ ਮੀਟਿੰਗ ਵਿੱਚ ਪ੍ਰਮੁੱਖ ਵਿਰੋਧੀ ਹਸਤੀਆਂ ਵਿੱਚੋਂ ਸਨ।

## ਰੂਸੀ ਡਿਫੈਂਸ ਸਿਸਟਮ ਨਾਲ ਕੀਤੇ ਪਾਕਿਸਤਾਨੀ ਹਮਲੇ ਨਾਕਾਮ



ਨਵੀਂ ਦਿੱਲੀ : ਭਾਰਤ ਦੇ ਏਕੀਕ੍ਰਿਤ ਹਵਾਈ ਰੱਖਿਆ ਗਰਿੱਡ ਨੇ ਬੁੱਧਵਾਰ ਰਾਤ ਦੇਸ਼ ਭਰ ਵਿੱਚ 15 ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਪਾਕਿਸਤਾਨ ਦੀ ਕੋਸ਼ਿਸ਼ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ। ਇਹ ਗਰਿੱਡ ਦੋ ਬਰੋ-ਬਰਾਬਰ ਪ੍ਰਣਾਲੀਆਂ 'ਤੇ ਕੰਮ ਕਰਦਾ ਹੈ, ਭਾਵ ਖਤਰਿਆਂ ਨੂੰ ਟਰੈਕ ਕਰਨਾ ਅਤੇ ਹਮਲਾਵਰ ਜਵਾਬੀ ਉਪਾਅ ਸ਼ੁਰੂ ਕਰਨਾ।

ਹਮਲਾਵਰ ਭੂਮਿਕਾ ਲਈ ਰੂਸ ਦਾ ਬਣਾਇਆ ਐੱਸ-400 ਮਿਜ਼ਾਈਲ ਸਿਸਟਮ ਪ੍ਰਮੁੱਖ ਹਥਿਆਰ ਹੈ, ਜੋ 600 ਕਿੱਲੋਮੀਟਰ ਦੀ ਰੇਂਜ ਦੇ ਅੰਦਰ ਕਈ ਟੀਚਿਆਂ ਨੂੰ ਟਰੈਕ ਕਰਨ ਅਤੇ ਉਨ੍ਹਾਂ 'ਤੇ ਹਮਲਾ ਕਰਨ ਦੇ ਸਮਰੱਥ ਹੈ।

ਐੱਸ-400, ਜਿਸ ਨੂੰ ਭਾਰਤੀ ਹਵਾਈ ਫੌਜ ਵਿੱਚ ਸੁਦਰਸ਼ਨ ਚੱਕਰ ਵੀ ਕਿਹਾ ਜਾਂਦਾ ਹੈ, ਦੁਨੀਆ ਦੀਆਂ ਸਭ ਤੋਂ ਉੱਨਤ ਲੰਮੀ-ਦੂਰੀ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ ਵਿੱਚੋਂ ਇੱਕ ਹੈ। ਇਹ ਸਟੀਲਥ ਏਅਰਕ੍ਰਾਫਟ, ਕਰੂਜ਼ ਮਿਜ਼ਾਈਲਾਂ, ਡਰੋਨ ਅਤੇ ਰਣਨੀਤਕ ਬੈਲਿਸਟਿਕ ਮਿਜ਼ਾਈਲਾਂ ਸਮੇਤ ਹਵਾਈ ਖਤਰਿਆਂ ਦੇ ਵਿਸ਼ਾਲ ਸਪੈਕਟਰਮ ਦਾ ਪਤਾ ਲਗਾ ਸਕਦਾ ਹੈ ਅਤੇ ਉਨ੍ਹਾਂ ਨੂੰ ਉਲਝਾ ਸਕਦਾ ਹੈ।

ਏਕੀਕ੍ਰਿਤ ਹਵਾਈ ਰੱਖਿਆ ਗਰਿੱਡ ਇੱਕ ਪਰਤਦਾਰ ਹਵਾਈ ਰੱਖਿਆ ਪ੍ਰਣਾਲੀ ਦੁਆਰਾ ਸਹਾਇਤਾ ਪ੍ਰਾਪਤ ਹੈ, ਜਿਸ ਵਿੱਚ ਵੱਖ-ਵੱਖ ਸਟਰਾਈਕਿੰਗ ਰੇਂਜਾਂ ਵਾਲੀਆਂ ਕਈ ਇਕਾਈਆਂ ਸ਼ਾਮਲ ਹਨ। ਇਨ੍ਹਾਂ ਵਿੱਚ ਆਕਾਸ਼-ਐੱਨ ਜੀ, ਬਰਾਕ ਅਤੇ ਕਿਊ ਆਰ ਐੱਸ ਏ ਐੱਮ ਸ਼ਾਮਲ ਹਨ, ਜੋ ਕ੍ਰਮਵਾਰ 100 ਕਿੱਲੋਮੀਟਰ, 70 ਕਿੱਲੋਮੀਟਰ ਅਤੇ 30 ਕਿੱਲੋਮੀਟਰ ਦੇ ਟੀਚਿਆਂ ਨੂੰ ਨੱਥ ਪਾ ਸਕਦੇ ਹਨ। ਇਸ ਪ੍ਰਣਾਲੀ ਵਿੱਚ ਕਾਊਂਟਰ ਡਰੋਨ ਪ੍ਰਣਾਲੀਆਂ, ਸਪੂਫਿੰਗ ਅਤੇ ਜੈਮਿੰਗ ਸਮਰਥਾਵਾਂ ਵੀ ਸ਼ਾਮਲ ਹਨ, ਜੋ ਪਾਕਿਸਤਾਨ ਨੂੰ ਭਾਰਤੀ ਹਵਾਈ ਖੇਤਰ ਵਿੱਚ ਦਾਖਲ ਹੋਣ ਤੋਂ ਰੋਕਦੀਆਂ ਹਨ।

ਖਤਰਿਆਂ ਦੀ ਟਰੈਕਿੰਗ ਭਾਰਤੀ ਹਵਾਈ ਸੈਨਾ ਦੇ ਏਕੀਕ੍ਰਿਤ ਹਵਾਈ ਕਮਾਂਡ ਅਤੇ ਕੰਟਰੋਲ ਸਿਸਟਮ ਦੁਆਰਾ ਕੀਤੀ ਜਾਂਦੀ ਹੈ। ਟੀ ਏ ਸੀ ਸੀ ਐੱਸ ਰਾਡਾਰਾਂ ਅਤੇ ਸੈਂਸਰਾਂ ਦੀ ਇੱਕ ਲੜੀ ਨਾਲ ਜੁੜਨ ਲਈ ਇੱਕ ਸਮਰਪਤ ਹਾਈ-ਸਪੀਡ ਆਪਟਿਕ ਫਾਈਬਰ ਕੇਬਲ ਦੀ ਵਰਤੋਂ ਕਰਦਾ ਹੈ, ਜੋ ਪਾਕਿਸਤਾਨ ਤੋਂ ਹਵਾ ਵਿੱਚ ਗਤੀ ਦਾ ਪਤਾ ਲਗਾਉਂਦੇ ਹਨ। ਇਹ ਜਾਣਕਾਰੀ ਪਾਕਿਸਤਾਨ ਦੇ ਸਾਹਮਣੇ ਭਾਰਤੀ ਖੇਤਰਾਂ ਵਿੱਚ ਤਾਇਨਾਤ ਵੱਖ-ਵੱਖ ਹਵਾਈ ਰੱਖਿਆ ਇਕਾਈਆਂ ਨੂੰ ਨਾਲ ਦੀ ਨਾਲ ਭੇਜੀ ਜਾਂਦੀ ਹੈ।

## ਜੇਠੂਵਾਲ ਤੇ ਕੱਥੂਨੰਗਲ ਦੇ ਖੇਤਾਂ 'ਚ ਮਿਜ਼ਾਈਲਾਂ ਡਿੱਗੀਆਂ

**ਵੇਰਕਾ (ਰਾਣਾ)**-ਕਸਬਾ ਵੇਰਕਾ ਦੇ ਨਜ਼ਦੀਕ ਪੈਂਦੇ ਪਿੰਡ ਜੇਠੂਵਾਲ ਵਿਖੇ ਬੁੱਧਵਾਰ ਰਾਤ ਤਕਰੀਬਨ 1:30 ਵਜੇ ਖੇਤਾਂ ਵਿੱਚ ਮਿਜ਼ਾਈਲ ਡਿੱਗੀ। ਪਿੰਡ ਵਾਸੀਆਂ ਦੇ ਦੱਸਣ ਅਨੁਸਾਰ ਜ਼ਬਰਦਸਤ ਧਮਾਕਾ ਹੋਇਆ, ਜਿਸ ਕਾਰਨ ਲੋਕ ਡਰ ਗਏ।ਸਵੇਰ ਦੇ ਸਮੇਂ ਹੀ ਲੋਕਾਂ ਨੇ ਡਿੱਗੀ ਮਿਜ਼ਾਈਲ ਵੇਖੀ।ਇਸ ਦੌਰਾਨ ਪਿੰਡ ਵਿੱਚ ਕੋਈ ਵੀ ਜਾਨੀ ਤੇ ਮਾਲੀ ਨੁਕਸਾਨ ਨਹੀਂ ਹੋਇਆ। ਖਬਰ ਮਿਲਦੇ ਸਾਰ ਹੀ ਸਤਨਾਮ ਸਿੰਘ ਐੱਸ ਐੱਚ ਓ ਪੁਲਸ ਥਾਣਾ ਕੰਬੋਅ ਸਮੇਤ ਜਸਵਿੰਦਰ ਸਿੰਘ ਚੌਕੀ ਇੰਚਾਰਜ ਸੋਹੀਆਂ ਖੁਰਦ ਨੇ ਮੌਕੇ 'ਤੇ ਪਹੁੰਚ ਕੇ ਮਿਜ਼ਾਈਲ ਦਾ ਖੋਲ ਆਪਣੇ ਕਬਜ਼ੇ ਵਿੱਚ ਲੈਂਦੇ ਹੋਏ ਹਵਾਈ ਸੈਨਾ ਦੇ ਅਧਿਕਾਰੀਆਂ ਹਵਾਲੇ ਕਰ ਦਿੱਤਾ।ਇਸੇ ਤਰ੍ਹਾਂ ਹੀ ਕਸਬਾ ਕੱਥੂਨੰਗਲ ਵਿਖੇ ਵੀ ਮਿਜ਼ਾਈਲ ਡਿੱਗਣ ਬਾਬਤ ਸੂਚਨਾ ਪ੍ਰਾਪਤ ਹੋਈ ਹੈ। ਇਸ ਦੌਰਾਨ ਕੋਈ ਜਾਨੀ ਤੇ ਮਾਲੀ ਨੁਕਸਾਨ ਨਹੀਂ ਪਹੁੰਚਿਆ। ਉਕਤ ਡਿੱਗੀਆਂ ਮਿਜ਼ਾਈਲਾਂ ਦੇ ਖੋਲ ਵੇਖਣ ਲਈ ਲੋਕਾਂ ਦਾ ਤਾਂਤਾ ਲੱਗਿਆ ਰਿਹਾ।



### ਜੰਮੂ-ਸ੍ਰੀਨਗਰ ਸ਼ਾਹਰਾਹ ਬੰਦ

**ਜੰਮੂ :** ਰਾਮਬਨ ਜ਼ਿਲ੍ਹੇ ਵਿੱਚ ਭਾਰੀ ਮੀਂਹ ਪੈਣ ਦੌਰਾਨ ਢਿੱਗਾਂ ਖਿਸਕਣ ਅਤੇ ਪਹਾੜੀਆਂ ਤੋਂ ਪੱਥਰ ਡਿੱਗਣ ਕਾਰਨ ਵੀਰਵਾਰ ਸਵੇਰ ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ 'ਤੇ ਆਵਜਾਈ ਨੂੰ ਰੋਕ ਦਿੱਤਾ ਗਿਆ। ਅਚਾਨਕ ਆਏ ਹੜ੍ਹ ਨੇ ਰਾਮਬਨ ਬਾਜ਼ਾਰ ਨੂੰ ਵੀ ਪ੍ਰਭਾਵਤ ਕੀਤਾ, ਪਰ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਸੀਰੀ ਅਤੇ ਨਚਲਾਨਾ ਵਿਚਕਾਰ ਢਿੱਗਾਂ ਖਿਸਕਣ ਕਾਰਨ ਦੋਹਾਂ ਪਾਸੇ ਸੈਂਕੜੇ ਵਾਹਨ ਫਸੇ ਹੋਏ ਹਨ। ਇਹ ਰਾਜਮਾਰਗ ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲੀ ਇਕੋ-ਇਕ ਸੜਕ ਹੈ, ਜੋ ਹਰ ਮੌਸਮ ਵਿੱਚ ਖੁੱਲ੍ਹੀ ਰਹਿੰਦੀ ਹੈ।

### ਹੈਲੀਕਾਪਟਰ ਡਿੱਗਿਆ, 6 ਮੌਤਾਂ



**ਦੇਹਰਾਦੂਨ :** ਉੱਤਰਾਖੰਡ ਦੇ ਉਤਰਕਾਸ਼ੀ ਜ਼ਿਲ੍ਹੇ ਵਿੱਚ ਰਿਸ਼ੀਕੇਸ਼-ਗੰਗੋਤਰੀ ਨੈਸ਼ਨਲ ਹਾਈਵੇ 'ਤੇ ਵੀਰਵਾਰ ਸਵੇਰੇ ਪੌਣੇ ਨੌਂ ਵਜੇ ਦੇ ਕਰੀਬ ਗੰਗਾਨਾਨੀ 'ਚ ਹੈਲੀਕਾਪਟਰ ਡਿੱਗਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ। ਬੈੱਲ ਹੈਲੀਕਾਪਟਰ ਅਹਿਮਦਾਬਾਦ ਅਧਾਰਤ ਨਿੱਜੀ ਕੰਪਨੀ ਐਰੋਟਰਾਂਸ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦਾ ਸੀ।

### ਸੋਨੂੰ ਖੱਤਰੀ ਦਾ ਸਾਥੀ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**-ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਪੰਜਾਬ ਨੇ ਮੁਹਾਲੀ ਪੁਲਸ ਨਾਲ ਸਾਂਝੇ ਅਪ੍ਰੇਸ਼ਨ ਵਿੱਚ ਵਿਦੇਸ਼ੀ ਗੈਂਗਸਟਰ ਰਾਜੇਸ਼ ਕੁਮਾਰ ਉਰਫ਼ ਸੋਨੂੰ ਖੱਤਰੀ ਦੇ ਮੁੱਖ ਸਾਥੀ ਹਰਜਿੰਦਰ ਸਿੰਘ ਨੂੰ ਖਰੜ ਬੱਸ ਸਟੈਂਡ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਵੀਰਵਾਰ ਦਿੱਤੀ।ਪੁਲਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੇ ਕਬਜ਼ੇ ਵਿੱਚੋਂ ਤਿੰਨ ਪਿਸਤੌਲ, ਜਿਨ੍ਹਾਂ ਵਿੱਚ ਦੋ .32 ਬੋਰ ਅਤੇ ਇੱਕ .30 ਬੋਰ ਸਮੇਤ 14 ਕਾਰਤੂਸ ਬਰਾਮਦ ਕੀਤੇ ਹਨ। ਡੀ ਜੀ ਪੀ ਨੇ ਕਿਹਾ ਕਿ ਮੁਲਜ਼ਮ ਖਰੜ ਦੇ ਫਿਊਚਰ ਹਾਈਟਸ ਵਿਖੇ ਵਿਰੋਧੀ ਗੈਂਗ ਦੇ ਮੈਂਬਰਾਂ ਤੇ ਹਥਿਆਰਬੰਦ ਹਮਲੇ ਦੇ ਮਾਮਲੇ ਵਿੱਚ ਲੋੜੀਂਦਾ ਸੀ।

## ਨੰਗਲ ਡੈਮ ਦੇ ਗੇਟ ਖੁੱਲ੍ਹਵਾਉਣ ਪਹੁੰਚੇ ਬੀ ਬੀ ਐੱਮ ਬੀ ਚੇਅਰਮੈਨ ਨੂੰ ਅੰਦਰ ਡੱਕਿਆ

### ਬੀ ਬੀ ਐੱਮ ਬੀ ਚਿੱਟਾ ਹਾਥੀ, ਖਰਚਿਆਂ ਦੀ ਪੰਡ ਸਾਡੇ 'ਤੇ : ਮਾਨ



**ਨੰਗਲ (ਸੁਰਜੀਤ ਸਿੰਘ)**

ਕੇਂਦਰ ਦੀ ਮੋਦੀ ਸਰਕਾਰ ਦੇਸ਼ ਵਿੱਚ ਬਲੈਕ ਆਊਟ ਲਗਾ ਕੇ ਨੰਗਲ ਡੈਮ ਦੇ ਪਾਣੀ ਦੇ ਗੇਟ ਖੋਲ੍ਹ ਕੇ ਪੰਜਾਬੀਆਂ ਦੇ ਹੱਕਾਂ ਉੱਤੇ ਬੀ ਬੀ ਐੱਮ ਬੀ ਤੋਂ ਡਾਕਾ ਵਜਾਉਣਾ ਚਾਹੁੰਦੀ ਹੈ, ਜਿਸ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਕਿਉਂਕਿ ਪੰਜਾਬੀ ਆਪਣਾ ਹੱਕ ਲੈਣਾ ਜਾਣਦੇ ਹਨ ਤੇ 20 ਮਈ ਤੱਕ ਅਸੀਂ ਲਗਾਤਾਰ ਨੰਗਲ ਡੈਮ ਅਤੇ ਲੋਹੰਡ ਖੱਡ ਲਾਗੇ ਦਿਨ-ਰਾਤ ਪਹਿਰੇਦਾਰੀ ਕਰਾਂਗੇ। ਇਹ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਬੀ ਬੀ ਐੱਮ ਬੀ ਸਤਲੁਜ ਸਦਨ ਬਾਹਰ ਆਪਣੇ ਪਾਣੀ ਦੇ ਹੱਕਾਂ ਲਈ ਬੈਠੇ ਸੈਂਕੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਦੱਸਣਾ ਜ਼ਰੂਰੀ ਹੈ ਕਿ ਇਸ ਤੋਂ ਪਹਿਲਾਂ ਹਲਕਾ ਵਿਧਾਇਕ ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਸੈਂਕੜੇ ਲੋਕਾਂ ਨੇ ਸਤਲੁਜ ਸਦਨ ਦੇ ਗੇਟ ਨੂੰ ਤਾਲਾ ਜੜ ਨੰਗਲ ਡੈਮ ਉੱਤੇ ਗੇਟ ਖੁੱਲ੍ਹਵਾਉਣ ਆਏ ਬੀ ਬੀ ਐੱਮ ਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੂੰ ਸਤਲੁਜ ਸਦਨ ਵਿੱਚ ਡੱਕਿਆ ਹੋਇਆ ਸੀ।

ਮਾਨ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦਾ ਸਭ ਤੋਂ ਵੱਧ 60 ਫੀਸਦੀ ਹਿੱਸਾ ਹੈ, ਬਾਕੀ ਸੂਬਿਆਂ ਦਾ ਹਿੱਸਾ ਵੀ ਘੱਟ ਹੈ ਤੇ ਫਿਰ ਵੋਟ ਸਾਡੇ ਵਾਂਗ ਬਰਾਬਰ ਕਿਉਂ। ਹਿਮਾਚਲ, ਹਰਿਆਣਾ, ਰਾਜਸਥਾਨ ਆਪਣੀਆਂ ਤਿੰਨ ਵੋਟਾਂ ਇਕੱਠੀਆਂ ਗਿਣ ਕੇ ਮੀਟਿੰਗਾਂ ਕਰ ਖੁਦ ਹੀ ਫੈਸਲੇ ਲੈ ਲੈਂਦੇ ਹਨ ਕਿ ਹਰਿਆਣਾ ਨੂੰ ਪਾਣੀ ਦਿੱਤਾ ਜਾਵੇ, ਜਦੋਂ ਕਿ ਮਾਰਚ ਮਹੀਨੇ ਵਿੱਚ ਹੀ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਲੈ ਗਿਆ ਸੀ। ਇਨ੍ਹਾਂ ਨੂੰ 6 ਪੱਤਰ ਲਿਖ ਸਮੇਂ-ਸਮੇਂ ਦੱਸਿਆ ਵੀ ਗਿਆ, ਪਰ ਇਨ੍ਹਾਂ ਨੂੰ ਪੁਰਾਣੀਆਂ ਸਰਕਾਰਾਂ ਵਾਂਗੂ ਆਦਤਾਂ ਪਈਆਂ ਹਨ ਕਿ ਆਪਣੇ ਕੋਟੇ ਦਾ ਪਾਣੀ ਲੈ ਕੇ ਮੁੜ ਤੋਂ ਫਿਰ ਲੈ ਲਵਾਂਗੇ, ਪਰ ਅਸੀਂ ਫਿਰ ਕਹਿੰਦੇ ਹਾਂ ਕਿ ਇੱਕ ਬੂੰਦ ਵੀ ਫਾਲਤੂ ਪਾਣੀ ਕਿਸੇ ਨੂੰ ਨਹੀਂ ਦਿੱਤਾ ਜਾਵੇਗਾ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ 20 ਮਈ ਨੂੰ ਹਰਿਆਣਾ ਦਾ ਸਮਾਂ ਖਤਮ ਹੋ ਜਾਣਾ ਹੈ, ਇਨ੍ਹਾਂ ਨੂੰ ਇਨ੍ਹਾਂ ਦੇ ਬਣਦੇ ਹਿੱਸੇ ਦਾ ਪਾਣੀ ਦੇ ਦਿੱਤਾ ਜਾਵੇਗਾ। ਉਨ੍ਹਾ ਸਾਫ ਤੌਰ 'ਤੇ ਕਿਹਾ ਕਿ ਹਰਿਆਣਾ ਵਾਸੀ ਸਾਡੇ ਭਰਾ ਹਨ, ਇਨਸਾਨੀਅਤ ਦੇ ਤੌਰ 'ਤੇ ਹਰਿਆਣਾ ਨੂੰ ਪੀਣ ਲਈ ਉਨ੍ਹਾਂ ਦੀ ਆਬਾਦੀ ਮੁਤਾਬਕ ਪਰ ਵਿਅਕਤੀ 135 ਕਿਊਸਿਕ ਪਾਣੀ ਦਿੱਤਾ ਜਾ ਰਿਹਾ ਹੈ, ਪਰ ਉਨ੍ਹਾਂ ਦੇ ਆਗੂ ਸ਼ਾਇਦ ਉਨ੍ਹਾਂ ਨੂੰ ਗੁੰਮਰਾਹ ਕਰਦੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਬੀ ਬੀ ਐੱਮ ਬੀ ਦਾ ਇਕੋ ਕੰਮ ਹੈ ਕਿ ਸਾਨੂੰ ਆਰਡਰ ਮਾਰਨੇ ਤੇ ਇਹ ਲੋਕ ਆਰਡਰ ਮਾਰਨ ਦੀਆਂ ਹੀ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਪਿਆਦੇ ਭੇਜ ਗਵਾਂਢੀ ਜਦ ਦੁਖੀ ਕਰਿਆ,
ਸ਼ਰਾਰਤ ਵਾਂਗ ਸੀ ਛੇੜ ਲਈ ਛੇੜ ਬੇਲੀ।
ਗਵਾਂਢੀ ਮਾਰ ਕੇ ਜਦੋਂ ਫਿਰ ਜਸ਼ਨ ਕੀਤੇ,
ਦਬਕੜੇ ਛੱਡੇ ਤਾਂ ਚੱਲ ਪਿਆ ਭੇੜ ਬੇਲੀ।
ਮੋੜਵੀਂ ਭਾਜੀ ਗਵਾਂਢੀ ਜਦ ਪਾਉਣ ਲੱਗਾ,
ਯਾਰ ਤੇ ਮਿੱਤਰ ਆ ਛੱਡ ਗਏ ਨੇੜ ਬੇਲੀ।
ਪਾਈ ਸੀ ਇੱਕੀ, ਇਕੱਤੀ ਜਦ ਪੈਣ ਲੱਗੀ,
ਮੁਸ਼ਕਲਾਂ ਵਾਲਾ ਤਦ ਚੱਲਿਆ ਗੇੜ ਬੇਲੀ।
ਕਰਨੀ ਔਖੀ ਸ਼ਰਾਰਤ ਨਹੀਂ ਕਦੀ ਲੱਗਦੀ,
ਕਰਦੀ ਹੁੰਦੀ ਫਿਰ ਉਹੀ ਬਰਬਾਦ ਮਗਰੋਂ।
ਖਾਧਾ ਅਉਲੇ ਦਾ, ਕਿਹਾ ਸਿਆਣਿਆਂ ਦਾ,
ਮੂਰਖ ਬੰਦੇ ਨੂੰ ਆਉਂਦਾ ਈ ਯਾਦ ਮਗਰੋਂ।

-ਤੀਸ ਮਾਰ ਖਾਂ

## ਅਲ ਕਾਇਦਾ ਵੱਲੋਂ ਭਾਰਤ ਖਿਲਾਫ ਜਿਹਾਦ ਦਾ ਸੱਦਾ

**ਨਵੀਂ ਦਿੱਲੀ :** ਭਾਰਤ-ਪਾਕਿ ਵਿਚਾਲੇ ਵਧਦੇ ਤਣਾਅ ਦਰਮਿਆਨ ਅਲ ਕਾਇਦਾ ਨੇ ਭਾਰਤੀ ਹਥਿਆਰਬੰਦ ਬਲਾਂ ਦੇ 'ਅਪਰੇਸ਼ਨ ਸਿੰਧੂਰ' ਦੀ ਨਿਖੇਧੀ ਕਰਦਿਆਂ ਭਾਰਤੀ ਉਪ-ਮਹਾਂਦੀਪ ਵਿੱਚ ਨਵੇਂ ਸਿਰੇ ਤੋਂ ਜਿਹਾਦ ਦਾ ਸੱਦਾ ਦਿੱਤਾ ਹੈ। ਅਲ ਕਾਇਦਾ ਇਨ ਇੰਡੀਅਨ ਸਬ-ਕੌਂਟੀਨੈਂਟ ਨੇ ਇਕ ਬਿਆਨ ਵਿੱਚ ਕਿਹਾ, 'ਇਸਲਾਮ ਦੇ ਮੁਜਾਹਦੀਨਾਂ ਤੇ ਉਪ ਮਹਾਂਦੀਪ ਦੇ ਮੁਸਲਮਾਨਾਂ ਲਈ ਭਾਰਤ ਖਿਲਾਫ ਇਹ ਜੰਗ ਜਿਹਾਦ ਦੀ ਸਬੀਲਿਲ੍ਹਾ ਹੈ। ਅੱਲ੍ਹਾ ਦੀ ਇਸ ਦੁਨੀਆ ਵਿੱਚ ਇਸਲਾਮ ਤੇ ਮੁਸਲਮਾਨਾਂ ਦੀ ਰਾਖੀ ਤੇ ਉਪ ਮਹਾਂਦੀਪ ਦੇ ਦੱਬੇ-ਕੁਚਲੇ ਲੋਕਾਂ ਦੀ ਹਮਾਇਤ ਲਈ ਇਸ ਸੰਘਰਸ਼/ ਜਿਹਾਦ ਵਿਚ ਕੁੱਦਣਾ ਸਾਡਾ ਫਰਜ਼ ਹੈ। ਹੁਣ ਉਪ-ਮਹਾਂਦੀਪ ਦੇ ਮੁਸਲਮਾਨਾਂ ਲਈ ਇਨ੍ਹਾਂ ਮੰਤਵਾਂ ਦੀ ਹਮਾਇਤ ਵਿਚ ਖੜ੍ਹਨਾ ਪਹਿਲਾਂ ਨਾਲੋਂ ਕਿਤੇ ਵੱਧ ਜ਼ਰੂਰੀ ਹੈ।' ਇਸ ਵਿੱਚ ਕਿਹਾ ਗਿਆ ਹੈ, "6 ਮਈ 2025 ਦੀ ਰਾਤ ਨੂੰ ਭਾਰਤੀ 'ਭਗਵਾ' ਸਰਕਾਰ ਨੇ ਪਾਕਿਸਤਾਨ ਵਿੱਚ ਛੇ ਥਾਵਾਂ 'ਤੇ ਬੰਬ ਧਮਾਕੇ ਕੀਤੇ, ਖਾਸ ਤੌਰ 'ਤੇ ਮਸਜਿਦਾਂ ਅਤੇ ਬਸਤੀਆਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਬੰਬ ਧਮਾਕਿਆਂ ਵਿੱਚ ਕਈ ਮੁਸਲਮਾਨਾਂ ਦੀ ਸ਼ਹਾਦਤ ਅਤੇ ਜ਼ਖਮੀ ਹੋਣ ਦੀ ਖਬਰ ਹੈ, ਬਿਨਾਂ ਸ਼ੱਕ ਇਹ ਬੰਬ ਧਮਾਕਾ 'ਭਗਵਾ' ਨਿਜ਼ਾਮ ਵੱਲੋਂ ਕੀਤੇ ਗਏ ਅਪਰਾਧਾਂ ਦੀ ਲੰਮੀ ਸੂਚੀ ਵਿੱਚ ਇੱਕ ਹੋਰ ਕਾਲਾ ਅਧਿਆਇ ਜੋੜਦਾ ਹੈ।' ਇਸ ਵਿਚ ਅੱਗੇ ਕਿਹਾ ਗਿਆ, 'ਇਹ ਸਭ ਜਾਣਦੇ ਹਨ ਕਿ ਇਸਲਾਮ ਅਤੇ ਮੁਸਲਮਾਨਾਂ ਵਿਰੁੱਧ ਭਾਰਤ ਦੀ ਜੰਗ ਪਹਿਲਗਾਮ ਵਿੱਚ ਹਾਲ ਹੀ ਵਿੱਚ ਵਾਪਰੀ ਘਟਨਾ ਨਾਲ ਸ਼ੁਰੂ ਨਹੀਂ ਹੋਈ ਸੀ, ਇਹ ਹਮਲਾ ਦਹਾਕਿਆਂ ਤੋਂ ਜਾਰੀ ਹੈ।' ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ, 'ਹਿੰਦੂਤਵ ਸੰਚਾਲਤ 'ਭਗਵਾ' ਅੱਤਵਾਦੀ ਅਤੇ ਉਨ੍ਹਾਂ ਦੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਇਸ ਸਮੇਂ ਪੂਰੇ ਉਪ-ਮਹਾਂਦੀਪ ਵਿੱਚੋਂ ਇਸਲਾਮ ਅਤੇ ਮੁਸਲਮਾਨਾਂ ਨੂੰ ਖਤਮ ਕਰਨ ਲਈ ਇੱਕ ਫੌਜੀ, ਰਾਜਨੀਤਕ, ਸੱਭਿਆਚਾਰਕ, ਵਿਚਾਰਧਾਰਕ ਅਤੇ ਮੀਡੀਆ ਅਧਾਰਤ ਯੁੱਧ ਲੜ ਰਹੀ ਹੈ।'



## ਲੋੜਵੰਦ ਬੱਚਿਆਂ ਨੂੰ ਦਿੱਤੇ ਸਕੂਲੀ ਬੈਗ



**ਨਾਭਾ (ਵਰਿੰਦਰ ਵਰਮਾ)**-ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਦੇ ਯੋਗਦਾਨ ਨਾਲ ਸੇਵਾ ਭਾਰਤੀ ਬਾਲ ਸੰਸਕਾਰ ਕੇਂਦਰ ਵਿਖੇ ਲੋੜਵੰਦ ਬੱਚਿਆਂ ਨੂੰ ਸਕੂਲ ਬੈਗ ਦਿੱਤੇ ਗਏ।ਸੰਸਥਾ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਕਿਹਾ ਕਿ ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਮੈਂਬਰਾਂ ਦੇ ਯੋਗਦਾਨ ਨਾਲ ਕੀਤੇ ਜਾਂਦੇ ਹਨ।ਅਸੀ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।ਉਨ੍ਹਾਂ ਕਿਹਾ ਕਿ ਇਹ ਯੋਗਦਾਨ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਕੀਤਾ ਗਿਆ ਹੈ, ਜਿਸ ਵਿੱਚ ਏਕਤਾ ਕਲੋਨੀ ਥੂਹੀ ਰੋਡ ਵਿੱਚ ਬੱਚਿਆਂ ਨੂੰ 35 ਸਕੂਲੀ ਬੈਗ, ਪਿੰਡ ਥੂਹੀ ਵਿਖੇ 17 ਬੱਚਿਆਂ ਨੂੰ ਸਕੂਲੀ ਬੈਗ ਤੇ ਪਿੰਡ ਖੇੜੀ ਗਿੱਲਾ ਵਿਖੇ 27 ਬੱਚਿਆਂ ਨੂੰ ਸਕੂਲੀ ਬੈਗ ਦਿੱਤੇ ਗਏ।ਬੈਗ ਵੰਡਣ ਉਪਰੰਤ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਸੰਸਥਾ ਵੱਲੋਂ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਵਰਦੀਆਂ, ਬੂਟ, ਜੁਰਾਬਾਂ ਤੇ ਸਟੇਸ਼ਨਰੀ ਦਿੱਤੀ ਜਾਂਦੀ ਹੈ ਤਾਂ ਕਿ ਲੋੜਵੰਦ ਬੱਚਿਆਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੁ ਕਿਸੇ ਪ੍ਰਕਾਰ ਦੀ ਮਰੀਜ਼ਾਂ ਨੂੰ ਮੁਸ਼ਕਲ ਦਾ ਸਾਹਮਣਾ ਨਾ ਕਰ ਸਕੇ।ਪ੍ਰਧਾਨ ਨਰਿੰਦਰ ਵਰਮਾ ਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਕਿਹਾ ਕਿ ਇਹ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਇਹ ਬੱਚੇ ਪੜ੍ਹ-ਲਿਖ ਕੇ ਆਪਣੇ ਸੂਬੇ ਤੇ ਦੇਸ਼ ਦਾ ਨਾਂਅ ਰੌਸ਼ਨ ਕਰਨਗੇ।

## ਦੰਦਾਂ ਦੇ ਚੈੱਕਅਪ ਕੈਂਪ ਦੌਰਾਨ 500 ਵਿਦਿਆਰਥੀਆਂ ਦੀ ਜਾਂਚ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੁਹਾੜਾ ਮਾਰਗ 'ਤੇ ਸਥਿਤ ਪਿੰਡ ਭੱਟੀਆਂ ਨੇੜੇ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵਿਖੇ ਦੰਦਾਂ ਦੀ ਜਾਂਚ ਸਬੰਧੀ ਕੈਂਪ ਲਗਾਇਆ ਗਿਆ, ਜਿਸ ਵਿੱਚ ਸੁਸ਼ਾਂਤ ਡੈਂਟਲ ਕਲੀਨਿਕ ਮਾਛੀਵਾੜਾ ਸਾਹਿਬ ਦੀ ਟੀਮ ਪੁੱਜੀ। ਕੈਂਪ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਇਸ ਮੌਕੇ ਸਕੂਲ ਦੇ 500 ਤੋਂ ਵੱਧ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਚੰਗੀ ਮੂੰਹ ਸਿਹਤ ਬਾਰੇ ਦਿਸ਼ਾ ਨਿਰਦੇਸ਼ ਦਿੱਤੇ ਗਏ। ਕੈਂਪ ਦਾ ਉਦੇਸ਼ ਸਕੂਲੀ ਬੱਚਿਆਂ ਵਿੱਚ ਦੰਦਾਂ ਦੀ ਸਫਾਈ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਫਾਈ ਤੇ ਸਿਹਤ ਬਾਰੇ ਜਾਗਰੂਕ ਕੀਤਾ। ਇਸ ਮੌਕੇ ਡਾਕਟਰੀ ਟੀਮ ਨੂੰ ਇੱਕ ਪੌਦਾ, ਜੋ ਵਿਕਾਸ, ਸਦਭਾਵਨਾ ਤੇ ਨਵੇਂ ਰਿਸ਼ਤਿਆਂ ਦੇ ਖਿੜਨ ਨੂੰ ਦਰਸਾਉਂਦਾ ਹੈ, ਨਾਲ ਸਨਮਾਨਤ ਕੀਤਾ ਗਿਆ।

## ਹੱਜ ਯਾਤਰੀਆਂ ਦੀ ਸਹੂਲਤ ਲਈ ਵਿਸ਼ੇਸ਼ ਟੀਕਾਕਰਨ ਕੈਂਪ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਹੱਜ ਕਮੇਟੀ ਵੱਲੋਂ ਸਾਊਦੀ ਅਰਬ ਲਈ ਹੱਜ 'ਤੇ ਜਾਣ ਵਾਲੇ ਪੰਜਾਬ ਭਰ ਦੇ 312 ਹਾਜੀਆਂ ਦਾ ਟੀਕਾਕਰਨ ਕੈਂਪ ਸਥਾਨਕ ਸਾਗਰ ਪੈਲੇਸ ਵਿਖੇ ਲਗਾਇਆ ਗਿਆ।ਕੈਂਪ ਵਿੱਚ ਹੱਜ 'ਤੇ ਜਾਣ ਵਾਲੇ ਹਾਜੀਆਂ ਨੂੰ ਸਿਵਲ ਹਸਪਤਾਲ ਮਾਲੇਰਕੋਟਲਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਖਵਿੰਦਰ ਸਿੰਘ ਦੀ ਅਗਵਾਈ 'ਚ ਹਸਪਤਾਲ ਦੀ ਮੈਡੀਕਲ ਟੀਮ ਸਮੇਤ ਸਮੂਹ ਯਾਤਰੀਆਂ ਨੂੰ ਲੋੜੀਂਦੇ ਟੀਕੇ ਲਗਾਏ ਗਏ।ਕੈਂਪ 'ਚ ਹਲਕਾ ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਧਾਇਕ ਜਮੀਲ ਉਰ ਰਹਿਮਾਨ ਨੇ ਸੰਬੋਧਨ ਕਰਦਿਆਂ ਪਵਿੱਤਰ ਹੱਜ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਯਾਤਰਾ ਦੌਰਾਨ ਆਪਣੇ ਦੇਸ਼ ਦੀ ਤਰੱਕੀ-ਖੁਸ਼ਹਾਲੀ ਤੇ ਆਪਸੀ ਭਾਈਚਾਰੇ ਲਈ ਦੁਆ ਕਰਨ ਦੇ ਨਾਲ-ਨਾਲ ਵਿਸ਼ਵ ਭਰ ਅੰਦਰ ਅਮਨ-ਸ਼ਾਂਤੀ ਬਣੇ ਰਹਿਣ ਦੀ ਵੀ ਦੁਆ ਕਰਨ।ਇਸ ਦੌਰਾਨ ਪੰਜਾਬ ਹੱਜ ਕਮੇਟੀ ਦੇ ਸਮੂਹ ਮੈਂਬਰ, ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ, ਵਿਧਾਇਕ ਦੇ ਪੀ ਏ ਗੁਰਮੁੱਖ ਸਿੰਘ, ਅਸ਼ਰਫ ਅਬਦੁੱਲਾ, ਬਲਾਕ ਪ੍ਰਧਾਨ ਅਬਦੁਲ ਹਲੀਮ, ਬਲਾਕ ਸੋਸ਼ਲ ਮੀਡੀਆ ਇੰਚਾਰਜ ਯਾਸਰ ਅਰਫਾਤ, ਯਾਸੀਨ ਨੇਸ਼ਤੀ, ਸਮਾਜ ਸੇਵੀ ਨਈਮ ਅਨਵਰ ਖਾਂ, ਮੁਹੰਮਦ ਇਖਲਾਕ, ਸਾਗਰ ਪੈਲਸ ਦੇ ਐਮ ਡੀ ਹਾਜੀ ਬੂਸ਼ੀ ਮੁਹੰਮਦ, ਸਗੀਰ ਵਿੱਕੀ, ਚੌਧਰੀ ਗੁਲਾਮ ਰਹਿਮਾਨ ਮੌਜੂਦ ਸਨ।

## ਫਸਟ ਏਡ ਦੀ ਸਿਖਲਾਈ ਲਈ ਜਾਗਰੂਕਤਾ ਸੈਸ਼ਨ ਕਰਵਾਇਆ



**ਪਟਿਆਲਾ (ਬਿੰਦ)**-ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਮੀਤ ਸਿੰਘ ਤੇ ਸੀਨੀਅਰ ਮੈਡੀਕਲ ਅਫਸਰ ਐਮ ਕੇ ਐਚ ਪਟਿਆਲਾ ਡਾ. ਵਿਕਾਸ ਗੋਇਲ ਦੀ ਕੁਆਰਡੀਨੇਸ਼ਨ ਹੇਠ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਤੇ ਡੀ.ਏ.ਵੀ. ਪਬਲਿਕ ਸਕੂਲ ਵਿਖੇ ਜਾਗਰੂਕਤਾ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਐਮ. ਕੇ. ਐਚ ਦਾ ਸਟਾਫ, ਵਾਰਡ ਬੁਆਏ, ਸੁਰੱਖਿਆ ਕਰਮਚਾਰੀ, ਨਰਸਿੰਗ ਵਿਦਿਆਰਥੀ ਤੇ ਹੋਰ ਤਰ੍ਹਾਂ ਦੇ ਸਟਾਫ ਮੈਂਬਰਾਂ ਦੇ ਨਾਲ ਸਕੂਲ ਵਿਦਿਆਰਥੀਆਂ ਨੂੰ ਇਸ ਸੈਸ਼ਨ ਦੌਰਾਨ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਜ਼ਖਮੀਆਂ ਦੀ ਸਿਹਤ ਸੰਭਾਲ, ਟਰੌਮਾ ਕੇਸ ਜਾਂ ਕਿਸੇ ਦੀ ਧੜਕਨ ਰੁਕਨ 'ਤੇ ਸੀ.ਪੀ.ਆਰ. ਦੀ ਸਿਖਲਾਈ ਦਿੱਤੀ ਗਈ। ਇਸ ਮੌਕੇ ਅਮਨਦੀਪ ਸਿੰਘ ਜ਼ਿਲ੍ਹਾ ਮੈਨੇਜਰ 108 ਐਂਬੂਲੈਂਸ ਪੰਜਾਬ ਜੇਨ ਪਲੱਸ ਪ੍ਰਾਈਵੇਟ ਲਿਮਟਿਡ ਜੀਰਕਪੁਰ ਪੰਜਾਬ ਵੱਲੋਂ ਦੱਸਿਆ ਗਿਆ ਕਿ ਕਿਸੇ ਵੀ ਦਿਲ ਦੀ ਧੜਕਣ ਬੰਦ ਹੋਣ 'ਤੇ 30 ਵਾਰ ਚੈਸਟ ਕੰਪਰੈਸ਼ਨ ਦੇਣ ਤੋਂ ਬਾਅਦ 2 ਵਾਰ ਮੂੰਹ ਰਾਹੀਂ ਸਾਹ ਦਿੱਤਾ ਜਾਵੇ।ਸੀ.ਪੀ.ਆਰ. ਦੇਣ ਸਮੇਂ ਰਿਸ਼ੋਸਮੈਨ ਕੀਤੀ ਜਾਣ ਵਾਲੀ ਤਕਨੀਕ ਨੂੰ ਪ੍ਰਦਰਸ਼ਨ ਕਰ ਕੇ ਦਿਖਾਇਆ ਗਿਆ।ਇਸ ਦੇ ਇਲਾਵਾ ਫਸਟ ਏਡ ਵਿੱਚ ਫੌਰੀ ਤੌਰ 'ਤੇ ਕੀਤੇ ਜਾਣ ਵਾਲੇ ਇਲਾਜ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਐੱਸ ਜੇ ਸਿੰਘ, ਡੈਂਟਲ ਡਾ. ਬਲਜਿੰਦਰ ਸਿੰਘ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਬੀ.ਸੀ.ਸੀ. ਕੁਆਰਡੀਨੇਟਰ ਜਸਬੀਰ ਕੌਰ, ਬੀ.ਈ.ਈ. ਸ਼ਾਸ਼ਨ ਜਫਰ, ਐੱਸ ਆਈ ਅਨਿਲ ਗੁਰੂ, ਪਰਮਜੀਤ ਸਿੰਘ, ਰਣ ਸਿੰਘ, ਸੀ ਓ ਲਵਲਿੰਦਰ ਸਿੰਘ, ਐੱਲ.ਐੱਚ.ਵੀ. ਅਨੀਤਾ, ਬਿੱਟੂ ਕੁਮਾਰ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਕੌਮੀ ਲੋਕ ਅਦਾਲਤ ਭਲਕੇ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਤੇ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ ਸ੍ਰੀ ਕਰੁਣੇਸ਼ ਕੁਮਾਰ ਤੇ ਮਾਨਯੋਗ ਸੀ.ਜੇ.ਐਮ-ਕਮ-ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਮਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ 10 ਮਈ ਨੂੰ ਕੌਮੀ ਲੋਕ ਅਦਾਲਤ ਲਾਈ ਜਾ ਰਹੀ ਹੈ।ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਬਲਜਿੰਦਰ ਕੌਰ ਮਾਨ ਨੇ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਫਾਇਦਾ ਲੈਣ ਲਈ ਜ਼ਿਆਦਾ ਤੋਂ ਜ਼ਿਆਦਾ ਕੇਸ ਕੌਮੀ ਲੋਕ ਅਦਾਲਤ ਵਿੱਚ ਨਿਪਟਾਰੇ ਲਈ ਦਾਇਰ ਕਰਨ।ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਨੂੰ ਵੀ ਕੌਮੀ ਲੋਕ ਕਾਨੂੰਨੀ ਸੇਵਾਵਾਂ ਦੀ ਲੋੜ ਹੈ ਤਾਂ ਉਹ ਨੈਸ਼ਨਲ ਹੈਲਪਲਾਈਨ ਨੰਬਰ 15100 'ਤੇ ਕਾਲ ਕਰ ਸਕਦੇ ਹਨ।ਕੌਮੀ ਲੋਕ ਅਦਾਲਤ 'ਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਇਸ ਲੋਕ ਅਦਾਲਤ ਵਿੱਚ ਆਪਣਾ ਕੇਸ ਲਾਉਣ ਲਈ ਇਕ ਦਰਖਾਸਤ ਦੇ ਕੇ ਹੀ ਲੋਕ ਅਦਾਲਤ ਵਿੱਚ ਆਪਣਾ ਕੇਸ ਲਾਇਆ ਜਾ ਸਕਦਾ ਹੈ।ਇਸ ਤੋਂ ਪਹਿਲਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਬਲਜਿੰਦਰ ਕੌਰ ਮਾਨ ਨੇ ਏ.ਡੀ.ਸੀ. ਹੁਲਲ, ਟ੍ਰੈਫਿਕ ਪੁਲਸ, ਆਰ.ਟੀ.ਓ., ਬੈਂਕਾਂ ਅਤੇ ਇੰਸ਼ੋਰੈਂਸ ਕੰਪਨੀਆਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਉਨ੍ਹਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

## ਆਦਿਵਾਸੀਆਂ ਨੂੰ ਨਕਸਲਾਈਟ ਗਰਦਾਨ ਕੇ ਮਾਰ ਦੇਣ ਦੇ ਅਮਲ ਗੈਰ ਇਨਸਾਨੀ : ਮਾਨ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜਦੋਂ ਬੀਜੇਪੀ-ਆਰ ਐਸ ਐਸ ਦੀ ਸਰਪ੍ਰਸਤੀ ਹੇਠ ਵਿਚਰ ਰਹੇ ਵੱਡੇ-ਵੱਡੇ ਅਡਾਨੀ, ਅੰਬਾਨੀ ਵਰਗੇ ਧਨਾਢ ਉਦਯੋਗਪਤੀ ਆਦਿਵਾਸੀਆਂ ਨੂੰ ਨਕਸਲਾਈਟ ਗਰਦਾਨ ਕੇ ਗੈਰ ਇਨਸਾਨੀ ਤੇ ਗੈਰ ਕਾਨੂੰਨੀ ਤੌਰ 'ਤੇ ਮਾਰਕੁਟ ਰਹੀ ਹੈ ਤੇ ਉਨ੍ਹਾਂ ਦੀ ਆਮਦਨ ਦੇ ਸਾਧਨਾਂ, ਜੋ ਉਨ੍ਹਾਂ ਦੀ ਧਰਤੀ ਵਿੱਚ ਖਣਿਜ ਪਦਾਰਥ ਹਨ, ਉਨ੍ਹਾਂ ਨੂੰ ਲੁੱਟਣ ਹਿੱਤ, ਉਨ੍ਹਾਂ ਦੀਆਂ ਜਾਇਦਾਦਾਂ ਖੋਹ ਰਹੇ ਹਨ।ਉਨ੍ਹਾਂ ਦੀਆਂ ਨਿਰਦੋਸ਼ ਮਾਸੂਮ ਬੱਚੀਆਂ ਨੂੰ ਕੇਵਲ ਵਗਾਰ ਦੀ ਤਰ੍ਹਾਂ ਆਪਣੇ ਘਰਾਂ ਵਿਚ ਦਾਸੀਆਂ ਬਣਾ ਕੇ ਮਜ਼ਦੂਰੀ ਕਰਾ ਹੀ ਨਹੀਂ ਰਹੇ, ਬਲਕਿ ਇਨ੍ਹਾਂ ਬੱਚੀਆਂ ਨਾਲ ਖੁਦ ਵੀ ਤੇ ਵੱਡੇ-ਵੱਡੇ ਸ਼ਹਿਰਾਂ ਦੇ ਵਹਿਸ਼ੀਆਂ ਵਿਚ ਜਬਰ-ਜਨਾਹ ਕਰਾਉਣ ਲਈ ਮਜਬੂਰ ਕਰ ਰਹੇ ਹਨ।ਉਨ੍ਹਾਂ ਦੀ ਅਣਖ-ਗੈਰਤ ਅਤੇ ਮਾਲੀ ਸਾਧਨਾਂ ਦੀ ਲੁੱਟ-ਖਸੁੱਟ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੇ।ਉਸ ਸਮੇਂ ਆਦਿਵਾਸੀ ਕਬੀਲਿਆਂ ਦੇ ਨਿਵਾਸੀਆਂ ਨਾਲ ਸਬੰਧਤ ਬੀਬੀ ਦ੍ਰੋਪਦੀ ਮੁਰਮੂ ਜੋ ਇਸ ਸਮੇਂ ਪ੍ਰੈਜ਼ੀਡੈਂਟ ਦੇ ਅਹੁਦੇ 'ਤੇ ਬਿਰਾਜਮਾਨ ਹਨ, ਵੱਲੋਂ ਕੋਈ ਅਮਲੀ ਕਦਮ ਨਾ ਚੁੱਕਣਾ ਅਤਿ ਅਫ਼ਸੋਸਨਾਕ ਕਾਰਵਾਈ ਹੈ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਦਿਵਾਸੀ ਕਬੀਲਿਆਂ ਦੇ ਨਿਵਾਸੀਆਂ ਨਾਲ ਬੀਜੇਪੀ-ਆਰ ਐਸ ਐਸ ਹਕੂਮਤ ਦੇ ਹੋ ਰਹੇ ਗੈਰ-ਇਨਸਾਨੀ ਜ਼ਬਰ ਅਤੇ ਉਨ੍ਹਾਂ ਦੀਆਂ ਬੀਬੀਆਂ ਤੋਂ ਜਬਰੀ ਆਪਣੇ ਘਰਾਂ ਵਿਚ ਕੰਮ ਕਰਾਉਣ ਅਤੇ ਜਬਰ-ਜਨਾਹ ਕਰਨ ਦੀ ਸ਼ਰਮਨਾਕ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਵਿਰੋਧਤਾ ਕਰਦੇ ਹੋਏ ਅਤੇ ਬੀਬੀ ਮੁਰਮੂ ਵੱਲੋਂ ਕੁਝ ਵੀ ਅਮਲ ਨਾ ਕਰਨ ਤੇ ਗਹਿਰਾ ਦੁੱਖ ਜ਼ਾਹਰ ਕਰਦੇ ਹੋਏ ਪ੍ਰਗਟ ਕੀਤੇ।

# ਗਿੱਦੜਬਾਹਾ 'ਚ ਬਣੀਆਂ ਗੈਰ-ਕਾਨੂੰਨੀ ਇਮਾਰਤਾਂ 'ਤੇ ਚੱਲਿਆ ਬੁਲਡੋਜ਼ਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਜਾਰੀ ਹੈ।ਇਸੇ ਲੜੀ ਤਹਿਤ ਅੱਜ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਦੋ ਨਸ਼ਾ ਤਸਕਰਾਂ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਬਣਾਈਆਂ ਗਈਆਂ ਇਮਾਰਤਾਂ ਨੂੰ ਢਾਹਿਆ ਗਿਆ।ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਥਾਣਾ ਗਿੱਦੜਬਾਹਾ ਅਧੀਨ ਨੇੜੇ ਭਾਰੂ ਚੌਂਕ ਗਿੱਦੜਬਾਹਾ ਵਿਖੇ ਜਸਵਿੰਦਰ ਸਿੰਘ ਉਰਫ਼ ਭੱਲਾ ਪੁੱਤਰ ਤਿਰਲੋਕ ਸਿੰਘ ਤੇ ਬਲਜੀਤ ਕੌਰ ਉਰਫ਼ ਬੱਗੋ ਪਤਨੀ ਤੇਜਾ ਸਿੰਘ ਵਾਸੀਆਨ ਨੇੜੇ ਭਾਰੂ ਚੌਂਕ ਗਿੱਦੜਬਾਹਾ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਇਮਾਰਤਾਂ ਬਣਾਈਆਂ ਗਈਆਂ ਸਨ।ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਹੁਣ ਮੌਕੇ ਸੁਰੱਖਿਆ ਪ੍ਰਬੰਧ ਕਰਨ ਦੀਆਂ ਹਦਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਤੋਂ ਬਾਅਦ ਕਾਰਵਾਈ ਕਰਦਿਆਂ ਇਨ੍ਹਾਂ ਇਮਾਰਤਾਂ ਨੂੰ ਢਾਹ ਦਿੱਤਾ ਗਿਆ।ਉਨ੍ਹਾਂ ਦੱਸਿਆ ਕਿ ਇੱਕ ਇਮਾਰਤ ਜਸਵਿੰਦਰ ਸਿੰਘ ਉਰਫ਼ ਭੱਲਾ ਵੱਲੋਂ ਉਸਾਰੀ ਗਈ ਸੀ, ਉਸ ਉੱਪਰ ਨਸ਼ਾ ਤਸਕਰੀ ਤੇ ਚੋਰੀ ਦੇ 3 ਪਰਚੇ ਪਹਿਲਾਂ ਤੋਂ ਹੀ ਦਰਜ ਹਨ ਅਤੇ ਬਲਜੀਤ ਕੌਰ ਉਰਫ਼ ਬੱਗੋ ਦੇ ਖਿਲਾਫ਼ ਨਸ਼ਾ ਤਸਕਰੀ ਦੇ ਦੋ ਮੁਕੱਦਮੇ ਦਰਜ ਹਨ।ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਨੇ ਕਿਹਾ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ, ਉਸ ਨੂੰ ਅਟੈਚ ਕਰਵਾਇਆ ਜਾਵੇਗਾ ਤੇ ਜੇਕਰ ਕਿਸੇ ਨੇ ਸਰਕਾਰੀ ਸੰਪੱਤੀ 'ਤੇ ਕੋਈ ਇਮਾਰਤ ਬਣਾਈ ਤਾਂ ਉਸ ਨੂੰ ਨਸ਼ਟ ਕਰ ਦਿੱਤਾ ਜਾਵੇਗਾ।ਉਨ੍ਹਾਂ ਇਸ ਮੌਕੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਨਿੱਡਰ ਹੋ ਕੇ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖਦੇ ਹੋਏ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਮਨਮੀਤ ਸਿੰਘ ਐੱਸ ਪੀ (ਡੀ), ਅਵਤਾਰ ਸਿੰਘ ਡੀ.ਐੱਸ.ਪੀ ਗਿੱਦੜਬਾਹਾ, ਰਸ਼ਪਾਲ ਸਿੰਘ ਡੀ.ਐੱਸ.ਪੀ. ਐੱਨ ਡੀ ਪੀ ਐੱਸ, ਅਮਨਦੀਪ ਸਿੰਘ ਡੀ ਐੱਸ ਪੀ (ਐੱਚ), ਦੀਪਕ ਭਾਰਦਵਾਜ ਨਾਇਬ ਤਹਿਸੀਲਦਾਰ ਤੇ ਐੱਸ ਆਈ ਦੀਪਿਕਾ ਰਾਣੀ ਐੱਸ.ਐੱਚ.ਓ. ਗਿੱਦੜਬਾਹਾ ਹਾਜ਼ਰ ਸਨ।

# ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀਆਂ ਵੱਲੋਂ ਡਾਇਰੈਕਟਰ ਦਫ਼ਤਰ ਵਿਖੇ ਧਰਨਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਤਾਲਮੇਲ ਕਮੇਟੀ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਵੱਲੋਂ ਸੂਬਾ ਚੇਅਰਮੈਨ ਕੁਲਬੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਡਾਇਰੈਕਟਰ ਦਫ਼ਤਰ ਵਿਖੇ ਧਰਨਾ ਲਾਇਆ ਗਿਆ, ਜਿਸ ਵਿਚ ਪੰਜਾਬ ਭਰ ਤੋਂ ਪੈਰਾ ਮੈਡੀਕਲ ਕਾਮਿਆਂ ਨੇ ਵੱਡੀ ਗਿਣਤੀ ਵਿੱਚ ਇਸਤਰੀ ਮੁਲਾਜ਼ਮਾਂ ਨੇ ਵੀ ਸ਼ਮੂਲੀਅਤ ਕੀਤੀ। ਸੂਬਾ ਕਨਵੀਨਰ ਰਵਿੰਦਰ ਲੂਥਰਾ ਤੇ ਕੋ ਕਨਵੀਨਰ ਇੰਦਰਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਸੂਬਾ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਤੋਂ ਭੱਜ ਰਹੀ ਹੈ।

ਸੱਤਾ ਦੇ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ ਤੇ ਸਿਹਤ ਸੇਵਾਵਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਪਿਛਲੇ ਲੰਬੇ ਸਮੇਂ ਤੋਂ ਸਿਹਤ ਮੁਲਾਜ਼ਮਾਂ ਦੀਆਂ ਮੰਗਾਂ ਜਿਵੇਂ ਸਿਹਤ ਵਿਭਾਗ ਵਿੱਚ ਠੇਕੇ 'ਤੇ, ਆਊਟ ਸੋਰਸਿੰਗ, ਵੱਖ-ਵੱਖ ਸਕੀਮਾਂ ਅਧੀਨ ਤੇ ਐੱਨਐੱਚਐੱਮ ਅਧੀਨ ਕੰਮ ਕਰਦੇ ਮੁਲਾਜ਼ਮਾਂ ਨੂੰ ਤਰੁੰਤ ਰੈਗੂਲਰ ਕਰਨਾ, ਸਿਹਤ ਵਿਭਾਗ ਵਿੱਚ ਖ਼ਾਲੀ ਪਈਆ ਆਸਾਮੀਆਂ ਨੂੰ ਰੈਗੂਲਰ ਤੌਰ 'ਤੇ ਭਰਨਾ, ਡਾਕਟਰ ਪੈਟਰਨਜ਼ ਤੇ ਸਮੂਹ ਪੈਰਾ ਮੈਡੀਕਲ ਕਾਮਿਆਂ ਨੂੰ ਐੱਮਏਸੀਪੀ ਸਕੀਮ ਦਾ ਲਾਭ ਦੇਣਾ, ਸਿਹਤ ਵਿਭਾਗ ਦੇ ਮੁਲਾਜ਼ਮਾਂ ਦੇ ਕੱਟੇ ਭੱਤੇ ਬਹਾਲ ਕਰਨਾ, ਸਮੂਹ ਪੈਰਾ ਮੈਡੀਕਲ ਕਾਮਿਆਂ ਨੂੰ ਪੇਸ਼ੈਂਟ ਕੇਅਰ ਅਲਾਊਸ/ਰਿਸਕ ਭੱਤਾ ਦੇਣਾ, ਸਿਹਤ ਵਿਭਾਗ ਵਿੱਚ ਕੰਮ ਕਰਦਿਆਂ ਵੱਖ-ਵੱਖ ਕੈਟਾਗਰੀ ਦੀਆਂ ਸੂਬਾ ਪੱਧਰ ਤੇ ਡਿਪਟੀ ਡਾਇਰੈਕਟਰ ਦੀ ਅਸਾਮੀ ਦੀ ਰਚਨਾ ਕਰਨਾ, ਪਰੋਬੇਸਨ ਪੀਰੀਅਡ ਦਾ ਸਮਾਂ 3 ਸਾਲ ਤੋਂ ਘਟਾ ਕੇ 1 ਸਾਲ ਦਾ ਕਰਨਾ ਤੇ ਸਮੇਤ ਭੱਤਿਆਂ ਦੇ ਤਨਖਾਹ ਦਿੱਤੀ ਜਾਵੇ, ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੰਜਾਬ ਦਾ ਛੇਵਾਂ ਪੇ ਕਮਿਸ਼ਨ ਲਾਗੂ ਕੀਤਾ ਜਾਵੇ, ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੇ ਪੈਰਾ ਮੈਡੀਕਲ ਕਾਮਿਆਂ ਨੂੰ ਸਿਹਤ ਵਿਭਾਗ ਅਧੀਨ ਲਿਆਂਦਾ ਜਾਵੇ ਤੇ ਰੈਗੂਲਰ ਕੀਤਾ ਜਾਵੇ, ਸ਼ੁੱਧ ਸੀਨੀਆਰਤਾ ਸੂਚੀਆਂ ਜਾਰੀ ਕਰਕੇ ਪੈਰਾ ਮੈਡੀਕਲ ਕਾਮਿਆਂ ਦੀਆਂ ਸਮਾਂ ਬੱਧ ਪ੍ਰਮੋਸ਼ਨਾਂ ਕੀਤੀਆਂ ਜਾਣ ਆਦਿ ਮੰਗਾਂ ਨੂੰ ਮੰਨ ਕੇ ਲਾਗੂ ਨਾ ਕਰਕੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ, ਜਿਸ ਕਰਕੇ ਸਮੂਹ ਪੈਰਾ ਮੈਡੀਕਲ ਕਾਮਿਆਂ ਵਿੱਚ ਸਰਕਾਰ ਵਿਰੁੱਧ ਭਾਰੀ ਰੋਹ ਪਾਇਆ ਜਾ ਰਿਹਾ ਹੈ।

# ਮੁੱਖ ਮੰਤਰੀ ਮਾਨ ਪੰਜਾਬ ਪਾਣੀਆਂ ਦੇ ਅਸਲ ਰਖਵਾਲੇ : ਸਰਪੰਚ ਰਾਜਾ ਮੱਲਕੇ

**ਵਿਧਾਇਕ ਵੱਲੋਂ ਬੀ ਬੀ ਐੱਮ ਬੀ ਦੇ ਫੈਸਲੇ ਦੀ ਫਾਈਲ ਪਾੜਣ ਦੀ ਕੀਤੀ ਸ਼ਲਾਘਾ**

**ਬਾਘਾ ਪੁਰਾਣਾ (ਮਨੀ ਸਿੰਗਲਾ)**-'ਕੇਂਦਰ ਦੀ ਭਾਜਪਾ ਸਰਕਾਰ ਦੀ ਸ਼ਹਿ 'ਤੇ ਗੁਆਂਢੀ ਸੂਬਿਆਂ ਵੱਲੋਂ ਪੰਜਾਬ ਦੇ ਪਾਣੀਆਂ 'ਤੇ ਮਾਰੇ ਜਾ ਰਹੇ ਡਾਕੇ ਨੂੰ ਰੋਕਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਪਾਣੀਆਂ ਦੇ ਅਸਲ ਰੱਖਵਾਲੇ ਸਾਬਿਤ ਹੋਏ ਹਨ, ਕਿਉਂਕਿ ਪਹਿਲਾਂ ਅਕਾਲੀ-ਭਾਜਪਾ ਸਰਕਾਰਾਂ ਤੇ ਫਿਰ ਕਾਂਗਰਸ ਸਰਕਾਰਾਂ 'ਚ ਕਿਸ ਤਰ੍ਹਾਂ ਨਾਲ ਪਾਣੀਆਂ ਦੇ ਮੁੱਦੇ 'ਤੇ ਰਾਜਨੀਤੀ ਕਰ ਕੇ ਪੰਜਾਬ ਦੇ ਵਾਸੀਆਂ ਨੂੰ ਮੂਰਖ ਬਣਾਇਆ ਜਾਂਦਾ ਰਿਹਾ ਹੈ, ਉਹ ਹੁਣ ਸਾਰਿਆਂ ਨੂੰ ਪਤਾ ਲੱਗ ਗਿਆ ਹੈ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪਿੰਡ ਮੱਲਕੇ ਦੇ ਸਰਪੰਚ ਰਾਜਾ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਬੀ.ਬੀ.ਐੱਮ.ਬੀ. ਦੇ ਫੈਸਲੇ ਨੂੰ ਗੈਰ-ਕਾਨੂੰਨੀ ਦੱਸਦਿਆਂ ਫਾਈਲ ਨੂੰ ਵਿਧਾਨ ਸਭਾ ਵਿੱਚ ਪਾੜਣ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿੱਚ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਸਮੇ ਸਮੇਂ 'ਤੇ ਪੰਜਾਬ ਦੇ ਅਹਿਮ ਮੁੱਦਿਆਂ ਨੂੰ ਚੁੱਕਿਆ ਗਿਆ, ਜਿਸ ਲਈ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਪੰਜਾਬ ਦੇ ਲੋਕਾਂ ਦੇ ਲੋਕਪ੍ਰਿਆ ਨੇਤਾ ਬਣ ਗਏ ਹਨ।ਉਨ੍ਹਾਂ ਕਿਹਾ ਕਿ ਵਿਧਾਇਕ ਸੁਖਾਨੰਦ ਵੱਲੋਂ, ਜੋ ਹੁਣ ਪੰਜਾਬ ਵਿਧਾਨ ਸਭਾ ਵਿੱਚ ਪਾਣੀ ਦੇ ਮੁੱਦਿਆਂ ਨੂੰ ਲੈ ਕੇ ਅਵਾਜ਼ ਚੁੱਕੀ ਗਈ ਹੈ, ਉਸ ਦੀ ਪੰਜਾਬ ਦੇ ਕੋਨੇ ਕੋਨੇ ਵਿੱਚ ਚਰਚਾ ਹੋ ਰਹੀ ਹੈ।ਰਾਜਾ ਸਰਪੰਚ ਨੇ ਅਕਾਲੀਆਂ ਤੇ ਕਾਂਗਰਸੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਹਿਲਾਂ ਖਾਨਾ ਪੂਰਤੀ ਕਰਨ ਲਈ ਅਕਾਲੀ ਤੇ ਕਾਂਗਰਸੀ ਸਰਕਾਰਾਂ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਠੋਸ ਪੈਰਵਾਈ ਨਹੀਂ ਕੀਤੀ ਗਈ, ਜਿਸ ਕਰ ਕੇ ਪੰਜਾਬ ਦਾ ਪਾਣੀ ਗੁਆਂਢੀ ਸੂਬਿਆਂ ਨੂੰ ਦਿੱਤਾ ਜਾਂਦਾ ਰਿਹਾ ਹੈ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਕੀਕਤ 'ਚ ਪੰਜਾਬ ਦੇ ਪਾਣੀਆਂ ਦੀ ਡੱਟ ਕੇ ਰੱਖਵਾਲੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਜਾਬ 'ਚ ਪਾਣੀ ਦੀ ਬਹੁਤ ਕਮੀ ਚੱਲ ਰਹੀ ਹੈ, ਜਦਕਿ ਹੁਣ ਗੁਆਂਢੀ ਸੂਬੇ ਪੰਜਾਬ ਦਾ ਪਾਣੀ ਲੁੱਟਣ ਨੂੰ ਫਿਰ ਰਹੇ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਗੁਆਂਢੀ ਸੂਬਿਆਂ 'ਚ ਆਪਣੀਆਂ ਭਾਜਪਾ ਦੀਆਂ ਸਰਕਾਰਾਂ ਨੂੰ ਪੰਜਾਬ ਦਾ ਪਾਣੀ ਦੇਣਾ ਚਾਹੁੰਦੀ ਹੈ, ਜਿਸ ਨੂੰ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਸਫ਼ਾਈ ਮਜ਼ਦੂਰਾਂ ਦੀ ਮੌਤ 'ਤੇ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਦੁੱਖ ਪ੍ਰਗਟ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਬਠਿੰਡਾ ਦੇ ਰਾਮਾ ਮੰਡੀ ਰਿਫਾਇਨਰੀ ਅਧੀਨ ਟਾਊਨਸ਼ਿਪ 'ਚ ਸੀਵਰੇਜ ਦੀ ਸਫ਼ਾਈ ਕਰਨ ਸਮੇਂ ਗੈਸ ਚੜ੍ਹਨ ਨਾਲ 3 ਮਜ਼ਦੂਰਾਂ ਦੀ ਹੋਈ ਮੌਤ ਤੇ ਭਾਰਤੀਆ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਕਿਹਾ ਕਿ ਰਿਫਾਇਨਰੀ ਟਾਊਨਸ਼ਿਪ 'ਚ ਬਹੁਤ ਹੀ ਦੁਖਦਾਈ ਘਟਨਾ ਵਾਪਰੀ ਹੈ, ਜਿਸ ਨੇ 3 ਮਜ਼ਦੂਰਾਂ ਨੂੰ ਨਿਗਲ ਲਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਨਜ਼ਰਾਂ ਵਿੱਚ ਗ਼ਰੀਬਾਂ ਦੀ ਜਾਨ ਦੀ ਕੋਈ ਕੀਮਤ ਨਹੀਂ, ਜਿਨ੍ਹਾਂ ਵੱਲੋਂ ਸ਼ੁਰੂ ਤੋਂ ਹੀ ਗ਼ਰੀਬਾਂ ਨੂੰ ਕੀੜੇ ਮਕੌੜੇ ਹੀ ਸਮਝਿਆ ਜਾਂਦਾ ਹੈ।ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਰਿਫਾਇਨਰੀ ਵਿਖੇ ਸੀਵਰ ਮੈਨਾਂ ਤੋਂ ਕਥਿਤ ਤੌਰ 'ਤੇ ਬਿਨਾਂ ਸੇਫਟੀ ਕਿੱਟਾਂ ਤੋਂ ਹੀ ਸੀਵਰੇਜ ਦੀ ਸਫ਼ਾਈ ਕਰਾਈ ਜਾ ਰਹੀ ਸੀ, ਜਿਸ ਕਾਰਨ ਹੀ ਇਹ ਵੱਡੀ ਘਟਨਾ ਘਟੀ ਹੈ, ਜਿਸ ਸਬੰਧੀ ਉਨ੍ਹਾਂ ਮਿਸ਼ਨ ਦੇ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਸਾਥੀਆਂ ਦੀ ਸਾਰੇ ਮਾਮਲੇ ਦੀ ਜਾਂਚ ਪੜਤਾਲ ਕਰਨ ਲਈ ਡਿਊਟੀ ਲਗਾ ਦਿੱਤੀ ਹੈ।ਮਜ਼ਦੂਰਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਕਰਨ ਵਾਲੇ ਤੇ ਇਸ ਵਿੱਚ ਲਾਪਰਵਾਹੀ ਵਰਤਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਉਨ੍ਹਾਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਾਈ ਜਾਵੇਗੀ ਕੌਮੀ ਪ੍ਰਧਾਨ ਨੇ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਪੂਰੀ ਤਰ੍ਹਾਂ ਨਾਲ ਪੀੜਤ ਪਰਵਾਰਾਂ ਨਾਲ ਖੜਾ ਹੈ, ਉਹ ਖੁਦ ਵੀ ਜਲਦ ਹੀ ਮ੍ਰਿਤਕ ਪਰਵਾਰਾਂ ਦੇ ਘਰ ਜਾਣਗੇ ਤੇ ਉਨ੍ਹਾਂ ਨੂੰ ਹਰ ਪੱਖੋਂ ਇਨਸਾਫ਼ ਦਿਵਾਇਆ ਜਾਵੇਗਾ ਤੇ ਪਰਵਾਰਾਂ ਦੀ ਹਰ ਸੰਭਵ ਮਦਦ ਵੀ ਕੀਤੀ ਜਾਵੇਗੀ।ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨਾਲ ਹੋਰ ਵੀ ਮਿਸ਼ਨ ਦੇ ਆਗੂ ਹਾਜ਼ਰ ਸਨ।

## ਅਲਾਇੰਸ ਇੰਟਰਨੈਸ਼ਨਲ ਸਕੂਲ 'ਚ ਐਥਲੈਟਿਕਸ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਵਿਸ਼ਵ ਐਥਲੈਟਿਕਸ ਦਿਵਸ ਮੌਕੇ ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਵਿਦਿਆਰਥੀਆਂ ਵਿੱਚ ਮਾਨਸਿਕ ਤੇ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਯੋਗਾ ਸੈਸ਼ਨ ਕੀਤਾ।ਇਹ ਪ੍ਰੋਗਰਾਮ ਸਕੂਲ ਕੈਂਪਸ ਵਿਖੇ ਹੋਇਆ ਤੇ ਸਾਰੇ ਗ੍ਰੇਡਾਂ ਦੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ।ਪ੍ਰਸਿੱਧ ਯੋਗਾ ਟ੍ਰੇਨਰ ਸੁਖਦੀਪ ਸਿੰਘ ਨੇ ਸੈਸ਼ਨ ਦਾ ਸੰਚਾਲਨ ਕੀਤਾ।ਉਨ੍ਹਾਂ ਨੇ ਨਿਯਮਤ ਕਸਰਤ, ਧਿਆਨ ਤੇ ਸਹੀ ਖੁਰਾਕ ਦੁਆਰਾ ਇੱਕ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਸੁਖਦੀਪ ਸਿੰਘ ਨੇ ਕਿਹਾ ਕਿ ਯੋਗਾ ਨਾ ਸਿਰਫ਼ ਤੁਹਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਦਾ ਹੈ, ਬਲਕਿ ਤੁਹਾਡੇ ਮਾਨਸਿਕ ਧਿਆਨ ਤੇ ਭਾਵਨਾਤਮਕ ਸਥਿਰਤਾ ਨੂੰ ਵੀ ਮਜ਼ਬੂਤ ਕਰਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਭਰ ਸਿਹਤ ਲਾਭਾਂ ਲਈ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਸਧਾਰਨ ਯੋਗਾ ਅਭਿਆਸਾਂ ਨੂੰ ਸ਼ਾਮਲ ਕਰਨ ਲਈ ਉਤਸ਼ਾਹਤ ਕੀਤਾ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਨਲਿਨੀ ਗਰਗ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ, ਸਰਗਰਮ ਰਹਿਣ ਦੀ ਮਹੱਤਤਾ 'ਤੇ ਚਾਨਣਾ ਪਾਇਆ।ਉਨ੍ਹਾ ਕਿਹਾ ਕਿ ਇਸ ਵਿਸ਼ਵ ਐਥਲੈਟਿਕਸ ਦਿਵਸ 'ਤੇ ਮੈਂ ਚਾਹੁੰਦੀ ਹਾਂ ਕਿ ਤੁਸੀਂ ਸਾਰੇ ਯਾਦ ਰੱਖੋ ਕਿ ਇੱਕ ਸਰਗਰਮ ਸਰੀਰ ਇੱਕ ਸਰਗਰਮ ਮਨ ਵੱਲ ਲੈ ਜਾਂਦਾ ਹੈ।ਤੰਦਰੁਸਤ ਰਹੋ, ਧਿਆਨ ਕੇਂਦਰਤ ਰੱਖੋ ਤੇ ਸਫਲਤਾ ਤੁਹਾਡੇ ਪਿੱਛੇ-ਪਿੱਛੇ ਆਵੇਗੀ।ਪ੍ਰੋਗਰਾਮ ਦਾ ਸਮਾਪਨ ਧੰਨਵਾਦ ਤੇ ਵਿਦਿਆਰਥੀਆਂ ਦੁਆਰਾ ਇੱਕ ਸਿਹਤਮੰਦ ਤੇ ਵਧੇਰੇ ਸਰਗਰਮ ਜੀਵਨ ਸ਼ੈਲੀ ਅਪਣਾਉਣ ਦੇ ਵਾਅਦੇ ਨਾਲ ਹੋਇਆ।

## ਕੌਮੀ ਲੋਕ ਅਦਾਲਤ ਦਾ ਲਾਭ ਉਠਾਉਣ ਜ਼ਿਲ੍ਹਾ ਵਾਸੀ : ਜ਼ਿਲ੍ਹਾ ਤੇ ਸੈਸ਼ਨ ਜੱਜ




**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਮੈਨ-ਕਮ-ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਅਰੁਣ ਗੁਪਤਾ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ 10 ਮਈ ਨੂੰ ਜ਼ਿਲ੍ਹੇ ਵਿੱਚ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ।ਉਨ੍ਹਾਂ ਕਿਹਾ ਕਿ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 10 ਮਈ ਨੂੰ ਸਾਲ 2025 ਦੀ ਦੂਸਰੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹਰੇਕ ਤਰ੍ਹਾਂ ਦੇ ਰਾਜ਼ੀਨਾਮੇ ਯੋਗ ਝਗੜਿਆਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਚਹਿਰੀਆਂ ਫ਼ਤਹਿਗੜ੍ਹ ਸਾਹਿਬ, ਅਮਲੋਹ ਤੇ ਖਮਾਣੋਂ ਦੀ ਸਬ ਅਦਾਲਤਾਂ ਵਿੱਚ ਵੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਜਿਹੜੇ ਵਿਅਕਤੀਆਂ ਦੇ ਕੇਸ ਕਿਸੇ ਅਦਾਲਤ ਵਿੱਚ ਲੰਬਿਤ ਪਏ ਹਨ, ਉਹ ਕੌਮੀ ਲੋਕ ਅਦਾਲਤ ਵਿੱਚ ਆਪਣਾ ਕੇਸ ਲਗਾ ਕੇ ਇਸ ਦਾ ਲਾਭ ਉਠਾ ਸਕਦੇ ਹਨ।

## ਐਨ ਸੀ ਸੀ ਏਅਰ ਵਿੰਗ ਕੈਡਿਟਾਂ ਨੇ ਮਨਾਇਆ ਵਿਸ਼ਵ ਰੈੱਡ ਕਰਾਸ ਦਿਵਸ

**ਨਾਭਾ (ਵਰਿੰਦਰ ਵਰਮਾ)**-ਪੰਜਾਬ ਏਅਰ ਸਕੁਐਡਰਨ ਐਨਸੀਸੀ ਪਟਿਆਲਾ ਤੇ ਗਰੁੱਪ ਹੈੱਡਕੁਆਰਟਰ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਪਬਲਿਕ ਸਕੂਲ ਦੇ ਐਨਸੀਸੀ ਏਅਰ ਵਿੰਗ ਕੈਡਿਟਾਂ ਨੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ।ਏਅਰ ਵਿੰਗ ਕੈਡਿਟਾਂ ਨੇ ਇਸ ਦਿਨ ਨੂੰ ਉਜਾਗਰ ਕਰਦੇ ਹੋਏ ਆਡੀਟੋਰੀਅਮ ਵਿੱਚ ਭਾਸ਼ਣ ਦਿੱਤੇ ਤੇ ਸਾਰਿਆਂ ਤੱਕ ਸੰਦੇਸ਼ ਪਹੁੰਚਾਉਣ ਲਈ ਸਕੂਲ ਦੇ ਅਹਾਤੇ 'ਚ ਇੱਕ ਰੈਲੀ ਵੀ ਕੱਢੀ।ਸਕੂਲ ਦੇ ਹੈੱਡਮਾਸਟਰ ਡਾ. ਡੀਸੀ ਸ਼ਰਮਾ ਨੇ ਕੈਡਿਟਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਤੇ ਕੈਡਿਟਾਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਵੀ ਦੱਸਿਆ।ਇਹ ਸਾਰਾ ਕੰਮ ਪੰਜਾਬ ਪਬਲਿਕ ਸਕੂਲ ਨਾਭਾ ਦੇ ਐਨਸੀਸੀ ਏਅਰ ਵਿੰਗ ਇੰਚਾਰਜ ਚੀਫ਼ ਅਫ਼ਸਰ ਸ਼ਾਹਿਦ ਅਹਿਮਦ ਦੀ ਨਿਗਰਾਨੀ ਹੇਠ ਕੀਤਾ ਗਿਆ।

## ਖੇਤ ਮਜ਼ਦੂਰ ਜਥੇਬੰਦੀਆਂ 20 ਦੀ ਹੜਤਾਲ 'ਚ ਵਧ-ਚੜ੍ਹ ਕੇ ਸ਼ਾਮਲ ਹੋਣਗੀਆਂ



**ਸ਼ਾਹਕੋਟ (ਗਿਆਨ ਸੈਦਪੁਰੀ)**

ਖੇਤ ਮਜ਼ਦੂਰਾਂ ਵਿੱਚ ਕੰਮ ਕਰਨ ਵਾਲੀਆਂ ਵੱਖ-ਵੱਖ ਜਥੇਬੰਦੀਆਂ ਦੀ ਮੀਟਿੰਗ ਭਾਈ ਰਤਨ ਸਿੰਘ ਯਾਦਗਾਰੀ ਟਰੱਸਟ ਜਲੰਧਰ ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 20 ਮਈ ਦੀ ਦੇਸ਼ ਪੱਧਰੀ ਹੜਤਾਲ, ਜੋ ਕਿ ਸੈਂਟਰਲ ਟਰੇਡ ਯੂਨੀਅਨਾਂ ਅਤੇ ਆਜ਼ਾਦ ਸੈਕਟੋਰੀਅਲ ਫੈਡਰੇਸ਼ਨ ਦੇ ਮੰਚ ਤੋਂ ਕੀਤੀ ਜਾ ਰਹੀ ਹੈ, ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦੇ ਪਹਿਲਾਂ ਲਏ ਗਏ ਫੈਸਲੇ ਨੂੰ ਦ੍ਰਿੜ੍ਹਾਇਆ ਗਿਆ। ਚਾਰ ਲੇਬਰ ਕੋਡਜ਼ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦੌਰਾਨ ਪੇਂਡੂ ਅਤੇ ਗਰੀਬ ਲੋਕਾਂ ਦੀਆਂ ਮੰਗਾਂ ਮਨਵਾਉਣ ਲਈ ਪੂਰਾ ਪੇਂਡੂ ਭਾਰਤ ਬੰਦ ਰੱਖਿਆ ਜਾਵੇਗਾ।ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ 2014 ਤੋਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਨੀਤੀਆਂ ਸਨਅਤੀ ਅਤੇ ਖੇਤੀ ਖੇਤਰ ਲਈ ਘਾਤਕ ਸਿੱਧ ਹੋ ਰਹੀਆਂ ਹਨ। ਅਸੀਂ ਵੇਖਿਆ ਹੈ ਕਿ ਇਸ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਲਾਗੂ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਇਹ ਕਾਨੂੰਨ ਤਦ ਹੀ ਰੱਦ ਕਰਨ ਦਾ ਫੈਸਲਾ ਲਿਆ ਗਿਆ, ਜਦੋਂ ਦਿੱਲੀ ਦੀਆਂ ਬਰੂਹਾਂ 'ਤੇ ਜ਼ਬਰਦਸਤ ਅੰਦੋਲਨ ਕੀਤਾ ਗਿਆ। ਤੀਸਰੀ ਵਾਰ ਸੱਤਾ 'ਤੇ ਕਾਬਜ਼ ਹੋਈ ਭਾਜਪਾ ਸਰਕਾਰ ਚਾਰ ਲੇਬਰ ਕੋਡਜ਼ ਲਾਗੂ ਕਰਨ ਦੀ ਤਾਕ ਵਿੱਚ ਹੈ। ਇਹ ਕੋਡਜ਼ ਮਜ਼ਦੂਰਾਂ ਦੇ ਹੱਕਾਂ ਨੂੰ ਡਕਾਰ ਜਾਣ ਵਾਲੇ ਹਨ। ਵਿੱਤ ਮੰਤਰੀ ਨਿਰਮਲ ਸੀਤਾਰਮਨ ਵੱਲੋਂ ਪੇਸ਼ ਕੀਤੇ ਗਏ ਬਜਟ ਵਿੱਚ ਖੇਤੀ ਮਜ਼ਦੂਰ, ਜੋ ਕਿ ਅਨਾਜ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹਨ, ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਮਨਰੇਗਾ ਸਕੀਮ ਲਈ ਐਲੋਕੇਟ ਕੀਤੀ ਜਾਣ ਵਾਲੀ ਰਾਸ਼ੀ ਪਹਿਲਾਂ ਨਾਲੋਂ ਘਟਾ ਦਿੱਤੀ ਗਈ ਹੈ। ਸਰਕਾਰ ਦੀਆਂ ਸਮੁੱਚੀਆਂ ਨੀਤੀਆਂ ਖੇਤ ਮਜ਼ਦੂਰਾਂ ਅਤੇ ਪੇਂਡੂ ਗਰੀਬਾਂ ਦਾ ਘਾਣ ਕਰ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਪੈਦਾ ਕੀਤੇ ਹਾਲਾਤ ਮੰਗ ਕਰਦੇ ਹਨ ਕਿ ਮਜ਼ਦੂਰਾਂ ਦੇ ਏਕੇ ਦੇ ਆਧਾਰ 'ਤੇ ਸੰਘਰਸ਼ ਤੇਜ਼ ਕੀਤਾ ਜਾਵੇ। ਇਸ ਦੇ ਮੱਦੇਨਜ਼ਰ ਅਸੀਂ ਖੇਤ ਮਜ਼ਦੂਰਾਂ ਅਤੇ ਪੇਂਡੂ ਗਰੀਬ ਲੋਕਾਂ ਵਿੱਚ ਕੰਮ ਕਰਨ ਵਾਲੀਆਂ ਸਾਰੀਆਂ ਇਕਾਈਆਂ ਨੂੰ 20 ਮਈ ਦੀ ਹੜਤਾਲ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਆਖਿਆ। ਮੀਟਿੰਗ ਦਾ ਹਿੱਸਾ ਬਣਨ ਵਾਲੇ ਆਗੂਆਂ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਰਾਮ ਸਿੰਘ ਨੂਰਪੁਰੀ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਗੁਰਨਾਮ ਸਿੰਘ ਦਾਊਦ, ਆਲ ਇੰਡੀਆ ਸੰਯੁਕਤ ਕਿਸਾਨ ਸਭਾ ਦੇ ਆਗੂ ਕਰਨੈਲ ਸਿੰਘ ਇੱਕੋਲਾਹਾ, ਕੁੱਲ ਹਿੰਦ ਮਜ਼ਦੂਰ ਯੂਨੀਅਨ ਦੇ ਆਗੂ ਪ੍ਰਕਾਸ਼ ਕਲੇਰ ਆਦਿ ਸ਼ਾਮਿਲ ਹਨ।

## ਸੜਕ ਹਾਦਸੇ 'ਚ ਸਕੂਲੀ ਬੱਚਿਆਂ ਦੀ ਮੌਤ 'ਤੇ ਦੁੱਖ ਪ੍ਰਗਟ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਸਮਾਣਾ-ਪਟਿਆਲਾ ਰੋਡ 'ਤੇ ਵਾਪਰੇ ਦਰਦਨਾਕ ਸੜਕ ਹਾਦਸੇ ਵਿੱਚ 6 ਸਕੂਲੀ ਬੱਚਿਆਂ ਤੇ ਡਰਾਇਵਰ ਦੀ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਮ੍ਰਿਤਕ ਬੱਚਿਆਂ ਦੇ ਸਸਕਾਰ 'ਤੇ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਹਾਦਸੇ ਵਿੱਚ ਜ਼ਖ਼ਮੀ ਹੋਏ ਬਾਕੀ ਬੱਚਿਆਂ ਦਾ ਸ਼ਹਿਰ ਦੇ ਵੱਖ-ਵੱਖ ਹਸਪਤਾਲਾ ਵਿੱਚ ਇਲਾਜ ਚੱਲ ਰਿਹਾ ਹੈ। ਹਾਦਸੇ 'ਤੇ ਦੁੱਖ ਪ੍ਰਗਟ ਕਰਦਿਆਂ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਦੁੱਖ ਅਤੇ ਹਮਦਰਦੀ ਸਾਂਝੀ ਕੀਤੀ।ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰਨ ਅਤੇ ਪੀੜਤ ਪਰਿਵਾਰਾਂ ਨੂੰ ਇਸ ਨਾ ਪੂਰੇ ਹੋਣ ਵਾਲੇ ਘਾਟੇ ਨੂੰ ਸਹਿਣ ਦਾ ਬਲ ਬਖਸ਼ਿਸ਼ ਕਰਨ।

## ...ਸਫ਼ਾ 1 ਦੇ ਬਾਕੀ

### ਨੰਗਲ ਡੈਮ ਦੇ ਗੇਟ ਖੁੱਲ੍ਹਵਾਉਣ...

ਤਨਖਾਹਾਂ ਲੈਂਦੇ ਹਨ, ਕਦੇ ਬੋਲਦੇ ਹਨ ਫਲੱਡ ਆ ਗਏ, ਪਿੰਡ ਖਾਲੀ ਕਰਵਾ ਦਿਓ, ਅਸੀਂ ਲੋਕਾਂ ਦੇ ਤਰਲੇ ਕਰਨ ਲੱਗ ਪੈਂਦੇ ਹਾਂ ਤੇ ਕਦੇ ਬੋਲਦੇ ਹਨ ਹੁਣ ਗੇਟ ਬੰਦ ਕਰਨੇ ਹਨ, ਤੁਸੀਂ ਸੰਭਾਲ ਲਿਓ।ਮੁੱਖ ਮੰਤਰੀ ਨੇ ਕਿਹਾ ਕਿ ਸਾਰਾ ਕੁਝ ਕੇਂਦਰ ਦੇ ਇਸ਼ਾਰੇ 'ਤੇ ਹੋਰ ਰਿਹਾ ਹੈ, ਕੇਂਦਰ ਨੂੰ ਚਾਹੀਦਾ ਕਿ ਉਹ ਐੱਸ ਵਾਈ ਐੱਲ ਨਹਿਰ ਦਾ ਨਾਂਅ ਵਾਈ ਐੱਸ ਐੱਲ ਰੱਖ ਲਵੇ ਤੇ ਯੂ ਪੀ, ਬਿਹਾਰ, ਬੰਗਾਲ ਆਦਿ ਤੱਕ ਜਾਣ ਵਾਲੇ ਯਮੁਨਾ ਨਦੀ ਦੇ ਪਾਣੀ ਨੂੰ ਹਰਿਆਣਾ ਤੇ ਹੋਰ ਸੂਬਿਆਂ ਵਿੱਚ ਭੇਜੇ, ਪਰ ਸਾਡੇ ਤੋਂ ਕੋਈ ਉਮੀਦ ਨਾ ਰੱਖੇ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਸਾਡੇ ਕਿਸਾਨਾਂ ਦੀਆਂ ਮੰਡੀਆਂ ਨੂੰ ਜਾਣ ਵਾਲੀਆਂ ਸੜਕਾਂ ਦਾ 6 ਹਜ਼ਾਰ ਕਰੋੜ ਰੁਪਏ ਦਾ ਆਰ ਡੀ ਐੱਫ ਫੰਡ ਰੋਕੀ ਬੈਠੀ ਹੈ, ਇਹ ਸਾਡੇ ਨਾਲ ਕੋਈ ਲਿਹਾਜ਼ ਨਹੀਂ ਕਰਦੇ, ਫਿਰ ਹੁਣ ਅਸੀਂ ਕਿਉਂ ਕਰਨੀ, ਅਸੀਂ ਵੀ ਹੁਣ ਬੀ ਬੀ ਐੱਮ ਬੀ ਤੋਂ ਹਿਸਾਬ ਮੰਗਣਾ ਸ਼ੁਰੂ ਕਰ ਦਿੱਤਾ ਹੈ ਤੇ ਤਨਖਾਹਾਂ ਰੋਕਣ ਦੇ ਫਰਮਾਨ ਵੀ ਜਾਰੀ ਕਰ ਦਿੱਤੇ ਹਨ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਦਸਾਂ ਨਹੁੰਆਂ ਨਾਲ ਕਮਾਈ ਕਰਨ ਵਾਲੇ ਹਨ ਤੇ ਜਦੋਂ ਅੱਗ ਸਾਡੇ ਘਰਾਂ ਦੇ ਚੁੱਲ੍ਹਿਆਂ ਤੱਕ ਆ ਜਾਵੇ ਤਾਂ ਸਾਨੂੰ ਸੜਕਾਂ 'ਤੇ ਉਤਰਨਾ ਹੀ ਪਏਗਾ।

ਉਨ੍ਹਾ ਕਿਹਾ ਕਿ ਹਰਿਆਣੇ ਦਾ ਤਾਂ ਮੰਨਦੇ ਕਿ ਉਹ ਮਾਣਯੋਗ ਹਾਈ ਕੋਰਟ ਜਾਂਦਾ, ਪਰ ਇੱਥੇ ਤਾਂ ਬੀ ਬੀ ਐੱਮ ਬੀ ਦੇ ਉਹ ਅਧਿਕਾਰੀ ਅਦਾਲਤਾਂ ਵਿੱਚ ਜਾ ਰਹੇ ਹਨ, ਜਿਨ੍ਹਾਂ ਦੇ ਵਕੀਲਾਂ ਦੀਆਂ ਤਨਖਾਹਾਂ ਵੀ ਪੰਜਾਬ ਸਰਕਾਰ ਦੇ ਕੋਟੇ ਵਿਚੋਂ ਜਾਣੀਆਂ ਹਨ। ਉਨ੍ਹਾ ਕਿਹਾ ਕਿ ਹਾਈ ਕੋਰਟ ਨੇ ਕਿਹਾ ਕਿ 2 ਮਈ ਨੂੰ ਜੋ ਦਿੱਲੀ ਮੀਟਿੰਗ ਹੋਈ ਹੈ, ਉਸ ਉੱਤੇ ਫੈਸਲਾ ਲਿਆ ਜਾਵੇ, ਪਰ 2 ਮਈ ਵਾਲੀ ਮੀਟਿੰਗ ਸਿੱਧੇ ਤੌਰ 'ਤੇ ਗੈਰ ਕਾਨੂੰਨੀ ਸੀ ਤੇ ਉਸ ਵਿੱਚ ਤਾਂ ਕੋਈ ਫੈਸਲਾ ਹੀ ਨਹੀਂ ਹੋਇਆ, ਫਰਮਾਨ ਜਾਰੀ ਹੋਏ ਹਨ ਕਿ ਬੀ ਬੀ ਐੱਮ ਬੀ ਦੇ ਕੰਮਾਂ ਵਿੱਚ ਦਖ਼ਲਅੰਦਾਜ਼ੀ ਨਾ ਕਰੇ ਪੰਜਾਬ ਸਰਕਾਰ। ਉਨ੍ਹਾ ਕਿਹਾ ਕਿ ਪੰਜਾਬੀਆਂ ਨੇ ਜੋ ਅੱਜ ਕੀਤਾ ਹੈ, ਚੰਡੀਗੜ੍ਹ ਵਾਲਿਆਂ ਨੂੰ ਪਤਾ ਲੱਗ ਹੀ ਗਿਆ ਹੋਣੈ ਕਿ ਹੁਣ ਤਾਂ ਰੋਪੜ ਵੱਲ ਨੂੰ ਅਸੀਂ ਮੂੰਹ ਨਹੀਂ ਕਰਨਾ। ਉਨ੍ਹਾ ਕਿਹਾ ਕਿ ਅਸੀਂ ਤਾਂ ਕਦੇ ਆਪਣੇ ਹਿੱਸੇ ਦਾ 100 ਫੀਸਦੀ ਪਾਣੀ ਵਰਤਿਆ ਨਹੀਂ ਤੇ ਇਹ 100 ਤੋਂ ਥੱਲੇ ਕਦੇ ਆਏ ਹੀ ਨਹੀਂ। ਉਨ੍ਹਾ ਕਿਹਾ ਕਿ ਬੀ ਬੀ ਐੱਮ ਬੀ ਸਾਡੀ ਜ਼ਮੀਨ 'ਤੇ ਹੀ ਬੈਠ ਤਨਖਾਹਾਂ ਲੈ ਸਾਨੂੰ ਅੱਖਾਂ ਵਿਖਾ ਰਿਹਾ ਹੈ, ਪੰਜਾਬੀ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾ ਕਿਹਾ ਕਿ ਬੀ ਬੀ ਐੱਮ ਬੀ ਇੱਕ ਚਿੱਟਾ ਹਾਥੀ ਹੈ, ਜਿਸ ਦਾ ਸਾਰਾ ਖਰਚਾ ਸਾਡੇ 'ਤੇ ਪਾਇਆ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਜੰਗ ਦੇ ਹਾਲਾਤ 'ਤੇ ਬੈਠਾ ਹੈ ਤੇ ਬੀ ਬੀ ਐੱਮ ਬੀ ਕੇਂਦਰ ਦੇ ਇਸ਼ਾਰੇ 'ਤੇ ਅਜਿਹੇ ਮਾੜੇ ਕੰਮ ਕਰ ਰਹੀ ਹੈ। ਇਨ੍ਹਾਂ ਖ਼ੁਦ ਮੁੱਦਾ ਭਖਾਇਆ ਤੇ ਹੁਣ ਨਜਿੱਠਣ ਵੀ ਲੈਣਾ।ਉਨ੍ਹਾ ਕਿਹਾ ਕਿ ਇਨਸਾਨੀਅਤ ਦੇ ਨਾਤੇ ਜੋ ਪਾਣੀ ਇਨ੍ਹਾਂ ਨੂੰ ਮਿਲ ਰਿਹੈ, ਉਸ ਦਾ ਧੰਨਵਾਦ ਤਾਂ ਕੀ ਕਰਨਾ, ਲਗਦੈ ਅਜਿਹੀਆਂ ਕੋਝਾਂ ਘੜ ਕੇ ਇਨ੍ਹਾਂ ਉਹ ਵੀ ਬੰਦ ਕਰਵਾਉਣੈ।ਉਨ੍ਹਾ ਕਿਹਾ ਕਿ ਜੇਕਰ ਨਾਰਮਲ ਮੀਟਿੰਗ ਕਰਨੀ ਹੋਵੇ ਤਾਂ ਇੱਕ ਮਹੀਨੇ ਦਾ ਨੋਟਿਸ 'ਤੇ ਜੇਕਰ ਅਰਜੈਂਟ ਕਰਨੀ ਹੋਵੇ ਤਾਂ ਇੱਕ ਹਫਤੇ ਦਾ ਨੋਟਿਸ ਦੇਣਾ ਪੈਂਦਾ, ਪਰ ਇਹ ਤਾਂ ਘੰਟਿਆਂ ਵਿੱਚ ਹੋ ਗਿਆ ਹੋ ਗਿਆ... ਕਹਿ ਤੁਰ ਜਾਂਦੇ ਹਨ। ਚੇਅਰਮੈਨ ਦਾ ਹੱਕ ਬਣਦਾ ਕਿ ਸੀ ਐੱਮ ਨੂੰ ਫੋਨ ਕਰੇ ਕਿ ਅਸੀਂ ਨੰਗਲ ਜਾਣਾ, ਪੁਲਸ ਨੂੰ ਵੀ ਨਹੀਂ ਦੱਸਿਆ ਤੇ ਕੰਟਰੋਲ ਰੂਮ ਵਿੱਚ ਫੋਨ ਕਰ ਨੰਗਲ ਪਹੁੰਚ ਗਏ, ਫਿਰ ਸਵਾਗਤ ਤਾਂ ਹਲਕਾ ਵਾਸੀਆਂ ਨੇ ਕਰਨਾ ਹੀ ਸੀ। ਇਸ ਮੌਕੇ ਇਰੀਗੇਸ਼ਨ ਵਿਭਾਗ ਦੇ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਵੀ ਬੀ ਬੀ ਐੱਮ ਬੀ ਦੀ ਤਿੱਖੇ ਸ਼ਬਦਾਂ ਵਿੱਚ ਨੁਕਤਾਚੀਨੀ ਕਰ ਇਸ ਫੈਸਲੇ ਨੂੰ ਗਲਤ ਕਰਾਰ ਦਿੱਤਾ। ਉਨ੍ਹਾ ਕਿਹਾ ਕਿ ਰੇਗਿਸਤਾਨ ਵਿੱਚ ਪਿਆਸਾ ਰਹਿਣ ਵਾਲਾ ਹੀ ਪਾਣੀ ਦੀ ਕੀਮਤ ਜਾਣ ਸਕਦੈ, ਇਨ੍ਹਾਂ ਨੂੰ ਕੀ ਪਤਾ।ਜਦੋਂ ਚੇਅਰਮੈਨ ਮਨੋਜ ਤ੍ਰਿਪਾਠੀ ਚੰਡੀਗੜ੍ਹ ਤੋਂ ਨੰਗਲ ਡੈਮ ਦੇ ਗੇਟ ਖੁੱਲ੍ਹਵਾਉਣ ਡੈਮ 'ਤੇ ਪਹੁੰਚੇ ਤਾਂ ਮੰਤਰੀ ਹਰਜੋਤ ਸਿੰਘ ਬੈਂਸ ਦੇ ਕੱਟੜ ਸਮਰਥਕ ਡਾ. ਸੰਜੀਵ ਗੌਤਮ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਯੂਨੀਵਰਸਿਟੀ ਪੰਜਾਬ), ਸੁਮਿਤ ਤਲਵਾੜਾ, ਐਡਵੋਕੇਟ ਨਿਸ਼ਾਂਤ ਗੁਪਤਾ ਤੇ ਸਰਪੰਚ ਅਮਰੀਕ ਸਿੰਘ ਦੇ ਪੁੱਤਰ ਪ੍ਰੀਤ ਸਿੰਘ ਨੇ ਡੈਮ 'ਤੇ ਬੈਠ ਤ੍ਰਿਪਾਠੀ ਦਾ ਵਿਰੋਧ ਕੀਤਾ। ਦੱਸਿਆ ਜਾ ਰਿਹਾ ਹੈ ਕਿ ਹਾਲਾਂਕਿ ਚੇਅਰਮੈਨ ਵੱਲੋਂ ਡਾ. ਗੌਤਮ ਨੂੰ ਕਈ ਤਰ੍ਹਾਂ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਕਿ ਉਨ੍ਹਾਂ ਉੱਤੇ ਕਾਰਵਾਈ ਵੀ ਹੋ ਸਕਦੀ ਹੈ, ਪਰ ਡਾ. ਗੌਤਮ ਆਪਣੇ ਸਾਥੀਆਂ ਸਣੇ ਨੰਗਲ ਡੈਮ 'ਤੇ ਡਟੇ ਰਹ ਤੇ ਉਨ੍ਹਾਂ ਚੇਅਰਮੈਨ ਦਾ ਵਿਰੋਧ ਕੀਤਾ। ਉਕਤ ਗੱਲ ਦੀ ਭਿਣਕ ਜਿਵੇਂ ਹੀ ਬੈਂਸ ਨੂੰ ਲੱਗੀ ਤਾਂ ਉਹ ਵੀ ਨੰਗਲ ਪਹੁੰਚ ਗਏ। ਪਤਾ ਲੱਗਿਆ ਕਿ ਚੇਅਰਮੈਨ ਸਤਲੁਜ ਸਦਨ ਵਿੱਚ ਗਏ ਹਨ, ਮੰਤਰੀ ਦੇ ਸਮਰਥਕ ਸਦਨ ਬਾਹਰ ਸੜਕ 'ਤੇ ਦਰੀਆਂ ਬਿਛਾ ਤੇ ਟੈਂਟ ਲਗਾ ਬੈਠ ਗਏ। ਲੋਕਾਂ ਦੀ ਮੰਗ ਮੁਤਾਬਕ ਸਦਨ ਦੇ ਗੇਟ ਨੂੰ ਸੰਗਲ ਪਾ ਤਾਲਾ ਲਗਾ ਦਿੱਤਾ ਗਿਆ, ਪੁਲਸ ਫੋਰਸ ਵੱਡੀ ਗਿਣਤੀ ਵਿੱਚ ਨੰਗਲ ਬੀ ਬੀ ਐੱਮ ਬੀ ਸਤਲੁਜ ਸਦਨ ਬਾਹਰ ਪਹੁੰਚੀ ਤੇ ਮੰਤਰੀ ਬੈਂਸ ਨੇ ਐੱਸ ਐੱਸ ਪੀ ਸ਼ੁਭਮ ਅੱਗਰਵਾਲ ਨੂੰ ਕਿਹਾ ਕਿ ਚੇਅਰਮੈਨ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਸਾਡੀ ਪਿੱਠ 'ਤੇ ਛੁਰਾ ਖੋਭਿਆ ਹੈ, ਇਨ੍ਹਾ ਖਿਲਾਫ ਮੁਕੱਦਮਾ ਦਰਜ ਕੀਤਾ ਜਾਵੇ। ਬੈਂਸ ਨੇ ਕਿਹਾ ਕਿ ਸਾਰਾ ਦੇਸ਼ ਸੰਕਟ ਵਿੱਚ ਹੈ, ਜੰਗ ਤੇ ਹਾਲਾਤ ਬਣੇ ਹੋਏ ਹਨ ਤੇ ਇਹ ਚੋਰਮੋਰੀਓਂ ਨੰਗਲ ਡੈਮ ਦੇ ਗੇਟ ਖੋਲ੍ਹ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਮਾਰਨ ਨੂੰ ਘੁੰਮਦੇ ਹਨ। ਵੇਖਦੇ ਹੀ ਵੇਖਦੇ ਲੋਕਾਂ ਦਾ ਹਜੂਮ ਇੱਕਠਾ ਹੋ ਗਿਆ ਤੇ ਬੀ ਬੀ ਐੱਮ ਬੀ ਚੇਅਰਮੈਨ ਦਾ ਸਦਨ ਤੋਂ ਬਾਹਰ ਆਉਣਾ ਔਖਾ ਹੋ ਗਿਆ। ਲੋਕਾਂ ਵਿੱਚ ਭਾਰੀ ਰੋਸ ਸੀ। ਬੈਂਸ ਨੇ ਦੱਸਿਆ ਕਿ ਚੇਅਰਮੈਨ ਪੰਜਾਬ ਤੋਂ ਬਾਹਰ ਜਾਣ ਦੀ ਬੇਨਤੀ ਕਰ ਰਹੇ ਹਨ, ਪਰ ਲੋਕਾਂ ਦਾ ਗੁੱਸਾ ਬਰਕਰਾਰ ਸੀ ਤੇ ਭਾਰੀ ਪੁਲਸ ਫੋਰਸ ਦੀ ਮੌਜੂਦਗੀ ਵਿੱਚ ਜਿਵੇਂ ਹੀ ਚੇਅਰਮੈਨ ਨੂੰ ਸਦਨ ਤੋਂ ਬਾਹਰ ਲਿਆਂਦਾ ਗਿਆ, ਗੁੱਸਾਏ ਲੋਕਾਂ ਨੇ ਉਨ੍ਹਾਂ ਦੀ ਗੱਡੀ ਘੇਰ ਲਈ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਕਾਫੀ ਮੁਸ਼ੱਕਤ ਤੋਂ ਬਾਅਦ ਪੰਜਾਬ ਪੁਲਸ ਉਨ੍ਹਾ ਨੂੰ ਸੁਰੱਖਿਅਤ ਨੰਗਲ ਤੋਂ ਬਾਹਰ ਛੱਡ ਆਈ, ਜਿਸ ਤੋਂ ਬਾਅਦ ਮੁੱਖ ਮੰਤਰੀ ਦੀ ਐਂਟਰੀ ਹੋਈ ਤੇ ਉਨ੍ਹਾ ਲੋਕਾਂ ਵਿੱਚ ਕਰੀਬ 18 ਮਿੰਟ ਭਾਸ਼ਣ ਦਿੱਤਾ ਤੇ ਫਿਰ ਸਦਨ ਵਿੱਚ ਜਾ ਕੇ ਪ੍ਰੈੱਸ ਵਾਰਤਾ ਕੀਤੀ।

## ਕਿਸਾਨ ਆਗੂ ਘੁਡਾਣੀ 'ਤੇ ਪਰਚਾ ਕਰਕੇ ਜੇਲ ਭੇਜਣਾ ਲੋਕਤੰਤਰ ਦਾ ਘਾਣ : ਰੁਪਾਲੋਂ



**ਦੋਰਾਹਾ (ਹਰਮਿੰਦਰ ਸੇਠ)**-ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਗੱਲ ਕਰਨੀ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰਨਾ ਸਾਡਾ ਸੰਵਿਧਾਨਕ ਹੱਕ ਹੈ। ਲੋਕਾਂ ਨੂੰ ਇਹ ਅਧਿਕਾਰ ਹੈ ਕਿ ਉਹ ਆਪਣੇ ਚੁਣੇ ਹੋਏ ਨੁਮਾਇੰਦਿਆਂ ਤੋਂ ਸਵਾਲ ਕਰ ਸਕਦੇ ਹਨ, ਪਰ ਪੰਜਾਬ ਸਰਕਾਰ ਵੱਲੋਂ ਲਗਾਤਾਰ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਲੋਕਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਉੱਤੇ ਪਰਚੇ ਦਰਜ ਕੀਤੇ ਜਾ ਰਹੇ ਹਨ ਅਤੇ ਕਿਸਾਨ ਆਗੂ ਸੌਦਾਗਰ ਸਿੰਘ ਘੁਡਾਣੀ 'ਤੇ ਪਰਚਾ ਦਰਜ ਕਰਕੇ ਜੇਲ੍ਹ ਭੇਜਣਾ ਲੋਕਤੰਤਰ ਦਾ ਘਾਣ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਮੈਂਬਰ ਭਰਤੀ ਕਮੇਟੀ ਪੰਜਾਬ ਤੇ ਸ੍ਰੀ ਫਤਿਹਗੜ੍ਹ ਸਾਹਿਬ ਦੇ ਅਬਜ਼ਰਵਰ ਸੰਦੀਪ ਸਿੰਘ ਰੁਪਾਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਜਦੋਂ ਪਹਿਲੀਆਂ ਸਰਕਾਰਾਂ ਤੋਂ ਆਮ ਆਦਮੀ ਪਾਰਟੀ ਦੇ ਲੋਕ ਤੇ ਕਿਸਾਨ ਆਗੂ ਸਵਾਲ ਪੁੱਛਦੇ ਸੀ ਤਾਂ ਆਮ ਆਦਮੀ ਵੱਲੋਂ ਇਸ ਨੂੰ ਲੋਕਾਂ ਦਾ ਹੱਕ ਦੱਸਿਆ ਜਾ ਰਿਹਾ ਸੀ, ਪਰ ਹੁਣ ਜਦੋਂ ਲੋਕ ਇਨ੍ਹਾਂ ਤੋਂ ਸਵਾਲ ਪੁੱਛਦੇ ਹਨ ਤਾਂ ਇਹ ਮਾਹੌਲ ਖਰਾਬ ਕਰਨ ਦਾ ਇਲਜ਼ਾਮ ਲਗਾ ਕੇ ਲੋਕਾਂ ਉੱਤੇ ਨਜਾਇਜ਼ ਪਰਚੇ ਦਰਜ ਕਰਵਾ ਰਹੇ ਹਨ। ਕਿਸਾਨ ਆਗੂਆਂ ਵੱਲੋਂ ਲਗਾਏ ਗਏ ਹਰ ਸੰਘਰਸ਼ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਸੜਕਾਂ ਵੀ ਰੋਕਦੇ ਸੀ, ਟ੍ਰੈਫਿਕ ਵੀ ਜਾਮ ਕਰਦੇ ਸਨ ਤੇ ਰੇਲਾਂ ਵੀ ਰੋਕਦੇ ਸੀ, ਹੁਣ ਜਦੋਂ ਵਾਰੀ ਆਪਣੀ ਆਈ ਤਾਂ ਕਿਸਾਨ ਮਜ਼ਦੂਰ ਆਗੂ ਬੁਰੇ ਲੱਗਣ ਲੱਗ ਪਏ। ਅਸੀਂ ਸੁਦਾਗਰ ਸਿੰਘ ਉੱਤੇ ਕੀਤੇ ਗਏ ਪਰਚੇ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ ਤੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।

## ਸਾਲਾਨਾ ਭੰਡਾਰਾ ਧੂਮਧਾਮ ਨਾਲ ਮਨਾਇਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੀਰ ਬਾਬਾ ਕਾਜ਼ੀ ਮਾਜੀ ਕਮੇਟੀ ਵੱਲੋਂ ਕਰਾਏ ਗਏ ਭੰਡਾਰੇ 'ਚ ਜਿੱਥੇ ਸੰਗਤਾਂ ਨੇ ਹਾਜ਼ਰੀ ਭਰੀ, ਉੱਥੇ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਵਿਸ਼ੇਸ਼ ਤੌਰ 'ਤੇ ਨਮਸਤਕ ਹੋਏ।ਮੈਡਮ ਦਾਮਨ ਬਾਜਵਾ ਨੇ ਸਮੂਹ ਸੰਗਤਾਂ ਨੂੰ ਸਾਲਾਨਾ ਭੰਡਾਰੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਤੇ ਸਮੂਹ ਪੀਰ ਬਾਬਾ ਕਾਜੀ ਮਾਜੀ ਕਮੇਟੀ ਮੈਂਬਰ ਸਹਿਬਾਨਾਂ ਦਾ ਧੰਨਵਾਦ ਕੀਤਾ। ਦਾਮਨ ਬਾਜਵਾ ਦਾ ਪੀਰ ਬਾਬਾ ਕਾਜੀ ਮਾਜੀ ਸੇਵਾਦਾਰ ਵੈਲਫੇਅਰ ਕਮੇਟੀ ਵੱਲੋਂ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਕਮੇਟੀ ਮੈਂਬਰ ਮੰਗਤ ਸਿੰਘ, ਸੁੱਖਾ ਸਿੰਘ, ਕ੍ਰਿਸ਼ਨ ਸਿੰਘ, ਗੁਰਮੁੱਖ ਸਿੰਘ ਟਿੱਬੀ, ਅਬਦੁਲ ਰਹਿਮਾਨ, ਪਵਨ ਆਦਿ ਸਮੂਹ ਪੀਰ ਬਾਬਾ ਕਾਜ਼ੀ ਮਾਜੀ ਕਮੇਟੀ ਹਾਜ਼ਰ ਸਨ।

## ਡੀ ਟੀ ਐੱਫ਼ ਦੇ ਵਫ਼ਦ ਨੇ ਬੀ ਪੀ ਈ ਓ ਨੂੰ ਦਿੱਤਾ ਮੰਗ ਪੱਤਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਬਲਾਕ ਤਲਵੰਡੀ ਸਾਬੋ ਦੇ ਪ੍ਰਾਇਮਰੀ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਬਲਾਕ ਤਲਵੰਡੀ ਸਾਬੋ ਦਾ ਵਫਦ ਬਲਾਕ ਪ੍ਰਧਾਨ ਭੋਲਾ ਤਲਵੰਡੀ ਅਤੇ ਰਣਦੀਪ ਕੌਰ ਖਾਲਸਾ, ਬਲਾਕ ਸਕੱਤਰ ਦੀ ਅਗਵਾਈ ਹੇਠ ਬੀ.ਪੀ.ਈ.ਓ.ਦਫਤਰ ਵਿੱਚ ਹਾਜ਼ਰ ਅਧਿਕਾਰੀ ਅਜੇ ਕੁਮਾਰ ਨੂੰ ਮਿਲਿਆ।ਮੀਟਿੰਗ ਦੌਰਾਨ ਜਥੇਬੰਦੀ ਨੇ ਬੀ.ਪੀ.ਈ.ਓ. ਤੋਂ ਮੰਗ ਕੀਤੀ ਕਿ ਤਲਵੰਡੀ ਸਾਬੋ ਬਲਾਕ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਰਾਜਨੀਤਕ ਦਖਲਅੰਦਾਜ਼ੀ ਬੰਦ ਕਰਕੇ ਅਧਿਆਪਕਾਂ ਦੇ ਡੈਪੂਟੇਸ਼ਨ, ਉਨ੍ਹਾਂ ਦੀ ਸਹਿਮਤੀ ਨਾਲ ਕੀਤੇ ਜਾਣ।ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕਿ ਡੈਪੂਟੇਸ਼ਨ ਤੇ ਗਏ ਅਧਿਆਪਕਾਂ ਦੇ ਡੈਪੂਟੇਸ਼ਨ ਰੱਦ ਕਰਕੇ ਉਨ੍ਹਾਂ ਨੂੰ ਪਿਤਰੀ ਸਕੂਲਾਂ ਵਿੱਚ ਭੇਜਿਆ ਜਾਵੇ।ਇਸ ਤੋਂ ਇਲਾਵਾ ਜਥੇਬੰਦੀ ਵੱਲੋਂ ਇਨਕਮ ਟੈਕਸ ਰਿਟਰਨ ਭਰਨ ਲਈ ਜਲਦੀ ਤੋਂ ਜਲਦੀ ਅਧਿਆਪਕਾਂ ਨੂੰ 16 ਨੰਬਰ ਫਾਰਮ, ਤਨਖਾਹ ਦੇ ਬਿੱਲ ਸਹੀ ਸਮੇਂ ਤੇ ਬਣਾ ਕੇ ਖਜ਼ਾਨਾ ਦਫ਼ਤਰ ਪੁੱਜਦੇ ਕਰਨ, ਬਲਾਕ ਦੇ ਸਕੂਲਾਂ ਵਿੱਚ ਡੈਪੂਟੇਸ਼ਨ ਕਰਨ ਦੇ ਸਹੀ ਮਾਪਦੰਡ ਬਣਾਉਣ ਤੋਂ ਇਲਾਵਾ ਹੋਰ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਗਈ।ਬਲਾਕ ਅਧਿਕਾਰੀ ਵੱਲੋਂ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਸਬੰਧਤ ਅਧਿਕਾਰੀ ਤੱਕ ਪੁਜਦਾ ਕਰਕੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਚੇਅਰਮੈਨ ਰਮਨ ਬਹਿਲ ਵੱਲੋਂ ਪਿੰਡ ਪੰਧੇਰ ਦਾ ਦੌਰਾ

**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਬੀਤੀ ਰਾਤ ਭਾਰਤੀ ਫੌਜ ਦੁਆਰਾ ਚਲਾਏ ਗਏ ਆਪ੍ਰੇਸ਼ਨ ਸਿੰਧੂਰ ਦੌਰਾਨ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਪੰਧੇਰ ਵਿਖੇ ਬੰਬ ਦੇ ਕੁਝ ਟੁਕੜੇ ਡਿੱਗਣ ਦੀ ਖ਼ਬਰ ਮਿਲਣ 'ਤੇ ਪੰਜਾਬ



ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਸਥਿਤੀ ਦਾ ਜਾਇਜ਼ਾ ਲੈਣ ਲਈ ਅੱਜ ਪਿੰਡ ਪੰਧੇਰ ਦਾ ਦੌਰਾ ਕੀਤਾ ਗਿਆ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਅੱਤਵਾਦ ਦੇ ਖ਼ਿਲਾਫ਼ ਇਸ ਲੜਾਈ ਵਿੱਚ ਪੂਰਾ ਦੇਸ਼ ਇੱਕਜੁੱਟ ਹੈ ਅਤੇ ਸਾਨੂੰ ਸਾਡੀ ਭਾਰਤੀ ਫੌਜ ਅਤੇ ਆਪਣੇ ਵੀਰ ਜਵਾਨਾਂ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ 140 ਕਰੋੜ ਦੇਸ਼ ਵਾਸੀ ਭਾਰਤੀ ਫੌਜ ਦੇ ਨਾਲ ਖੜ੍ਹੇ ਹਨ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਬਾਹਦਰ ਲੋਕ ਹਮੇਸ਼ਾ ਹੀ ਜਵਾਨਾਂ ਦੀ ਹਿੰਮਤ ਅਤੇ ਹੌਸਲੇ ਲਈ ਦੇਸ਼ ਦੀ ਫੌਜ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਇਸ ਯੁੱਧ ਦੀ ਸਥਿਤੀ ਮੌਕੇ ਵੀ ਸਰਹੱਦੀ ਖੇਤਰ ਦੇ ਵਾਸੀਆਂ ਦੇ ਜਜ਼ਬੇ ਨੂੰ ਸਲਾਮ ਹੈ ਜੋ ਭਾਰਤੀ ਫੌਜ ਦਾ ਸਾਥ ਦੇਣ ਲਈ ਹਮੇਸ਼ਾ ਦੀ ਵਾਂਗ ਤਿਆਰ ਬਰ ਤਿਆਰ ਹਨ। ਚੇਅਰਮੈਨ ਬਹਿਲ ਨੇ ਕਿਹਾ ਕਿ ਪਾਕਿਸਤਾਨ ਨੂੰ ਆਪਣੀਆਂ ਨਾ-ਪਾਕ ਹਰਕਤਾਂ ਤੋਂ ਬਾਜ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜੇ ਵੀ ਪਾਕਿਸਤਾਨ ਬਾਜ ਨਾ ਆਇਆ ਤਾਂ ਭਾਰਤ ਵੱਲੋਂ ਇਸ ਦਾ ਮੂੰਹ ਤੋੜ ਜੁਆਬ ਦਿੱਤਾ ਜਾਵੇਗਾ।

# ਅਪ੍ਰੇਸ਼ਨ ਸਿੰਧੂਰ ਦੀ ਕਾਮਯਾਬੀ 140 ਕਰੋੜ ਭਾਰਤ ਵਾਸੀਆਂ ਦੀ ਕਾਮਯਾਬੀ : ਹੀਰਾ ਵਾਲੀਆ

**● ਇਸ ਕਾਮਯਾਬੀ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਰਤੀ ਸੈਨਾ ਦੇ ਸਿਰ ਸੱਜਦਾ ਹੈ**

**ਬਟਾਲਾ (ਤਰਲੋਕ ਬੱਗਾ)**- ਬੀਤੀ 22 ਅਪ੍ਰੈਲ ਨੂੰ ਪਾਕਿਸਤਾਨੀ ਅੱਤਵਾਦੀਆਂ ਵੱਲੋਂ ਪਹਿਲਗਾਮ ਵਿਖੇ ਧਰਮ ਦੇ ਨਾਂ 'ਤੇ 26 ਨਿਰਦੋਸ਼ ਸੈਲਾਨੀਆਂ ਦੀ ਹੱਤਿਆ ਦਾ ਬਦਲਾ ਭਾਰਤੀ ਸੈਨਾ ਵੱਲੋਂ 15 ਦਿਨ ਬਾਅਦ 6 ਮਈ ਦੀ ਰਾਤ ਨੂੰ ਲੈਣ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਸੈਨਾ ਨੂੰ ਵਧਾਈ ਦਿੱਤੀ ਗਈ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਪ੍ਰਧਾਨ ਮੰਤਰੀ ਅਤੇ ਦੇਸ਼ ਦੀ ਸੈਨਾ 'ਤੇ ਮਾਣ ਹੈ। ਅੱਤਵਾਦੀਆਂ ਖਿਲਾਫ ਇਸ ਜੰਗ ਵਿੱਚ 140 ਕਰੋੜ ਭਾਰਤ ਵਾਸੀ ਕੇਂਦਰ ਸਰਕਾਰ ਅਤੇ ਭਾਰਤੀ ਸੈਨਾ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਭਾਰਤੀ ਸੈਨਾ ਦਾ ਸਾਹਸ ਹੀ ਹਰ ਦੇਸ ਵਾਸੀ ਦਾ ਵਿਸ਼ਵਾਸ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਹਿਲਗਾਮ ਹੱਤਿਆ ਕਾਂਡ ਦਾ ਬਦਲਾ ਲੈਣ ਲਈ ਸੈਨਾ ਨੂੰ ਪੂਰੀ ਛੂਟ ਦਿੱਤੀ ਗਈ ਜਿਸ ਦੇ ਚੱਲਦਿਆਂ ਆਪ੍ਰੇਸ਼ਨ ਸਿੰਧੂਰ ਦੇ ਤਹਿਤ ਬੀਤੀ ਰਾਤ ਭਾਰਤੀ ਸੈਨਾ ਵੱਲੋਂ ਪਾਕਿਸਤਾਨ ਅਤੇ ਪੀ ਓ ਕੇ ਵਿਖੇ ਅਲੱਗ ਅਲੱਗ ਥਾਵਾਂ 'ਤੇ 9 ਅੱਤਵਾਦੀ ਕੈਂਪਾਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਦੇ ਠਿਕਾਣੇ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਗਏ। ਜਿਸ ਵਿੱਚ ਅੱਤਵਾਦੀ ਸੰਗਠਨ ਲਸ਼ਕਰ ਏ ਤਾਇਬਾ, ਜੈਸ਼ ਏ ਮੁਹੰਮਦ, ਹਿਜ਼ਬੁਲ ਮੁਜਾਹਿਦੀਨ ਵਰਗੇ ਭਾਰਤ ਵਿਰੋਧੀ ਅੱਤਵਾਦੀ ਸੰਗਠਨਾਂ ਦੇ ਸਾਰੇ ਅੱਡੇ ਇਸ ਸਿੰਧੂਰ ਆਪ੍ਰੇਸਨ ਦੇ ਤਹਿਤ ਮਿਜ਼ਾਇਲ ਅਟੈਕ ਵਿੱਚ ਤਬਾਹ ਹੋ ਗਏ ਤੇ 100 ਤੋਂ ਵੀ ਜ਼ਿਆਦਾ ਅੱਤਵਾਦੀ ਮਾਰੇ ਗਏ ਅਤੇ ਵੱਡੇ ਗਿਣਤੀ ਵਿੱਚ ਜ਼ਖਮੀ ਵੀ ਹੋਏ। ਉਨ੍ਹਾਂ ਕਿਹਾ ਕਿ ਸਮੂਹ ਭਾਰਤ ਵਾਸੀ ਕੇਂਦਰ ਸਰਕਾਰ ਅਤੇ ਭਾਰਤੀ ਸੈਨਾ ਦੀ ਇਸ ਕਾਰਵਾਈ ਦਾ ਪੂਰਾ ਸਮਰਥਨ ਕਰਦੇ ਹਨ। ਉਨਾਂ ਕਿਹਾ ਕਿ ਪਾਕਿਸਤਾਨ ਆਪਣੇ ਦੇਸ਼ ਵਿੱਚ ਅੱਤਵਾਦੀਆਂ ਨੂੰ ਪੂਰੀ ਟ੍ਰੇਨਿੰਗ ਦੇ ਕੇ ਜਿੱਥੇ ਉਨਾਂ ਨੂੰ ਪਨਾਹ ਦਿੰਦਾ ਸੀ ਉਥੇ ਉਹ ਅੱਤਵਾਦੀਆਂ ਨੂੰ ਭਾਰਤ ਵਿੱਚ ਲਗਾਤਾਰ ਅਰਾਜਕਤਾ ਫੈਲਾਉਣ ਦੀ ਫਿਰਾਕ ਵਿਚ ਰਹਿੰਦਾ ਸੀ। ਉਨ੍ਹਾਂ ਕਿਹਾ ਕਿ ਭਾਰਤੀ ਸੈਨਾ ਵੱਲੋਂ ਪਾਕਿਸਤਾਨ ਵਿੱਚ ਸਿਰਫ ਅੱਤਵਾਦੀਆਂ ਦੇ ਠਿਕਾਣਿਆਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ, ਜਦਕਿ ਆਮ ਪਾਕਿਸਤਾਨੀ ਨਾਗਰਿਕਾਂ ਦੀ ਸੁਰੱਖਿਆ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਗਿਆ। ਇਹ ਸਿਰਫ ਭਾਰਤੀ ਫੌਜ ਹੀ ਕਰ ਸਕਦੀ ਹੈ ਕਿ ਜਿੱਥੇ ਗੁਨਾਹਗਾਰ ਨੂੰ ਬਖਸ਼ਿਆ ਨਾਂ ਜਾਵੇ ਉਥੇ ਕਿਸੇ ਵੀ ਬੇਕਸੂਰ ਆਮ ਨਾਗਰਿਕ ਦਾ ਬਚਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅੱਜ ਉਹ ਸਮਾਂ ਹੈ ਕਿ ਸਾਨੂੰ ਸਾਰਿਆਂ ਨੂੰ ਆਪਸੀ ਸਾਰੇ ਭੇਦਭਾਵ ਮਿਟਾ ਅਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਆਪਣੀ ਕੇਂਦਰ ਸਰਕਾਰ ਅਤੇ ਭਾਰਤੀ ਜਵਾਨਾਂ ਨੂੰ ਉਨ੍ਹਾਂ ਵੱਲੋਂ ਆਤੰਕੀਆਂ ਖਿਲਾਫ ਉਠਾਏ ਜਾ ਰਹੇ ਹਰੇਕ ਕਦਮ ਨੂੰ ਆਪਣਾ ਪੂਰਾ ਸਮਰਥਨ ਦਿੰਦੇ ਹੋਏ ਉਨ੍ਹਾਂ ਦੀ ਪੂਰੀ ਹੌਂਸਲਾ ਅਫਜ਼ਾਈ ਕੀਤੀ ਜਾਵੇ।

# ਧਾਲੀਵਾਲ ਨੇ 5 ਗੁੱਜਰ ਪਰਵਾਰਾਂ ਨੂੰ 5 ਲੱਖ ਰੁਪਏ ਦੀ ਰਾਸ਼ੀ ਕੀਤੀ ਭੇਟ



**ਰਾਜਾਸਾਂਸੀ/ਅੰਮ੍ਰਿਤਸਰ (ਸੁਖਵਿੰਦਰ ਸਿੰਘ ਰਾਜੂ ਅਜਨਾਲਾ)**- ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵਲੋਂ ਹਲਕਾ ਰਾਜਾਸਾਂਸੀ ਦੇ ਪਿੰਡ ਅਦਲੀਵਾਲ/ ਮੁਗਲਾਨੀਕੋਟ ਵਿਖੇ ਉਨ੍ਹਾਂ 5 ਗੁੱਜਰ ਪੀੜਤ ਪਰਵਾਰਾਂ ਨਾਲ ਮਿਲ ਕੇ ਹਮਦਰਦੀ ਪ੍ਰਗਟ ਕਰਦਿਆਂ ਰੈੱਡ ਕਰਾਸ ਫੰਡ 'ਚੋਂ 5 ਲੱਖ ਰੁਪਏ ਰਾਸ਼ੀ ਦੇ ਚੈੱਕ ਭੇਟ ਕੀਤੇ ਗਏ , ਜਿਨ੍ਹਾਂ ਗੁੱਜਰ ਪਰਵਾਰਾਂ ਦੇ ਬੀਤੀ 1 ਮਈ ਦੀ ਰਾਤ ਨੂੰ ਕੁਦਰਤੀ ਆਫਤ ਤੇਜ਼ ਝੱਖੜ ਕਾਰਨ ਕਣਕ ਦੇ ਖੇਤਾਂ 'ਚ ਨਾੜ ਨੂੰ ਅਚਨਚੇਤੀ ਅੱਗ ਲੱਗਣ ਦੇ ਨਤੀਜੇ ਵਜੋਂ 5 ਰਿਹਾਇਸ਼ੀ ਡੇਰੇ ਸੜ ਕੇ ਰਾਖ ਹੋਣ ਤੋਂ ਇਲਾਵਾ 3 ਦਰਜਨ ਦੇ ਕਰੀਬ ਦੁਧਾਰੂ ਮੱਝਾਂ ਸੜ ਕੇ ਹਲਾਕ ਹੋਣ ਅਤੇ 30 ਦੇ ਕਰੀਬ ਹੋਰ ਮੱਝਾਂ ਝੁਲਸਣ ਸਮੇਤ ਨਕਦੀ ਤੇ ਗਹਿਣੇ ਸੜ ਕੇ ਸੁਆਹ ਹੋ ਗਏ ਸਨ।ਉਨ੍ਹਾਂ ਨੇ ਪੀੜਤ 5 ਗੁੱਜਰ ਪਰਵਾਰਾਂ ਨੂੰ ਪ੍ਰਤੀ ਪਰਵਾਰ 1-1 ਲੱਖ ਰੁਪਏ ਦੇ ਹਮਦਰਦੀ ਦੀ ਨਾਲ ਚੈੱਕ ਭੇਟ ਕਰਦਿਆਂ ਇਸ ਗੱਲ ਦਾ ਵੀ ਐਲਾਨ ਕੀਤਾ ਕਿ ਉਹ ਨਿੱਜੀ ਤੌਰ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਇਨ੍ਹਾਂ ਪੀੜਤਾਂ ਦਾ ਮਾਮਲਾ ਉਠਾ ਕੇ ਮੁੱਖ ਮੰਤਰੀ ਰਾਹਤ ਫੰਡ 'ਚੋਂ ਯੋਗ ਵਿੱਤੀ ਸਹਾਇਤਾ ਵੀ ਦਿਵਾਉਣਗੇ। ਉਨ੍ਹਾਂ ਨੇ ਕਿਹਾ ਕਿ ਗੁੱਜਰ ਭਾਈਚਾਰਾ ਵੀ ਪੰਜਾਬ ਦੇ ਹੋਰਨਾਂ ਭਾਈਚਾਰਿਆਂ ਵਾਂਗ ਅਮਨ ਪਸੰਦ ਭਾਈਚਾਰਾ ਹੈ ਅਤੇ ਇਨ੍ਹਾਂ ਦੇ ਜਾਨ ਮਾਲ ਦੀ ਸੁਰੱਖਿਆ ਨੂੰ ਪੰਜਾਬ ਸਰਕਾਰ ਹੋਰਨਾਂ ਵਰਗਾਂ ਦੇ ਬਰਾਬਰ ਹੀ ਸੁਰੱਖਿਆ ਦੇਣ ਲਈ ਵਚਨਬੱਧ ਹੈ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਧਾਲੀਵਾਲ ਨੇ ਗੱਲਬਾਤ ਦੌਰਾਨ ਭਾਰਤੀ ਫੌਜ ਵਲੋਂ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ 'ਚ ਪਾਕਿ ਪ੍ਰਸਤ ਅੱਤਵਾਦੀਆਂ ਦੇ 9 ਖ਼ਤਰਨਾਕ ਅੱਡਿਆਂ ਨੂੰ ਨੇਸਤੋ ਨਾਬੂਦ ਕੀਤੇ ਜਾਣ ਲਈ ਭਾਰਤੀ ਫੌਜ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਸਰਹੱਦੀ ਸੂਬੇ ਪੰਜਾਬ ਦੇ ਸਾਰੇ 3 ਕਰੋੜ ਵਾਸੀ ਮਜ਼ਬੂਤ ਚਟਾਨ ਵਾਂਗ ਭਾਰਤੀ ਫੌਜ ਦੇ ਨਾਲ ਖੜ੍ਹੇ ਹਨ। ਉਨ੍ਹਾਂ ਨੇ ਸਰਹੱਦੀ ਲੋਕਾਂ ਦੇ ਬੁਲੰਦ ਹੌਂਸਲਿਆਂ ਦੀ ਸ਼ਲਾਘਾ ਵੀ ਕੀਤੀ।

# ਪੈਟਰੋਲ ਪੰਪ 'ਤੇ ਲੱਗੀਆਂ ਲੰਮੀਆਂ ਕਤਾਰਾਂ



**ਬੁਤਾਲਾ (ਨਿਰਮਲ ਸਿੰਘ ਸੰਧਾ)**- ਭਾਰਤ ਤੇ ਪਾਕਿਸਤਾਨ ਵਿੱਚ ਜੰਗ ਵਾਲਾ ਮਾਹੌਲ ਬਣਨ ਕਰਕੇ ਭਾਵੇਂ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਨਾਲ ਸੰਬੰਧਤ ਪਿੰਡਾਂ ਵਿੱਚ ਸਥਿਤੀ ਆਮ ਵਰਗੀ ਹੈ। ਲੋਕ ਆਮ ਦਿਨਾਂ ਵਾਂਗ ਆਪਣੇ ਕੰਮਕਾਜ ਵਿੱਚ ਰੁੱਝੇ ਹੋਏ ਹਨ, ਪਰ ਅੰਦਰਖਾਤੇ ਲੋਕਾਂ ਦੇ ਮਨਾਂ 'ਚ ਸਥਿਤੀ ਨੂੰ ਲੈ ਕੇ ਚਿੰਤਾ ਜ਼ਰੂਰ ਵਧਦੀ ਜਾ ਰਹੀ ਹੈ। ਇਸ ਦੇ ਚਲਦਿਆਂ ਇਲਾਕਾ ਨਿਵਾਸੀਆਂ ਵੱਲੋਂ ਆਪਣੇ ਵਾਹਨਾਂ 'ਚ ਤੇਲ ਪਵਾਉਣ ਲਈ ਹੋੜ ਲੱਗੀ ਰਹੀ। ਦਿਨ ਚੜ੍ਹਦਿਆਂ ਹੀ ਲੋਕਾਂ ਨੇ ਕਾਰਾਂ, ਜੀਪਾਂ, ਮੋਟਰਸਾਈਕਲਾਂ ਅਤੇ ਟਰੈਕਟਰਾਂ ਆਦਿ ਵਿੱਚ ਟੈਂਕੀਆਂ ਫੁੱਲ ਕਰਵਾਉਣ ਲਈ ਪੈਟਰੋਲ ਪੰਪ 'ਤੇ ਜਾਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਸਭ ਪੈਟਰੋਲ ਪੰਪਾਂ 'ਤੇ ਤੇਲ ਪਵਾਉਣ ਲਈ ਲੰਮੀਆਂ ਕਤਾਰਾਂ ਲੱਗ ਗਈਆਂ। ਇਸੇ ਤਰ੍ਹਾਂ ਹੀ ਕਰਿਆਨੇ ਦੀਆਂ ਦੁਕਾਨਾਂ 'ਤੇ ਵੀ ਭੀੜ ਰਹੀ। ਐਸ. ਡੀ. ਐਮ. ਅਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਰੂਰੀ ਵਸਤਾਂ ਦੀ ਕੋਈ ਥੁੜ ਨਹੀਂ ਹੈ, ਜਿਲ੍ਹੇ ਵਿੱਚ ਜ਼ਰੂਰੀ ਵਸਤਾਂ ਦੀ ਕੋਈ ਘਾਟ ਨਹੀਂ ਹੈ। ਜ਼ਰੂਰੀ ਵਸਤਾਂ ਨੂੰ ਭੰਡਾਰ ਕਰਕੇ ਕਾਲਾ ਬਜ਼ਾਰੀ ਨੂੰ ਉਤਸ਼ਾਹਿਤ ਨਾ ਕੀਤਾ ਜਾਵੇ।

# ਜ਼ਿਲ੍ਹਾ ਗੁਰਦਾਸਪੁਰ 'ਚ ਆਤਿਸ਼ਬਾਜ਼ੀ 'ਤੇ ਪਾਬੰਦੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸੰਕਟ-ਕਾਲ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਮੌਕ ਡਰਿੱਲ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਇਹ ਦੇਖਣ ਵਿੱਚ ਆਇਆ ਹੈ ਕਿ ਵਿਆਹ ਸ਼ਾਦੀਆਂ, ਖ਼ੁਸ਼ੀਆਂ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਵੱਲੋਂ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਇਨੀਜ਼ ਕਰੈਕਰ ਸ਼ਾਮਲ ਹੁੰਦੇ ਹਨ, ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਪਟਾਖਿਆਂ ਨਾਲ ਸ਼ੋਰ-ਸ਼ਰਾਬੇ ਨਾਲ ਆਮ ਪਬਲਿਕ ਵਿੱਚ ਡਰ ਪੈਦਾ ਹੁੰਦਾ ਹੈ ਅਤੇ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਨੇ ਭਾਰਤੀ ਨਾਗਰਿਕਤਾ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਵਿਆਹ ਸ਼ਾਦੀਆਂ, ਖ਼ੁਸ਼ੀਆਂ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਨਾਲੋਂ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਇਨੀਜ਼ ਕਰੈਕਰ ਸ਼ਾਮਿਲ ਹਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਮਨਾਹੀ ਦੇ ਇਹ ਹੁਕਮ 7 ਮਈ 2025 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨੇ ਵੱਖ-ਵੱਖ ਪਿੰਡਾਂ 'ਚ ਸਾੜੇ ਮੁੱਖ ਮੰਤਰੀ ਦੇ ਪੁਤਲੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਬਲਾਕ ਸ੍ਰੀ ਹਰਗੋਬਿੰਦ ਪੁਰ ਤੇ ਕਾਦੀਆਂ ਵਲੋਂ ਵੱਖ ਵੱਖ ਪਿੰਡਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੁਤਲੇ ਸਾੜੇ ਗਏ ਅਤੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਵੱਖ ਵੱਖ ਥਾਵਾਂ 'ਤੇ ਹੋਏ ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ, ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ, ਜ਼ਿਲ੍ਹਾ ਖਜ਼ਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਨੇ ਕਿਹਾ



ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਕੇਂਦਰ ਸਰਕਾਰ ਨਾਲ ਮਿਲੀਭੁਗਤ ਕਰਕੇ ਪੰਜਾਬ ਦੀ ਕਿਸਾਨੀ ਦਾ ਲੱਕ ਤੋੜ ਕੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰ ਰਿਹਾ ਹੈ। ਪਹਿਲਾਂ ਇਸ ਨੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਪਖੰਡੀ ਨਕਾਬ ਪਹਿਨਾਉਣ ਦਾ ਡਰਾਮਾ ਰਚਿਆ। ਪਰ ਅੰਦਰਖਾਤੇ ਇਹ ਸਾਮਰਾਜੀਆਂ ਅਤੇ ਕਾਰਪੋਰੇਟਾਂ ਦਾ ਚਹੇਤਾ ਬਣਨ ਲਈ ਤਰਲੋ ਮੱਛੀ ਹੋ ਰਿਹਾ ਸੀ। ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਕੇਂਦਰ ਸਰਕਾਰ ਖਿਲਾਫ ਲੱਗੇ ਮੋਰਚਿਆਂ ਨੂੰ ਧੋਖੇ ਨਾਲ ਜ਼ਬਰਦਸਤੀ ਚੁਕਵਾਉਣ ਦੇ ਨਾਲ ਨਾਲ ਕਿਸਾਨਾਂ ਦੀਆ ਟਰਾਲੀਆਂ ਅਤੇ ਕਰੋੜਾਂ ਰੁਪਏ ਦਾ ਸਾਜ਼ੋ ਸਮਾਨ ਚੋਰੀ ਕਰਵਾ ਦਿੱਤਾ। ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚਾ ਵਲੋਂ ਚੰਡੀਗੜ੍ਹ ਲੱਗਣ ਵਾਲੇ ਧਰਨੇ ਨੂੰ ਰੋਕ ਕੇ ਅਤੇ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਕਰਨ ਕਿਸਾਨ ਬੀਬੀਆਂ 'ਤੇ ਅੰਤਾਂ ਦਾ ਤਸ਼ੱਦਦ ਕੀਤਾ ਗਿਆ। ਹੁਣ ਜਦੋਂ ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੇ ਸੱਦੇ ਤੇ ਸ਼ੰਭੂ ਥਾਣੇ ਦਾ ਸ਼ਾਂਤਮਈ ਧਰਨੇ ਦਾ ਪ੍ਰੋਗਰਾਮ ਸੀ, ਪੰਜਾਬ ਸਰਕਾਰ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਆਗੂਆਂ ਦੀਆਂ ਘਰਾਂ ਅੰਦਰ ਨਜ਼ਰਬੰਦੀਆਂ ਕਰਕੇ ਇੱਕ ਵਾਰ ਫਿਰ ਆਪਣਾ ਨਾਦਰਸ਼ਾਹੀ ਚਿਹਰਾ ਨੰਗਾ ਕਰ ਲਿਆ ਹੈ। ਹਰ ਸੰਘਰਸ਼ ਸ਼ੀਲ ਤਬਕੇ ਨੂੰ ਡਾਂਗਾਂ ਅਤੇ ਜੇਲ੍ਹਾਂ ਨਾਲ਼ ਦਬਾਅ ਕੇ ਸਰਕਾਰ ਭਰਮ ਪਾਲ ਰਹੀ ਹੈ ਕਿ ਉਹ ਕਿਸਾਨ ਮਜ਼ਦੂਰ ਲਹਿਰ ਨੂੰ ਹਮੇਸ਼ਾ ਲਈ ਖਤਮ ਕਰ ਦੇਵੇਗੀ ਪਰ ਲੋਕ ਸਰਕਾਰ ਦਾ ਇਹ ਭਰਮ ਜਥੇਬੰਦ ਲੋਕ ਤਾਕਤ ਦੇ ਸਿਰ 'ਤੇ ਤੋੜ ਦੇਣਗੇ। ਇਸ ਮੌਕੇ ਵੱਖ ਵੱਖ ਪਿੰਡਾਂ ਦੇ ਹਰਜੀਤ ਸਿੰਘ ਮਠੋਲਾ, ਕੁਲਵਿੰਦਰ ਸਿੰਘ ਬਸਰਾਵਾਂ, ਜਰਨੈਲ ਸਿੰਘ ਭਰਥ, ਪਿੰਦਰ ਸਿੰਘ ਸੰਗਰਾਏ, ਸਤਨਾਮ ਸਿੰਘ ਪੰਜਗਰਾਈਆਂ, ਅਮਰਜੀਤ ਸਿੰਘ ਬਸਰਾਵਾਂ, ਦਵਿੰਦਰ ਸਿੰਘ ਢਪੱਈ, ਲੱਖਾ ਸਿੰਘ ਬਸਰਾਵਾਂ, ਸੁਖਜਿੰਦਰ ਸਿੰਘ ਢਪੱਈ, ਗੁਰਨਾਮ ਸਿੰਘ ਚੀਮਾ ਖੁੱਡੀ, ਨੰਬਰਦਾਰ ਗਿਆਨ ਸਿੰਘ ਚੀਮਾ ਖੁੱਡੀ, ਪਿੰਦਰ ਸਿੰਘ ਪਿੰਟੂ ਚੀਮਾ ਆਦਿ ਹਾਜ਼ਰ ਸਨ।

# ਸੇਂਟ ਜੋਸਫ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਯੋਗਾ 'ਚ ਮਾਰੀਆਂ ਮੱਲਾਂ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸੀ ਆਈ ਐਸ ਸੀ ਈ ਜ਼ੋਨਲ ਲੈਵਲ ਇੰਟਰ ਸਕੂਲ ਯੋਗਾ ਮੁਕਾਬਲੇ ਕਰਾਈਸਟ ਕਿੰਗ ਕਾਨਵੈਂਟ ਸਕੂਲ ਪਠਾਨਕੋਟ ਵਿਖੇ ਕਰਵਾਏ ਗਏ। ਜਿਸ ਵਿੱਚ ਸੇਂਟ ਜੋਸਫ਼ ਕਾਨਵੈਂਟ ਸਕੂਲ ਡੱਲਾ ਮੋੜ ਕਾਦੀਆਂ ਦੀਆਂ ਚਾਰ ਟੀਮਾਂ ਨੇ ਯੋਗਾ ਵਿੱਚ ਹਿੱਸਾ ਲਿਆ। ਜਿਨ੍ਹਾਂ ਵਿੱਚੋਂ ਅੰਡਰ 14 ਦੀਆਂ ਵਿਦਿਆਰਥਣਾਂ ਪਰਨੀਤ ਕੌਰ, ਸਮਰੀਤ ਕੌਰ, ਪਰਸਿਮ ਮੱਟੂ, ਸੇਜਲਪ੍ਰੀਤ ਕੌਰ, ਮਨਪ੍ਰੀਤ ਕੌਰ ਨੇ ਪਹਿਲਾ ਦਰਜਾ ਹਾਸਲ ਕੀਤਾ। ਅੰਡਰ 14 ਦੇ ਮੁੰਡਿਆਂ ਦੇ ਮੁਕਾਬਲੇ ਵਿੱਚ ਅਸ਼ਮੀਤ ਸਿੰਘ, ਸਖਸ਼ ਠਾਕੁਰ ਪਰਨਵ ਠਾਕੁਰ, ਵਿਸ਼ਾਲ ਮੱਟੇ ਆਦੇਸ਼ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 17 ਦੀਆਂ ਵਿਦਿਆਰਥਣਾਂ ਯੋਗਤਾ, ਅਬੀਰ ਕੌਰ, ਅਮੀਜੋਤ ਕੌਰ, ਨਵਦੀਪ ਕੌਰ ਰਹਿਤ ਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 17 ਦੇ ਮੁੰਡਿਆਂ ਦੇ ਮੁਕਾਬਲੇ ਵਿੱਚ ਹਰਮਨ ਸਿੰਘ, ਰਿਪਨਜੋਤ ਸਿੰਘ, ਨਵਪ੍ਰੀਤ ਸਿੰਘ, ਪਰਮਪ੍ਰੀਤ ਸਿੰਘ, ਜੋਬਨ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਰਿਧਮਿਕ ਯੋਗਾ ਵਿੱਚ ਅੰਡਰ 17 ਦੇ ਰਿਪਨਜੋਤ ਸਿੰਘ ਨੇ ਪਹਿਲਾ 'ਤੇ ਅੰਡਰ 14 ਦੇ ਵਿਸ਼ਾਲ ਮੱਟੂ ਨੇ ਦੂਜਾ ਦਰਜਾ ਹਾਸਲ ਕੀਤਾ। ਆਰਟਿਸਟਿਕ ਯੋਗਾ ਵਿੱਚੋਂ ਅੰਡਰ 14 ਦੇ ਪਰਨਵ ਠਾਕੁਰ ਤੇ ਪਰਸਿਮ ਮੱਟੋ ਨੇ ਦੂਜਾ ਦਰਜਾ ਤੇ ਅੰਡਰ 17 ਦੇ ਹਰਮਨ ਸਿੰਘ ਤੇ ਯੋਗਤਾ ਨੇ ਦੂਜਾ ਦਰਜਾ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਤੇ ਸਕੂਲ ਦੇ ਡਾਇਰੈਕਟਰ ਨੇ ਸਮੂਹ ਸਟਾਫ ਤੇ ਖਿਡਾਰੀਆਂ ਦਾ ਨਿੱਘਾ ਸਵਾਗਤ ਕੀਤਾ।ਸਕੂਲ ਦੇ ਡਾਇਰੈਕਟਰ ਨੇ ਯੋਗਾ ਦੇ ਅਧਿਆਪਕ ਸ੍ਰੀਮਤੀ ਸੋਨਮ ਨੂੰ ਉਹਨਾਂ ਦੀ ਵਧੀਆ ਕਾਰਗੁਜ਼ਾਰੀ ਲਈ ਵਧਾਈ ਦਿੱਤੀ । ਉਹਨਾਂ ਨੇ ਬੱਚਿਆਂ ਨੂੰ ਯੋਗਾ ਦੇ ਲਾਭ ਦੱਸਦੇ ਹੋਏ ਵੱਧ ਤੋਂ ਵੱਧ ਯੋਗਾ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ।



# ਭਾਰਤੀ ਸੈਨਾ ਦੇ ਨਾਲ ਅਸੀਂ ਚਟਾਨ ਦੀ ਤਰ੍ਹਾਂ ਰਹਾਂਗੇ : ਏ ਆਈ ਸੀ ਈ ਸੁਸਾਇਟੀ

**ਅੰਮ੍ਰਿਤਸਰ (ਅਰੋੜਾ)**: ਪਹਿਲਗਾਮ ਵਿਖੇ ਹੋਣ ਵਾਲੇ ਆਤੰਕੀ ਨਰਸੰਹਾਰ ਦੇ ਜਵਾਬ ਵਿੱਚ ਭਾਰਤੀ ਸੈਨਾ ਦੇ ਜਵਾਨਾਂ ਨੇ ਆਪਣੀ ਬਹਾਦਰੀ ਦੇ ਜੋ ਕਰਿਸ਼ਮੇ ਦਿਖਾਏ ਹਨ ਉਸ ਲਈ ਸਾਰੇ ਦੇਸ਼ ਵਾਸੀ ਭਾਰਤੀ ਸੈਨਾ ਦੀ ਸ਼ਲਾਘਾ ਕਰ ਰਹੇ ਹਨ। ਇਸ ਸੰਬੰਧ ਵਿੱਚ ਗੁਰੂ ਦੀ ਨਗਰੀ ਵਿਖੇ ਦੇਸ਼ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਹਮੇਸ਼ਾ ਅੱਗੇ ਰਹਿਣ ਵਾਲੀ ਸੰਸਥਾ ਏ.ਆਈ.ਸੀ.ਈ ਸੋਸਾਇਟੀ ਰਜਿ. ਦੇ ਸਾਰੇ ਮੈਂਬਰਾਂ ਨੇ ਭਾਰਤੀ ਸੈਨਾ ਦੇ ਉੱਚ ਅਧਿਕਾਰੀਆਂ, ਭਾਰਤ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਜਦੋਂ ਵੀ ਦੇਸ਼ 'ਤੇ ਕੋਈ ਸੰਕਟ ਦੇਖਣ ਨੂੰ ਮਿਲਿਆ ਹੈ ਚਾਹੇ ਕਿਸੇ ਰਾਜ ਵਿੱਚ ਸੋਕਾ ਪਿਆ ਹੋਵੇ, ਭੂਚਾਲ ਜਾਂ ਹੜ੍ਹ ਜਿਹੀ ਸਥਿਤੀ ਸਾਹਮਣੇ ਆਈ ਹੈ ਤਾਂ ਦੇਸ਼ ਭਰ ਦੀਆਂ ਰੋਟਰੀ ਕਲੱਬਾਂ ਅਤੇ ਏ.ਆਈ.ਸੀ.ਈ ਸੋਸਾਇਟੀ ਰਜਿ. ਦੇ ਮੈਂਬਰਾਂ ਨੇ ਇੱਕ ਚੰਗੇ ਜ਼ਿੰਮੇਦਾਰ ਨਾਗਰਿਕ ਦਾ ਸਬੂਤ ਦਿੰਦੇ ਹੋਏ ਹਮੇਸ਼ਾ ਹੀ ਆਪਣਾ ਕਰਤੱਵ ਨਿਭਾਇਆ ਹੈ ਪਰ ਹੁਣ ਗੁਆਂਢੀ ਆਤੰਕਵਾਦੀ ਦੇਸ਼ ਪਾਕਿਸਤਾਨ ਦੇ ਆਤੰਕਵਾਦੀਆਂ ਨੇ ਪਹਿਲਗਾਮ ਵਿੱਚ ਕਰੂਰਤਾ ਦਾ ਜੋ ਨੰਗਾ ਨਾਚ ਕੀਤਾ ਹੈ ਉਸ ਲਈ ਪੂਰੇ ਸੰਸਾਰ ਵਿੱਚ ਪਾਕਿਸਤਾਨ ਦੇ ਸ਼ਾਸਕਾਂ ਨੂੰ ਕੋਸਿਆ ਜਾ ਰਿਹਾ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਕਈ ਘਰਾਂ ਦੇ ਚਿਰਾਗ ਬੁਝਾਏ, ਸੁਹਾਗਣਾਂ ਨੂੰ ਵਿਧਵਾ ਕੀਤਾ, ਬੱਚਿਆਂ ਨੂੰ ਅਨਾਥ ਕੀਤਾ, ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਘੱਟ ਹੈ। ਸਾਰੇ ਸੋਸਾਇਟੀ ਮੈਂਬਰਾਂ ਨੇ ਇਹ ਪ੍ਰਣ ਲਿਆ ਕਿ ਜੇਕਰ ਭਾਰਤੀ ਸੈਨਾ ਨੂੰ ਬੇਵੱਸ ਹੋ ਕੇ ਪਾਕਿਸਤਾਨ 'ਤੇ ਹਮਲਾ ਕਰਨਾ ਪਿਆ ਤਾਂ ਅਸੀਂ ਸਾਰੇ ਜ਼ਿੰਮੇਵਾਰ ਨਾਗਰਿਕ ਭਾਰਤੀ ਸੈਨਾ ਦੀ ਹਰ ਲੋੜ ਨੂੰ ਪੂਰਾ ਕਰਾਂਗੇ। ਜਿਸ ਜਗ੍ਹਾ ਵੀ ਲੋੜ ਹੋਵੇਗੀ ਉਸ ਜਗ੍ਹਾ ਤੇ ਉਨ੍ਹਾਂ ਨੂੰ ਜ਼ਰੂਰੀ ਸਮੱਗਰੀ ਮੁਹੱਈਆ ਕਰਵਾਈ ਜਾਵੇਗੀ। ਪ੍ਰਣ ਲੈਣ ਵਾਲਿਆਂ ਵਿੱਚ ਆਮਦਨ ਵਿਭਾਗ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਸੀ.ਏ. ਦਵਿੰਦਰ ਸਿੰਘ, ਸੋਸਾਇਟੀ ਦੇ ਪੈਟਰਨ ਰਸਜੀਤ ਸਿੰਘ ਖੇੜਾ, ਚੀਫ਼ ਐਡਵਾਇਜ਼ਰ ਵਿਜੇ ਭਸੀਨ, ਮਹਾਂ ਮੀਤ ਪ੍ਰਧਾਨ ਸੰਜੇ ਮਲਿਕ, ਸੀਨੀਅਰ ਮੈਂਬਰ ਡਾ. ਰਮਨ ਗੁਪਤਾ, ਸੀਨੀਅਰ ਮੈਂਬਰ ਸੁਭਾਸ਼ ਅਰੋੜਾ, ਐਮ.ਓ.ਸੀ ਆਰ.ਐਸ ਚੱਠਾ, ਸਰਜਨ ਸੋਸਾਇਟੀ ਦੇ ਸਾਬਕਾ ਪ੍ਰਧਾਨ ਡਾ.ਕੁਲਦੀਪ ਸਿੰਘ ਅਰੋੜਾ ਦੇ ਨਾਂ ਪ੍ਰਮੁੱਖ ਹਨ। ਸਾਰੇ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਵਿਸ਼ਵਾਸ਼ ਦਿੱਤਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੀ ਜਾਵੇਗੀ ਉਸ ਨੂੰ ਉਹ ਬਾਖ਼ੂਬੀ ਨਿਭਾਉਣਗੇ।



# ਬਲੈਕ ਆਊਟ ਦਾ ਲੋਕਾਂ ਨੇ ਕੀਤਾ ਭਰਪੂਰ ਸਮਰਥਨ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਦਿੱਤੇ ਗਏ ਬਲੈਕ ਆਊਟ ਦੇ ਸੱਦੇ ਨੂੰ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਵਲੋਂ ਭਰਪੂਰ ਸਮਰਥਨ ਮਿਲਿਆ। ਲੋਕ ਬੀਤੀ ਸ਼ਾਮ ਆਪਣੇ-ਆਪਣੇ ਕੰਮਾਂ ਤੋਂ ਜਲਦੀ ਵਿਹਲੇ ਹੋ ਕੇ ਘਰਾਂ ਨੂੰ ਜਿਥੇ ਚਲੇ ਗਏ ਉਥੇ ਹੀ ਬੀਤੀ ਸ਼ਾਮ 7 ਵਜੇ ਤੋਂ ਬਾਅਦ ਸੜਕਾਂ 'ਤੇ ਸੁੰਨਸਾਨ ਪਈ ਦਿਖਾਈ ਦਿੱਤੀ। ਇਸ ਬਲੈਕ ਆਊਟ ਦਾ ਲੋਕਾਂ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਦਾ ਭਰਪੂਰ ਸਮਰਥਨ ਕੀਤਾ ਗਿਆ। ਬਲੈਕ ਆਊਟ ਦੇ ਸੰਦੇਸ਼ ਤੋਂ ਪਿੰਡਾਂ ਦੇ ਲੋਕਾਂ ਵਿਚ ਥੋੜ੍ਹੀ ਬਹੁਤੀ ਘਬਰਾਹਟ ਵੀ ਮਹਿਸੂਸ ਕੀਤੀ ਗਈ। ਭਾਰਤ-ਪਾਕਿ ਨਾਲ ਵਧ ਰਹੇ ਤਣਾਅ ਦੇ ਕਾਰਨ ਲੋਕਾਂ ਵਲੋਂ ਲੜਾਈ ਲੱਗਣ ਦੇ ਡਰ ਕਾਰਨ ਆਪਣੇ ਲਈ ਮਹੀਨੇ ਦਾ ਰਾਸ਼ਨ ਜਮ੍ਹਾਂ ਕਰ ਲਿਆ ਗਿਆ ਅਤੇ ਰਾਸ਼ਨ ਦੀਆਂ ਦੁਕਾਨਾਂ ਤੋਂ ਵੱਡੀ ਪੱਧਰ 'ਤੇ ਲੋਕਾਂ ਵਲੋਂ ਰਾਸ਼ਨ ਦੀ ਖ਼ਰੀਦਦਾਰੀ ਕੀਤੀ ਗਈ। ਇਸੇ ਤਰ੍ਹਾਂ ਕਈ ਆਟਾ ਚੱਕੀਆਂ 'ਤੇ ਵੀ ਲੰਬੀਆਂ ਲੰਬੀਆਂ ਲਾਈਨਾਂ ਲੱਗੀਆ ਦਿਖਾਈ ਦਿੱਤੀਆਂ। ਇਸ ਤੋਂ ਇਲਾਵਾ ਗੈਸ ਏਜੰਸੀਆਂ ਅਤੇ ਪੈਟਰੋਲ ਪੰਪਾਂ 'ਤੇ ਵੀ ਲੋਕਾਂ ਦੀ ਕਾਫ਼ੀ ਭੀੜ ਦੇਖੀ ਗਈ। ਲੋਕਾਂ ਨੇ ਗੱਲਬਾਤ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਫੌਜ 'ਤੇ ਪੂਰਾ ਮਾਣ ਹੈ ਅਤੇ ਉਹ ਲੜਾਈ ਦੌਰਾਨ ਭਾਰਤੀ ਫੌਜ ਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਬਰ ਤਿਆਰ ਹਨ। ਉਨ੍ਹਾਂ ਕਿਹਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਉਹ ਪਾਲਨਾ ਕਰਨਗੇ। ਬਾਰਡਰ ਏਰੀਆ ਦੇ ਕੁਝ ਲੋਕਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਲੜਾਈ ਨੂੰ ਲੈ ਕੇ ਉਨ੍ਹਾਂ ਦੇ ਮਨਾਂ ਵਿਚ ਥੋੜ੍ਹੀ ਚਿੰਤਾ ਜ਼ਰੂਰ ਹੈ ਪਰ ਉਹ ਇਸ ਡਰ ਕਾਰਨ ਆਪਣਾ ਘਰ ਬਾਹਰ ਛੱਡ ਕੇ ਕਿਤੇ ਨਹੀਂ ਜਾਣਗੇ। ਉਨ੍ਹਾਂ ਕਿਹਾ ਲੜਾਈ ਲੱਗਣ ਉਪਰੰਤ ਉਹ ਆਪਣੇ ਘਰਾਂ ਵਿਚ ਰਹਿ ਕੇ ਹੀ ਜੰਗ ਦਾ ਸਾਹਮਣਾ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਫੌਜ ਵਲੋਂ ਉਨ੍ਹਾਂ ਨੂੰ ਅਜੇ ਤੀਕ ਪਿੰਡਾਂ ਨੂੰ ਛੱਡ ਕੇ ਜਾਣ ਦਾ ਕੋਈ ਸੁਨੇਹਾ ਨਹੀਂ ਦਿੱਤਾ ਗਿਆ ਅਤੇ ਉਹ ਆਮ ਵਾਂਗ ਹੀ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ।

# ਅਗਨੀਵੀਰ ਦੀ ਭਰਤੀ ਲਈ ਮੁਫ਼ਤ ਲਿਖਤੀ ਇਮਤਿਹਾਨ ਦੀ ਕੋਚਿੰਗ ਸਰਕਾਰੀ ਕਾਲਜ ਤੇ ਸਕੂਲ ਆਫ਼ ਐਮੀਨੈਂਸ ਵਿਖੇ : ਜ਼ਿਲ੍ਹਾ ਰੋਜ਼ਗਾਰ ਅਫਸਰ

**ਗੁਰਦਾਸਪੁਰ, ਧਾਰੀਵਾਲ (ਜਨਕ ਮਹਾਜਨ, ਮਨਦੀਪ ਸਿੰਘ ਵਿੱਕੀ)**- ਭਾਰਤੀ ਫ਼ੌਜ ਵੱਲੋਂ ਅਗਨੀਵੀਰ ਦੀ ਭਰਤੀ ਲਈ ਕਾਮਨ ਐਂਟਰੈਂਸ ਪ੍ਰੀਖਿਆ (ਸੀ.ਈ.ਈ.) 2025 ਦਾ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਅਗਨੀਵੀਰ ਜਨਰਲ ਡਿਊਟੀ, ਟੈਕਨੀਕਲ, ਅਸਿਸਟੈਂਟ, ਟਰੇਡਮੈਨ, ਜੇ.ਸੀ.ਓ. ਅਤੇ ਹੋਰ ਸ਼੍ਰੇਣੀਆਂ ਦੀ ਭਰਤੀ ਲਈ ਆਨਲਾਈਨ ਅਪਲਾਈ ਕਰਨ ਦੀ ਮਿਤੀ 25.04.2025 ਤੱਕ ਸੀ। ਅਗਨੀਵੀਰ ਦੀ ਭਰਤੀ ਲਈ ਮੁਫ਼ਤ ਲਿਖਤੀ ਇਮਤਿਹਾਨ ਦੀ ਕੋਚਿੰਗ ਮੁਹੱਈਆ ਕਰਵਾਉਣ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਸੀ.ਈ.ਓ. ਡੀ.ਬੀ.ਈ.ਈ. ਗੁਰਦਾਸਪੁਰ, ਆਈ.ਏ.ਐੱਸ. ਸ੍ਰੀ ਹਰਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅੱਜ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ(ਜ)-ਕਮ-ਸੀ.ਈ.ਓ. ਡੀ.ਬੀ.ਈ.ਈ ਗੁਰਦਾਸਪੁਰ ਨੇ ਦੱਸਿਆ ਕਿ ਅਗਨੀਵੀਰ ਦੀ ਭਰਤੀ ਲਈ ਮੁਫ਼ਤ ਲਿਖਤੀ ਇਮਤਿਹਾਨ ਦੀ ਕੋਚਿੰਗ ਸਰਕਾਰੀ ਕਾਲਜ ਗੁਰਦਾਸਪੁਰ ਅਤੇ ਸਕੂਲ ਆਫ਼ ਐਮੀਨੈਂਸ ਬਟਾਲਾ ਵਿਖੇ ਕਰਵਾਈ ਜਾਵੇਗੀ। ਅਗਨੀਵੀਰ ਦੀ ਭਰਤੀ ਲਈ ਮੁਫ਼ਤ ਕੋਚਿੰਗ ਕਲਾਸਾਂ ਦੀ ਸ਼ੁਰੂਆਤ 12 ਮਈ ਨੂੰ ਕੀਤੀ ਜਾਵੇਗੀ ਅਤੇ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਕੋਚਿੰਗ ਕਲਾਸਾਂ ਦਾ ਸਮਾਂ ਸਵੇਰੇ 10:00 ਤੋਂ ਦੁਪਹਿਰ 02:00 ਵਜੇ ਤੱਕ ਅਤੇ ਸਕੂਲ ਆਫ਼ ਐਮੀਨੈਂਸ, ਬਟਾਲਾ ਵਿਖੇ ਦੁਪਹਿਰ 2:00 ਵਜੇ ਤੋਂ ਸ਼ਾਮ 5:00 ਵਜੇ ਤੱਕ ਦਾ ਹੋਵੇਗਾ। ਇਮਤਿਹਾਨ ਦੇ ਵਿਸ਼ੇ ਦਸਵੀਂ ਪੱਧਰ ਤੱਕ ਸਾਇੰਸ, ਮੈਥ ਅਤੇ ਆਮ ਗਿਆਨ ਹਨ ਅਤੇ ਵਿਸ਼ਾ ਮਾਹਰਾਂ ਵੱਲੋਂ ਇਸ ਸਬੰਧੀ ਤਿਆਰੀ ਕਰਵਾਈ ਜਾਵੇਗੀ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਭਰਤੀ ਲਈ ਫੇਸ -1 ਲਿਖਤੀ ਪ੍ਰੀਖਿਆ ਜੂਨ ਦੇ ਤੀਜੇ ਜਾਂ ਚੌਥੇ ਹਫ਼ਤੇ ਵਿੱਚ ਲਈ ਜਾਵੇਗੀ ਅਤੇ ਫੇਸ-2 ਫਿਜ਼ੀਕਲ ਰੈਲੀ ਅਗਸਤ ਤੋਂ ਲੈ ਕੇ ਅਕਤੂਬਰ 2025 ਦਰਮਿਆਨ ਹੋਵੇਗੀ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਨੌਜਵਾਨਾਂ ਨੇ ਅਗਨੀਵੀਰ ਦੀ ਭਰਤੀ ਲਈ ਆਨਲਾਈਨ ਅਪਲਾਈ ਕੀਤਾ ਹੈ, ਉਹ ਨਿਰਧਾਰਤ ਮਿਤੀ ਅਤੇ ਸਥਾਨਾਂ ਤੇ ਸਮੇਂ ਸਿਰ ਸੰਸਥਾ ਵਿਖੇ ਪਹੁੰਚ ਕੇ ਮੁਫ਼ਤ ਕੋਚਿੰਗ ਕਲਾਸਾਂ ਲਗਾ ਸਕਦੇ ਹਨ । ਵਧੇਰੀ ਜਾਣਕਾਰੀ ਲਈ ਭਰਤੀ ਹੋਣ ਦੇ ਚਾਹਵਾਨ ਨੌਜਵਾਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਕਮਰਾ ਨੰਬਰ-217, ਬਲਾਕ ਬੀ, ਡੀ.ਸੀ ਦਫ਼ਤਰ, ਨੇੜੇ ਪੁਰਾਣਾ ਬੱਸ ਸਟੈਂਡ ਗੁਰਦਾਸਪੁਰ ਵਿਖੇ ਨਿੱਜੀ ਤੌਰ 'ਤੇ ਪਹੁੰਚ ਕੇ ਮੁਫ਼ਤ ਕੋਚਿੰਗ ਕਲਾਸਾਂ ਸਬੰਧੀ ਆਪਣੇ ਆਪ ਨੂੰ ਰਜਿਸਟਰ ਕਰਵਾਉਣ।



# ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ ਨੂੰ ਸਮਰਪਤ ਕਵੀ ਦਰਬਾਰ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਸ਼ਿਵ ਕੁਮਾਰ ਬਟਾਲਵੀ ਕਲਾ ਅਤੇ ਸੱਭਿਆਚਾਰ ਸੁਸਾਇਟੀ ਵੱਲੋਂ ਪੰਜਾਬੀ ਦੇ ਮਹਾਨ ਸ਼ਾਇਰ, ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਦੀ 52 ਵੀਂ ਬਰਸੀ ਮੌਕੇ ਇਕ ਰਾਜ ਪੱਧਰੀ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਅਰਜਨ ਸਿੰਘ ਗਰੇਵਾਲ ਤਹਿਸੀਲਦਾਰ, ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ ਅਤੇ ਹੋਰ ਪਤਵੰਤਿਆਂ ਵਲੋਂ ਸ਼ਿਵ ਕੁਮਾਰ ਦੇ ਬੁੱਤ ਨੂੰ ਫੁੱਲ ਅਰਪਣ ਕਰਕੇ ਅਤੇ ਸ਼ਮ੍ਹਾ ਰੋਸ਼ਨ ਕਰਕੇ ਕੀਤੀ ਗਈ।ਸੁਸਾਇਟੀ ਦੇ ਪ੍ਰਧਾਨ ਅਤੇ ਉੱਘੇ ਕਵੀ ਡਾ. ਰਵਿੰਦਰ ਨੇ ਸ਼ਿਵ ਕੁਮਰ ਦੇ ਜੀਵਨ ਅਤੇ ਉਸ ਦੀ ਸ਼ਾਇਰੀ ਬਾਰੇ ਚਰਚਾ ਕੀਤੀ ਅਤੇ ਉਸ ਦੀ ਯਾਦ ਵਿੱਚ ਉਸਾਰੇ ਗਏ ਆਡੀਟੋਰੀਅਮ ਬਾਰੇ ਵੀ ਚਾਨਣਾ ਪਾਇਆ।ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਜੋ ਜ਼ਰੂਰੀ ਰੁਝੇਵੇਂ ਕਾਰਨ ਚੰਡੀਗੜ੍ਹ ਵਿਖੇ ਸਨ, ਵਲੋਂ ਫੋਨ 'ਤੇ ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ ਤੇ ਸ਼ਰਧਾ ਭੇਟ ਕਰਦਿਆਂ ਕਿਹਾ ਕਿ ਸ਼ਿਵ ਬਟਾਲਵੀ, ਬਟਾਲਾ ਸ਼ਹਿਰ ਦਾ ਮਾਣ ਹਨ, ਜਿਨ੍ਹਾਂ ਆਪਣੀ ਕਲਾ ਦਾ ਲੋਹਾ ਸਾਰੀ ਦੁਨੀਆ ਵਿੱਚ ਮਨਵਾਇਆ। ਉਨ੍ਹਾਂ ਕਿਹਾ ਕਿ ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਸ਼ਾਇਰੀ ਰਾਹੀਂ ਬਟਾਲਾ ਸ਼ਹਿਰ ਦਾ ਨਾਂ ਪੂਰੀ ਦੁਨੀਆ ਵਿੱਚ ਰੌਸ਼ਨ ਕੀਤਾ ਅਤੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਅਜਿਹੀਆਂ ਖੂਬਸੂਰਤ ਰਚਨਾਵਾਂ ਪਾਈਆਂ ਹਨ ਜੋ ਰਹਿੰਦੀ ਦੁਨੀਆ ਤੱਕ ਉਸ ਨੂੰ ਲੋਕ ਮਨਾਂ ਵਿੱਚ ਜ਼ਿੰਦਾ ਰਹਿਣਗੀਆਂ।ਉਨ੍ਹਾਂ ਅੱਗੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਅੰਦਰ ਸੈਰ ਸਪਾਟਾ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ ਅਤੇ ਸੂਬੇ ਅੰਦਰ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੇ ਸਰਬਪੱਖੀ ਵਿਕਾਸ ਲਈ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਆਉਣ ਵਾਲੀ ਪੀੜ੍ਹੀ ਨੂੰ ਪੰਜਾਬ ਦੇ ਅਮੀਰ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਿਆ ਜਾਵੇ ਅਤੇ ਬਟਾਲਾ ਸ਼ਹਿਰ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਤੇ ਪ੍ਰਫੁੱਲਿਤ ਕਰਨ ਲਈ ਉਹ ਵਚਨਬੱਧ ਹਨ ਅਤੇ ਇਸ ਬਾਬਤ ਯਤਨ ਜਾਰੀ ਹਨ।ਕਵੀ ਦਰਬਾਰ ਵਿੱਚ ਪੰਜਾਬ ਭਰ ਤੋਂ ਆਏ ਉੱਘੇ ਕਵੀਆਂ ਅਤੇ ਸਥਾਨਕ ਸ਼ਾਇਰਾਂ ਨੇ ਹਿੱਸਾ ਲਿਆ। ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਉੱਤੇ ਮਲਵਿੰਦਰ, ਅਰਤਿੰਦਰ ਸੰਧੂ, ਵਿਸ਼ਾਲ ਬਿਆਸ, ਸਰਬਜੀਤ ਸੰਧੂ, ਹਰਮੀਤ ਆਰਟਿਸਟ, ਡਾ. ਵਿਕਰਮ, ਬਖਤਾਵਰ ਸਿੰਘ, ਕੰਵਲਜੀਤ ਭੁੱਲਰ, ਜਸਵੰਤ ਧਾਪ, ਅਜੀਤ ਕਮਲ, ਸੁਲਤਾਨ ਭਾਰਤੀ, ਵਿਜੇ ਅਗਨੀਹੋਤਰੀ, ਰਮੇਸ਼ ਜਾਨੂੰ, ਰਘਬੀਰ ਸਿੰਘ ਸੋਹਲ, ਡਾ. ਜਸਮੀਨ, ਵਿਨੋਦ ਸ਼ਾਇਰ, ਜਗਨ ਨਾਥ ਉਦੋਕੇ, ਪਰਮਜੀਤ ਸਿੰਘ ਛੋਟੇ ਘੁੰਮਣ, ਜਸਵੰਤ ਹਾਂਸ, ਧਰਮਿੰਦਰ ਔਲਖ, ਅਤਰ ਸਿੰਘ , ਧਰਮਿੰਦਰ ਸਿੰਘ , ਗੁਰਪ੍ਰੀਤ ਸਿੰਘ, ਓਮ ਪ੍ਰਕਾਸ਼ ਭਗਤ, ਪ੍ਰਿਆਸ਼ੂ, ਅਰਸ਼ਦੀਪ ਸਿੰਘ ਸੁਲਤਾਨਪੁਰ ਲੋਧੀ, ਜੋਗਿੰਦਰਪਾਲ ਅਤੇ ਹੀਰਾ ਸਿੰਘ ਨੇ ਹਿੱਸਾ ਲਿਆ।ਕਵੀ ਦਰਬਾਰ ਦਾ ਸੰਚਾਲਨ ਡਾ. ਰਵਿੰਦਰ ਨੇ ਕੀਤਾ। ਸਮਾਗਮ ਵਿੱਚ ਤ੍ਰੈ ਮਾਸਿਕ ਮੰਤਵ, ਤ੍ਰੈ ਮਾਸਿਕ ਅੱਖਰ, ਦੇਵਿੰਦਰ ਦੀਦਾਰ, ਅੰਕੁਰ ਪ੍ਰੈਸ ਵਾਲਿਆਂ ਨੇ ਪੰਜਾਬੀ ਲਿੱਪੀ ਦਾ ਸ਼ਾਨਦਾਰ ਕੈਲੰਡਰ ਅਤੇ ਬਲਬੀਰ ਸਿੰਘ ਕਲਸੀ ਵੱਲੋਂ ਸ਼ਿਵ ਕੁਮਾਰ ਦੀ ਤਸਵੀਰ ਅੰਮ੍ਰਿਤ ਕਲਸੀ ਨੂੰ ਭੇਟ ਕੀਤੀ।ਸਮਾਗਮ ਵਿੱਚ ਡਾ. ਸਤਨਾਮ ਸਿੰਘ ਨਿੱਜਰ, ਰਜਿੰਦਰ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਸ਼ਾਹ, ਦੇਵਿੰਦਰ ਦੀਦਾਰ, ਪੂਰਨ ਪਿਆਸਾ, ਹਨੀ ਚੌਹਾਨ, ਭਾਰਤ ਭੂਸ਼ਨ, ਜੋਗਿੰਦਰ ਸਿੰਘ ਸਹਾਰਾ ਕਲੱਬ, ਜਤਿੰਦਰ ਕੱਦ, ਹਰਪ੍ਰੀਤ ਸਿੰਘ, ਉਮ ਪ੍ਰਕਾਸ਼ ਬੇਰਿੰਗ ਕਾਲਜ, ਸੁਪਰਡੈਂਟ ਸੁੰਦਰ ਸ਼ਰਮਾ, ਸੁਖਦੇਵ ਸਿੰਘ ਰਾਜਵਿੰਦਰ ਸਿੰਘ ਅਤੇ ਡੀ.ਪੀ.ਆਰ.ਓ ਹਰਜਿੰਦਰ ਸਿੰਘ ਕਲਸੀ ਸ਼ਾਮਿਲ ਸਨ। ਸਮਾਗਮ ਦੇ ਆਰੰਭ ਵਿੱਚ ਪਰਮਜੀਤ ਪਾਇਲ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਸ਼ਿਵ ਕੁਮਾਰ ਦੀ ਗਜ਼ਲ ਸੁਣਾ ਕੇ ਮਾਹੌਲ ਨੂੰ ਬਹੁਤ ਭਾਵੁਕ ਬਣਾ ਦਿੱਤਾ।ਸਮਾਗਮ ਦੇ ਅੰਤ ਵਿਚ ਉੱਘੇ ਲੇਖਕ ਅਤੇ ਵਿਦਵਾਨ ਡਾ.ਅਨੂਪ ਸਿੰਘ ਨੇ ਪੂਰੇ ਕਵੀ ਦਰਬਾਰ ਦਾ ਮੁਲਾਂਕਣ ਕੀਤਾ ।



# ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਤੇ ਕਾਲਾਬਾਜ਼ਾਰੀ ਰੋਕਣ ਲਈ ਟਾਸਕ ਫੋਰਸ ਗਠਿਤ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**-ਮੌਜੂਦਾ ਹਾਲਾਤ ਦੌਰਾਨ ਕੁਝ ਦੁਕਾਨਦਾਰਾਂ ਵੱਲੋਂ ਖਾਣ-ਪੀਣ ਦੀਆਂ ਵਸਤੂਆਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਲੋੜਾਂ ਵਾਲੀਆਂ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਰੋਕਣ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਜਿੱਥੇ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਕੀਤਾ ਹੈ ਉੱਥੇ ਲੋਕਾਂ ਲਈ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਹਨ। ਗਠਿਤ ਕੀਤੀ ਟਾਸਕ ਫੋਰਸ ਦੀ ਅਗਵਾਈ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਅਤੇ ਜ਼ਿਲ੍ਹਾ ਮੰਡੀ ਅਫਸਰ ਕਰਨਗੇ, ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਜ਼ਿਲ੍ਹੇ ਵਿੱਚ ਕਾਲਾਬਾਜ਼ਾਰੀ, ਜਮ੍ਹਾਂਖੋਰੀ ਅਤੇ ਵਸਤੂਆਂ ਦੀ ਨਕਲੀ ਘਾਟ ਨੂੰ ਰੋਕਣ ਲਈ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਣ। ਜਾਰੀ ਕੀਤੀਆਂ ਹਦਾਇਤਾਂ ਵਿੱਚ ਉਹਨਾਂ ਸਪੱਸ਼ਟ ਕੀਤਾ ਕਿ ਇਹ ਟੀਮ ਨਿਰੀਖਣ ਕਰੇਗੀ ਅਤੇ ਅਨੈਤਿਕ ਵਪਾਰ ਵਿੱਚ ਸ਼ਾਮਲ ਪਾਏ ਜਾਣ ਵਾਲੇ ਵਿਅਕਤੀ ਜਾਂ ਸੰਸਥਾ ਵਿਰੁੱਧ ਤੁਰੰਤ ਕਾਰਵਾਈ ਕਰੇਗੀ। ਉਹਨਾਂ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ, ਖਾਸ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਉਚਿਤ ਕੀਮਤ ਅਤੇ ਜ਼ਰੂਰੀ ਵਸਤੂਆਂ ਤੱਕ ਨਿਰਵਿਘਨ ਪਹੁੰਚ ਬਣਾਈ ਜਾਵੇਗੀ। ਉਹਨਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਵਿਅਕਤੀ, ਵਪਾਰੀ ਜਾਂ ਸੰਗਠਨ ਨੂੰ ਅਨਾਜ ਅਤੇ ਸੰਬੰਧਤ ਸਮਾਨ, ਚਾਰਾ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ, ਡੀਜ਼ਲ ਤੇ ਹੋਰ ਬਾਲਣ ਵਰਗੀਆਂ ਜ਼ਰੂਰੀ ਵਸਤੂਆਂ ਨੂੰ ਜਮ੍ਹਾਂਖੋਰੀ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਇਸ ਸਬੰਧੀ ਕੀਤੀ ਗਈ ਉਲੰਘਣਾ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇਗਾ।ਉਹਨਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਜਮ੍ਹਾਂਖੋਰੀ, ਕਾਲਾਬਾਜ਼ਾਰੀ, ਜਾਂ ਕੀਮਤਾਂ ਵਿੱਚ ਹੇਰਾਫੇਰੀ ਦੀ ਕਿਸੇ ਵੀ ਘਟਨਾ ਦੀ ਰਿਪੋਰਟ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ (ਜ਼ਰੂਰੀ ਵਸਤੂਆਂ, ਪੈਟਰੋਲ, ਡੀਜ਼ਲ, ਆਦਿ ਲਈ) 0183-22564966 ਅਤੇ ਮੰਡੀ ਬੋਰਡ (ਸਬਜ਼ੀਆਂ ਅਤੇ ਫਲਾਂ ਸਮੇਤ ਮੰਡੀ ਨਾਲ ਸਬੰਧਤ ਮੁੱਦਿਆਂ ਲਈ) ਫੋਨ ਨੰਬਰ 0183-2527459 ਉੱਤੇ ਸ਼ਿਕਾਇਤ ਕਰਨ। ਡਿਪਟੀ ਕਮਿਸ਼ਨਰ ਨੇ ਜਨਤਾ ਨੂੰ ਭਰੋਸਾ ਦਿਵਾਇਆ ਹੈ ਕਿ ਕਰਿਆਨੇ, ਦੁੱਧ, ਅਨਾਜ, ਦਾਲਾਂ ਅਤੇ ਹੋਰ ਖਪਤਕਾਰ ਸਮਾਨ ਸਮੇਤ ਜ਼ਰੂਰੀ ਵਸਤੂਆਂ ਦੀ ਕੋਈ ਕਮੀ ਨਹੀਂ। ਉਨ੍ਹਾਂ ਨੇ ਜਨਤਾ ਨੂੰ ਘਬਰਾਉਣ ਅਤੇ ਜਮ੍ਹਾਂਖੋਰੀ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵੀ ਦੁਕਾਨਦਾਰ ਜਾਂ ਵਪਾਰੀ ਨਕਲੀ ਕਮੀ ਜਾਂ ਸ਼ੋਸ਼ਣਕਾਰੀ ਕੀਮਤਾਂ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਕਸਬਾ ਪੁਰਾਣਾ ਸ਼ਾਲਾ ਦਾ ਮੁਹੱਲਾ ਕਲੀਨਿਕ ਆਮ ਲੋਕਾਂ ਲਈ ਹੋ ਰਿਹਾ ਵਰਦਾਨ ਸਾਬਤ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਦੇ ਕਸਬਾ ਪੁਰਾਣਾ ਸ਼ਾਲਾ ਵਿਖੇ ਪੰਜਾਬ ਸਰਕਾਰ ਵਲੋਂ ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰਖਦੇ ਹੋਏ ਮੁਹੱਲਾ ਕਲੀਨਿਕ ਖੋਲ੍ਹੀ ਹੋਈ ਹੈ ਅਤੇ ਦਿਹਾਤੀ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਮੈਡੀਕਲ ਅਫਸਰ ਡਾ. ਪ੍ਰਿੰਸ ਨੇ ਦੱਸਿਆ ਕਿ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੇ ਯਤਨਾਂ ਸਦਕਾ ਜਿਹੜੇ ਮੁਹੱਲਾ ਕਲੀਨਿਕ ਖੁੱਲ੍ਹੇ ਹਨ ਅਤੇ ਲੋਕਾਂ ਨੂੰ 50 ਦੇ ਕਰੀਬ ਮੁਫ਼ਤ ਟੈਸਟ ਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਪੇਂਡੂ ਲੋਕਾਂ ਨੂੰ ਇਨ੍ਹਾਂ ਦਾ ਕਾਫ਼ੀ ਲਾਭ ਮਿਲ ਰਿਹਾ ਹੈ। ਡਾ. ਪ੍ਰਿੰਸ ਨੇ ਦੱਸਿਆ ਕਿ ਮੇਰੇ ਅਧੀਨ ਇਕ ਦਰਜਨ ਤੋਂ ਵੱਧ ਪਿੰਡ ਹਨ ਅਤੇ ਰੋਜ਼ਾਨਾ 90 ਤੋਂ 100 ਦੇ ਕਰੀਬ ਮਰੀਜ਼ ਸਿਹਤ ਸਹੂਲਤਾਂ ਦਾ ਲਾਭ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਮੁਹੱਲਾ ਕਲੀਨਿਕਾਂ ਦਾ ਲਾਭ ਮੱਧ ਵਰਗ ਅਤੇ ਆਮ ਵਰਗਾਂ ਦੇ ਲੋਕ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਮੇਰੀ ਟੀਮ ਵਿਚ ਕਲੀਨਿਕ ਅਸਿਸਟੈਂਟ ਫਾਰਮਾਸਿਸਟ ਤੋਂ ਇਲਾਵਾ ਹੈਲਪਰ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਕਲੀਨਿਕ ਵਿਚ ਹਰ ਤਰ੍ਹਾਂ ਦੀ ਦਵਾਈ ਮੁਫ਼ਤ ਅਤੇ ਖ਼ਾਸ ਕਰਕੇ ਸ਼ਰਾਬ ਛੱਡਣ ਦੀ ਦਵਾਈ ਤੋਂ ਇਲਾਵਾ ਨਸ਼ਾ ਕਰਨ ਵਾਲੇ ਵਿਅਕਤੀਆਂ ਨੂੰ ਨਸ਼ਾ ਮੁਕਤੀ ਦੀ ਦਵਾਈ ਵੀ ਦਿੱਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਨੀਤੂ ਬਾਲਾ, ਸੋਨੂੰ ਅਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।



# ਨੈਸ਼ਨਲ ਲੋਕ ਅਦਾਲਤ ਭਲਕੇ ਲੱਗੇਗੀ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਦੀਪਕ ਸਿੱਬਲ ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਦਿਲਬਾਗ ਸਿੰਘ ਜੌਹਲ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਹਰਪ੍ਰੀਤ ਸਿੰਘ ਮਾਨਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜ਼ਨ ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਗੁਰਦਾਸਪੁਰ ਅਤੇ ਸਬ-ਡਵੀਜਨ ਬਟਾਲਾ ਵਲੋਂ ਕੇਸਾਂ ਦੇ ਨਿਪਟਾਰੇ ਲਈ 10 ਮਈ ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਨੈਸ਼ਨਲ ਲੋਕ ਅਦਾਲਤ ਵਿਚ ਫ਼ੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਵਾਰਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਣਗੇ। ਇਸ ਤੋਂ ਇਲਾਵਾ ਪ੍ਰੀ-ਲਿਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਜਲ ਸਪਲਾਈ, ਲੇਬਰ ਆਦਿ ਕੇਸ ਵੀ ਲਗਾਏ ਜਾਣਗੇ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦਿਲਬਾਗ ਸਿੰਘ ਜੌਹਲ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬੱਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲੇ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਹਨਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾਂ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸਾਂ ਵਿੱਚ ਲਗਾਈ ਗਈ, ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

# ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਓਲੰਪਿਆਡ ਟੈਸਟ 'ਚ ਹਿੱਸਾ ਲੈ ਕੇ ਪ੍ਰਾਪਤੀਆਂ ਕੀਤੀਆਂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਡੀ ਏ ਵੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਪਦਮ ਸ਼੍ਰੀ ਅਵਾਰਡ ਨਾਲ ਨਿਵਾਜੇ ਆਰਿਆ ਰਤਨ ਪੂਨਮ ਸੂਰੀ, ਚੇਅਰਮੈਨ ਮਹੇਸ਼ ਚੋਪੜਾ, ਡਾਇਰੈਕਟਰ ਵੀ ਕੇ ਚੋਪੜਾ, ਆਰ ਓ ( ਜ਼ੋਨ ਸੀ ) ਦੇ ਮੈਡਮ ਡਾਕਟਰ ਸ੍ਰੀਮਤੀ ਅੰਜਨਾ ਗੁਪਤਾ, ਮੈਨੇਜਰ ਡਾਕਟਰ ਨੀਰਾ ਸ਼ਰਮਾ, ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਬੱਚਿਆਂ ਨੇ ਸਾਇੰਸ, ਹਿਸਾਬ ਅਤੇ ਜੀ ਕੇ ਦੇ ਓਲੰਪਿਆਡ ਟੈਸਟ ਵਿੱਚ ਹਿੱਸਾ ਲਿਆ। ਇਹ ਇੱਕ ਰਾਸ਼ਟਰੀ ਪੱਧਰ ਦਾ ਟੈਸਟ ਹੈ।ਜਿਸ ਵਿੱਚ ਬਹੁਤ ਸਾਰੇ ਬੱਚਿਆਂ ਨੇ ਪ੍ਰਾਪਤੀਆਂ ਕੀਤੀਆਂ।ਹਿਸਾਬ ਦਾ ਟੈਸਟ ਸੋਨੀਆ ਸ਼ਰਮਾ ਦੁਆਰਾ ਕਰਵਾਇਆ ਗਿਆ ।ਜਿਸ ਵਿੱਚ 16 ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਸਭ ਨੇ ਲੈਵਲ ਵਨ ਪਾਰ ਕਰ ਲਿਆ।ਅਸੀਸ ਸ਼ਰਮਾ (ਜਮਾਤ ਤੀਸਰੀ) ਦੇ ਵਿਦਿਆਰਥੀ ਨੇ ਲੈਵਲ ਵਨ ਵਿੱਚ ਜਿੱਤ ਹਾਸਲ ਕੀਤੀ ਤੇ ਗੋਲਡ ਮੈਡਲ ਹਾਸਲ ਵੀ ਕੀਤਾ।ਪੰਜਵੀ ਜਮਾਤ ਦੇ ਵਿਦਿਆਰਥੀ ਸਕਸ਼ਮ ਸੋਨੀ ਅਤੇ ਖੁਸ਼ੀ ਲੈਵਲ 2 ਤੱਕ ਪਹੁੰਚੇ। ਸਾਇੰਸ ਓਲੰਪਿਆਡ ਦੀ ਤਿਆਰੀ ਮੈਡਮ ਨੇਹਾ ਖੁੱਲਰ ਦੁਆਰਾ ਕਰਵਾਈ ਗਈ, ਜਿਸ ਵਿੱਚ 11 ਬੱਚਿਆਂ ਨੇ ਹਿੱਸਾ ਲਿਆ ਅਤੇ ਅੱਠ ਨੇ ਲੈਵਲ ਪਹਿਲਾ ਪਾਰ ਕੀਤਾ ਅਤੇ ਗੋਲਡ ਮੈਡਲ ਹਾਸਲ ਕੀਤਾ। ਗੋਲਡ ਮੈਡਲ ਹਾਸਲ ਕਰਨ ਵਾਲੇ ਵਿਦਿਆਰਥੀ ਜੈਸਮੀਨ ਕੌਰ (ਜਮਾਤ ਤੀਸਰੀ ), ਅਲੀਸ਼ਾ ਸ਼ਰਮਾ( ਜਮਾਤ ਛੇਵੀਂ) ਚਾਹਤ ਦੀਪ ਕੌਰ ( ਜਮਾਤ ਛੇਵੀਂ) ਜੰਨਤ ਦੀਪ ਕੌਰ (ਜਮਾਤ ਛੇਵੀਂ) ਕੈਟਰੀਨਾ ਮਾਈਕਲ ਜੇਮਸ (ਜਮਾਤ ਛੇਵੀਂ) ਕਿਰਨਦੀਪ ਕੌਰ (ਜਮਾਤ ਛੇਵੀਂ) ਸੋਨਮਪ੍ਰੀਤ ਕੌਰ (ਜਮਾਤ ਛੇਵੀਂ ) ਸੁਖਮਨਦੀਪ ਕੌਰ( ਜਮਾਤ ਛੇਵੀਂ) ਜੀ ਕੇ ਓਲੰਪਿਆਡ ਵਿੱਚ ਕੁਲ 17 ਬੱਚਿਆਂ ਨੇ ਹਿੱਸਾ ਲਿਆ ਅਤੇ 12 ਬੱਚਿਆਂ ਨੇ ਗੋਲਡ ਮੈਡਲ ਹਾਸਲ ਕੀਤਾ। ਜੀ ਕੇ ਓਲੰਪਿਆਡ ਦੀ ਤਿਆਰੀ ਮੈਡਮ ਆਰਤੀ ਮਹਾਜਨ ਤੇ ਮੈਡਮ ਨੇਹਾ ਖੁੱਲਰ ਨੇ ਕਰਵਾਈ। ਜੀ ਕੇ ਓਲੰਪਿਆਡ ਵਿੱਚੋਂ ਅਸੀਸ ਸਿੰਘ (ਜਮਾਤ ਚੌਥੀ), ਹਰਸੀਰਤ ਕੌਰ (ਜਮਾਤ ਚੌਥੀ ), ਪ੍ਰਦੀਪ ਕੌਰ ( ਜਮਾਤ ਚੌਥੀ), ਜੈਸਮੀਨ ਕੌਰ (ਜਮਾਤ ਚੌਥੀ ), ਸਹਿਜ ਪ੍ਰੀਤ ਸਿੰਘ ( ਜਮਾਤ ਚੌਥੀ ), ਨਤਾਸ਼ਾ( ਜਮਾਤ ਛੇਵੀਂ), ਮਨਪ੍ਰੀਤ ਕੌਰ (ਜਮਾਤ ਸੱਤਵੀਂ ),ਅਨਮੋਲ ਸਿੰਘ (ਜਮਾਤ ਅੱਠਵੀਂ), ਅਨਮੋਲ ਪ੍ਰੀਤ ਸਿੰਘ (ਜਮਾਤ ਅੱਠਵੀਂ), ਪਾਰਸ ਦੀਪ ਸਿੰਘ (ਜਮਾਤ ਅੱਠਵੀਂ), ਜਸਕੀਰਤ ਸਿੰਘ (ਜਮਾਤ ਅੱਠਵੀਂ), ਗਗਨਦੀਪ ਸਿੰਘ (ਜਮਾਤ ਅੱਠਵੀਂ )ਨੇ ਲੈਵਲ ਵਨ ਪਾਰ ਕੀਤਾ ਤੇ ਗੋਲਡ ਮੈਡਲ ਹਾਲ ਕੀਤਾ।ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ ਤੇ ਉਹਨਾਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਹਨਾਂ ਨੂੰ ਵੱਧ ਤੋਂ ਵੱਧ ਅਜਿਹੇ ਟੈਸਟਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਬੱਚਿਆਂ ਦੇ ਮਾਤਾ-ਪਿਤਾ ਦਾ ਵੀ ਧੰਨਵਾਦ ਕੀਤਾ ਜਿਨਾਂ ਨੇ ਬੱਚਿਆਂ ਨੂੰ ਅਜਿਹੇ ਟੈਸਟਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



# ਸਿਲਾਈ ਸੈਂਟਰਾਂ ਦੀਆਂ 80 ਲੜਕੀਆਂ ਨੂੰ ਸਰਟੀਫਿਕੇਟ ਵੰਡੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਮਾਈ ਭਾਗੋ ਸੇਵਾ ਟਰੱਸਟ ਯੂ.ਕੇ. ਦੇ ਸਹਿਯੋਗ ਨਾਲ ਮਾਈ ਭਾਗੋ ਸੇਵਾ ਸੋਸਾਇਟੀ ਗੁਰਦਾਸਪੁਰ ਦੀ ਨਿਗਰਾਨੀ ਹੇਠ ਵੱਖ ਵੱਖ ਥਾਂਵਾਂ 'ਤੇ ਚੱਲ ਰਹੇ 8 ਮੁਫਤ ਸਿਲਾਈ ਸਿਖਲਾਈ ਸੈਂਟਰਾਂ ਦੇ ਸਿਖਿਆਰਥਣਾਂ ਦਾ ਇੱਕ ਸਾਲ ਦਾ ਕੋਰਸ ਪੂਰਾ ਹੋਣ 'ਤੇ ਸਰਟੀਫਿਕੇਟ ਵੰਡ ਸਮਾਰੋਹ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਦੀਵਾਨ ਹਾਲ ਵਿੱਚ ਕਰਵਾਇਆ। ਸੋਸਾਇਟੀ ਦੇ ਪ੍ਰਧਾਨ ਰਣਜੀਤ ਸਿੰਘ ਕਲਿਆਣਪੁਰ ਨੇ ਦੱਸਿਆ ਸਮਾਰੋਹ ਦੌਰਾਨ ਕਰੀਬ 80 ਸਿਖਿਆਰਥਣਾਂ ਨੂੰ ਸਰਟੀਫਿਕੇਟ ਦੇਣ ਤੋਂ ਇਲਾਵਾ ਲੋੜਵੰਦ ਪਰਵਾਰਾਂ ਨੂੰ ਪੱਖੇ, ਵੀਲ੍ਹਚੇਅਰ, ਘਰੇਲੂ ਰਾਸ਼ਨ ਅਤੇ ਮਰੀਜ਼ਾਂ ਦੀ ਦਵਾਈ ਲਈ ਰਾਸ਼ੀ ਦੇ ਚੈੱਕ ਵੰਡੇ ਗਏ। ਉਨ੍ਹਾਂ ਦੱਸਿਆ ਕਿ ਮਾਈ ਭਾਗੋ ਸੇਵਾ ਟਰੱਸਟ ਯੂ.ਕੇ ਦੇ ਚੇਅਰਪਰਸ਼ਨ ਰੁਪਿੰਦਰਜੀਤ ਕੌਰ ਸਮੇਤ ਸਮੁੱਚੇ ਟਰੱਸਟੀ ਮੈਂਬਰ ਅਤੇ ਨਾਨਕ ਨਾਮ ਲੇਵਾ ਸੰਗਤਾਂ ਆਪਣੀ ਨੇਕ ਕਮਾਈ ਦਾ ਦਸਬੰਧ ਭੇਜਦੇ ਹਨ, ਜਿਸ ਨਾਲ ਸੋਸਾਇਟੀ ਵਲੋਂ ਲੋੜਵੰਦ ਵਿਦਿਆਰਥੀਆਂ ਦੀ ਫੀਸ, ਲੋੜਵੰਦਾਂ ਨੂੰ ਰਾਸ਼ਨ, ਪੀਣ-ਯੋਗ ਪਾਣੀ ਦਾ ਪ੍ਰਬੰਧ, ਵੀਲ੍ਹਚੇਅਰ, ਪੱਖੇ, ਮਰੀਜ਼ਾਂ ਦਾ ਇਲਾਜ ਆਦਿ ਸੇਵਾਵਾਂ ਨਿਰੰਤਰ ਜਾਰੀ ਹਨ ਅਤੇ ਚਲ ਰਹੇ 8 ਸਿਲਾਈ ਸੈਂਟਰਾਂ ਦੀਆਂ ਅਧਿਆਪਕਾਂ ਨੂੰ ਮਹੀਨਾਵਾਰ ਸੇਵਾ-ਫਲ ਅਤੇ ਸਿਲਾਈ ਮਸ਼ੀਨਾਂ ਦੀ ਮੁਰੰਮਤ ਆਦਿ ਸੇਵਾ ਨਿਭਾਈ ਜਾਂਦੀ ਹੈ। ਇਸ ਮੌਕੇ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਗੁਰਦੇਵ ਸਿੰਘ, ਗ੍ਰੰਥੀ ਭਾਈ ਮਨਜੀਤ ਸਿੰਘ ਬੁੱਟਰ, ਬੀਬੀ ਸੁਖਵਿੰਦਰ ਕੌਰ ਬਾਜਵਾ ਨੇ ਮਾਈ ਭਾਗੋ ਸੇਵਾ ਸੋਸਾਇਟੀ ਗੁਰਦਾਸਪੁਰ ਵੱਲੋਂ ਮਾਨਵਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਸਰਟੀਫਿਕੇਟ ਵੰਡ ਸਮਾਗਮ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਸਕੱਤਰ ਰਾਜਬੀਰ ਕੌਰ ਨੇ ਨਿਭਾਈ। ਇਸ ਮੌਕੇ ਕੈਸ਼ੀਅਰ ਮਨਦੀਪ ਕੌਰ, ਸੇਵਾਦਾਰ ਮਲਕੀਤ ਸਿੰਘ, ਸੰਦੀਪ ਸਿੰਘ ਜਫਰਵਾਲ ਆਦਿ ਤੋਂ ਇਲਾਵਾ ਸਾਰੇ ਸਿਲਾਈ ਸੈਂਟਰਾਂ ਦੀਆਂ ਅਧਿਆਪਕਾਂ ਤੇ ਸਿਖਿਆਰਥੀ ਹਾਜ਼ਰ ਸਨ ।

ਨਵਾਂ ਜ਼ਮਾਨਾ
ਸ਼ੁੱਕਰਵਾਰ, 9 ਮਈ 2025

# ਟਕਰਾਅ ਮਾੜਾ

ਪਾਕਿਸਤਾਨ ਨੂੰ ਉਸ ਦੀ ਕਰਤੂਤ ਲਈ ਸਬਕ ਸਿਖਾਉਣ ਦੀ ਕਾਰਵਾਈ ਫੌਜ ਨੇ ਕੀਤੀ, ਪਰ ਭਾਜਪਾ ਤੇ ਉਸ ਦੀ ਭਗਵਾਂ ਬ੍ਰਿਗੇਡ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੱਲੇ-ਬੱਲੇ ਕਰਨ 'ਚ ਪੂਰਾ ਤਾਣ ਲਾ ਦਿੱਤਾ ਹੈ। ਪਿਛਲੇ ਸਾਲ ਦੀਆਂ ਗਰਮੀਆਂ 'ਚ ਭਾਜਪਾ ਦੇ ਲੋਕ ਸਭਾ ਚੋਣਾਂ ਵਿੱਚ ਸਪੱਸ਼ਟ ਬਹੁਮਤ ਹਾਸਲ ਕਰਨ 'ਚ ਨਾਕਾਮ ਰਹਿਣ ਨਾਲ ਮੋਦੀ ਬਰਾਂਡ ਦੀ ਘਟੀ ਲਿਸ਼ਕ ਨੂੰ ਮੁੜ ਚਮਕਾਉਣ ਲਈ ਭਾਜਪਾਈ ਤੇ ਉਨ੍ਹਾਂ ਦੇ ਸੰਗੀ ਸੋਸ਼ਲ ਮੀਡੀਆ 'ਤੇ ਫੌਜ ਨਾਲੋਂ ਵੱਧ ਮੋਦੀ ਦਾ ਗੁਣਗਾਨ ਕਰ ਰਹੇ ਹਨ। ਭਾਜਪਾ ਨੇ ਆਪਣੇ ਅਧਿਕਾਰਤ 'ਐਕਸ' ਹੈਂਡਲ 'ਤੇ ਪੋਸਟ ਪਾਈ ਕਿ ਦੇਸ਼ ਦੀਆਂ ਬੇਟੀਆਂ ਦਾ ਸਿੰਧੂਰ ਉਜਾੜਨ ਵਾਲਿਆਂ ਨੂੰ ਮੋਦੀ ਨੇ ਸਬਕ ਸਿਖਾ ਦਿੱਤਾ। ਭਾਜਪਾ ਦੇ ਸੋਸ਼ਲ ਮੀਡੀਆ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਪੋਸਟ ਪਾਈ ਕਿ ਦਹਿਸ਼ਤਗਰਦਾਂ ਨੇ ਪਤਨੀਆਂ ਦੇ ਸਾਹਮਣੇ ਹਿੰਦੂ ਮਰਦਾਂ ਨੂੰ ਮਾਰਿਆ ਸੀ ਤੇ ਪ੍ਰਧਾਨ ਮੰਤਰੀ ਨੇ ਉਸ ਘਿਨਾਉਣੇ ਹਮਲੇ ਦਾ ਬਦਲਾ ਲੈ ਲਿਆ ਹੈ। ਮਾਲਵੀਆ ਨੇ ਇੱਕ ਹੋਰ ਪੋਸਟ ਵਿੱਚ ਕਿਹਾ ਕਿ ਦਹਿਸ਼ਤਗਰਦਾਂ ਨੂੰ 'ਮੋਦੀ ਕੋ ਬਤਾ ਦੇਨਾ ਨਹੀਂ ਬੋਲਨਾ ਚਾਹੀਏ ਥਾ।' ਇਹ ਡਾਇਲਾਗ ਹਾਲੀਵੁੱਡ ਦੀ ਪ੍ਰਸਿੱਧ ਫਿਲਮ 'ਟੇਕਨ' ਦੇ ਡਾਇਲਾਗ ਦੀ ਨਕਲ ਹੈ। ਇਸ ਤੋਂ ਇਲਾਵਾ ਭਾਜਪਾ ਨੇ ਬਾਲੀਵੁੱਡ ਫਿਲਮ ਵਰਗਾ ਡਾਇਲਾਗ ਪੋਸਟ ਕੀਤਾ 'ਨਯਾ ਭਾਰਤ ਘਰ ਮੇਂ ਘੁਸਤਾ ਭੀ ਹੈ ਔਰ ਮਾਰਤਾ ਭੀ ਹੈ।'

ਪਾਕਿਸਤਾਨ ਦੀ ਸ਼ਹਿ ਤੇ ਹਮਾਇਤ ਹਾਸਲ ਦਹਿਸ਼ਤਗਰਦਾਂ ਵੱਲੋਂ ਪਹਿਲਗਾਮ ਦੀ ਬੈਸਰਨ ਵਾਦੀ ਵਿੱਚ ਭਾਰਤੀਆਂ ਦੇ ਵਹਾਏ ਗਏ ਖੂਨ ਦਾ ਬਦਲਾ ਲੈਣ ਲਈ ਸਰਕਾਰ ਤੇ ਫੌਜ ਦੀ ਪ੍ਰਸੰਸਾ ਹੋਣੀ ਸੁਭਾਵਕ ਹੈ, ਪਰ ਕੀ ਦੇਸ਼ ਦੀ ਸੇਵਾ ਸਿਰਫ ਇੱਕ ਆਗੂ ਦੇ ਗੁਣਗਾਨ ਨਾਲ ਹੀ ਹੋ ਸਕਦੀ ਹੈ, ਜਿਸ ਦੀ ਸਰਕਾਰ ਨੇ ਜੰਮੂ-ਕਸ਼ਮੀਰ ਸੂਬੇ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਬਦਲਣ ਤੋਂ ਬਾਅਦ ਕਸ਼ਮੀਰ 'ਚ ਅਮਨ ਪਰਤਣ ਦਾ ਦਾਅਵਾ ਕੀਤਾ ਸੀ ਤੇ ਇੰਟੈਲੀਜੈਂਸ ਦੀ ਨਾਕਾਮੀ ਕਰਕੇ ਬੈਸਰਨ 'ਚ ਕਤਲੇਆਮ ਹੋ ਗਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਵਿੱਚ ਦਹਿਸ਼ਤਗਰਦਾਂ ਦੇ ਘੁਰਨਿਆਂ 'ਤੇ ਮੰਗਲਵਾਰ-ਬੁੱਧਵਾਰ ਦੀ ਦਰਮਿਆਨੀ ਰਾਤ 25 ਮਿੰਟ ਦੀ ਕਾਰਵਾਈ ਨਾਲ 100 ਤੋਂ ਵੱਧ ਦਹਿਸ਼ਤਗਰਦ ਮਾਰੇ ਗਏ, ਪਰ ਇਹ ਵੀ ਹਕੀਕਤ ਹੈ ਕਿ ਪਾਕਿਸਤਾਨੀ ਗੋਲਾਬਾਰੀ ਨਾਲ ਪੁਣਛ ਵਿੱਚ ਚਾਰ ਬੱਚਿਆਂ ਸਣੇ 14 ਭਾਰਤੀ ਵੀ ਮਾਰੇ ਗਏ। ਮਤਲਬ ਭਾਰਤ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਦੌਰਾਨ ਵੀ ਆਮ ਭਾਰਤੀਆਂ ਦਾ ਖੂਨ ਡੁੱਲ੍ਹਿਆ। ਫਿਲਹਾਲ ਪਾਕਿਸਤਾਨ ਨੇ ਜੰਗ ਸ਼ੁਰੂ ਕਰਨ ਵਰਗੀ ਹਿਮਾਕਤ ਨਹੀਂ ਕੀਤੀ, ਪਰ ਕਰ ਦਿੱਤੀ ਤਾਂ ਆਮ ਲੋਕਾਂ ਲਈ ਕਿੰਨੀ ਮੁਸ਼ਕਲ ਹੋ ਸਕਦੀ ਹੈ, ਇਸ ਦਾ ਰੂਸ-ਯੂਕਰੇਨ ਤੇ ਇਜ਼ਰਾਈਲ-ਫਲਸਤੀਨ ਦੇ ਸੰਘਰਸ਼ਾਂ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਬੈਸਰਨ ਹਮਲੇ ਤੋਂ ਬਾਅਦ 100 ਤੋਂ ਵੱਧ ਦੇਸ਼ਾਂ ਨੇ ਭਾਰਤ ਨਾਲ ਹਮਦਰਦੀ ਜ਼ਾਹਰ ਕੀਤੀ ਸੀ ਤੇ ਨਾਲ ਹੀ ਇਹ ਅਪੀਲ ਕੀਤੀ ਸੀ ਕਿ ਭਾਰਤ ਅਜਿਹਾ ਕਦਮ ਨਾ ਚੁੱਕੇ, ਜਿਹੜਾ ਜੰਗ ਵੱਲ ਲਿਜਾਂਦਾ ਹੋਵੇ। ਨੋਟ ਕਰਨ ਵਾਲੀ ਗੱਲ ਹੈ ਕਿ ਹਮਦਰਦੀ ਕਰਨ ਵਾਲਿਆਂ ਨੇ ਦਹਿਸ਼ਤਗਰਦਾਂ ਨੂੰ ਭੰਡਿਆ ਸੀ, ਪਰ ਪਾਕਿਸਤਾਨ ਸਰਕਾਰ ਦੀ ਖੁੱਲ੍ਹ ਕੇ ਨਿੰਦਾ ਨਹੀਂ ਸੀ ਕੀਤੀ। ਬੈਸਰਨ ਕਤਲੇਆਮ ਨੂੰ ਲੈ ਕੇ ਭਾਰਤ ਦੇ ਅੰਦਰ ਜਿੰਨਾ ਮਰਜ਼ੀ ਗੁੱਸਾ ਹੋਵੇ, ਪਰ ਬਾਹਰਮੁਖੀ ਹਾਲਾਤ ਪੂਰੀ ਤਰ੍ਹਾਂ ਭਾਰਤ ਦੇ ਹੱਕ ਵਿੱਚ ਨਹੀਂ। ਦੁਨੀਆ ਦੋਹਾਂ ਪ੍ਰਮਾਣੂ ਤਾਕਤਾਂ ਵਿਚਾਲੇ ਜੰਗ ਨਹੀਂ ਚਾਹੁੰਦੀ। ਬਿਹਤਰ ਹੋਵੇਗਾ ਕਿ ਕਿਸੇ ਤੀਜੇ ਮੁਲਕ ਦੀ ਸਾਲਸੀ ਤੋਂ ਬਿਨਾਂ ਦੋਨੋਂ ਗੁਆਂਢੀ ਗੱਲਬਾਤ ਨਾਲ ਅਜਿਹਾ ਹੱਲ ਲੱਭਣ, ਜਿਹੜਾ ਆਮ ਲੋਕਾਂ ਦੀ ਸਲਾਮਤੀ ਦਾ ਜਾਮਨ ਬਣੇ। ਟਕਰਾਅ ਕਿਸੇ ਦੇ ਵੀ ਹਿੱਤ 'ਚ ਨਹੀਂ।

# ਜਾਤੀਗਤ ਜਨਗਣਨਾ ਦੇ ਭਵਿੱਖਮੁਖੀ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਪ੍ਰਭਾਵ


ਆਤਮਾ ਸਿੰਘ ਪਮਾਰ

ਭਾਰਤ ਦੇਸ਼ ਅੰਦਰ ਹਜ਼ਾਰਾਂ ਸਾਲਾਂ ਤੋਂ ਵਰਣ ਵਿਵਸਥਾ ਬਾਕਾਇਦਾ ਰੂਪ 'ਚ ਬਾਦਸਤੂਰ ਚੱਲ ਰਹੀ ਹੈ। ਇਸੇ ਅਧਾਰ 'ਤੇ ਹੀ ਦੇਸ਼ ਦੀ ਸਮੁੱਚੀ ਅਬਾਦੀ ਨੂੰ ਚਹੁੰ ਵਰਣਾਂ 'ਚ ਵੰਡਿਆ ਗਿਆ ਹੈ। ਜਿਵੇਂ ਬ੍ਰਾਹਮਣ, ਵੈਸ਼, ਕਸ਼ੱਤਰੀ ਅਤੇ ਸ਼ੂਦਰ। ਮੰਨਿਆ ਇਹ ਵੀ ਜਾਂਦਾ ਹੈ ਕਿ ਇਹ ਵੰਡ ਉਸ ਸਮੇਂ ਪਿਤਾ-ਪੁਰਖੀ ਕਿੱਤਾ ਅਧਾਰਿਤ ਹੀ ਕੀਤੀ ਗਈ ਸੀ। ਸਵਾਲ ਪੈਦਾ ਹੁੰਦਾ ਹੈ ਕਿ ਕੁਦਰਤੀ ਵਿਧੀ ਵਿਧਾਨ ਅਨੁਸਾਰ ਜਦੋਂ ਹਰ ਵਿਅਕਤੀ ਦੀ ਪੈਦਾਇਸ਼ੀ ਪ੍ਰਕਿਰਿਆ ਦਾ ਢੰਗ-ਤਰੀਕਾ ਇੱਕ ਸਮਾਨ ਹੈ ਤਾਂ ਇਸ ਵੰਡ ਦਾ ਅਧਾਰ ਅਤੇ ਪ੍ਰਸੰਗਕਤਾ ਕਿੰਨੀ ਕੁ ਸਾਰਥਕ ਹੈ? ਜੇਕਰ ਇਸ ਵੰਡ ਨੂੰ ਗੈਰਮਨੁੱਖੀ ਜਾਂ ਗੈਰ ਕੁਦਰਤੀ ਵੀ ਕਹਿ ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਪਿਛਲੇ ਕੁੱਝ ਸਮੇਂ ਤੋਂ ਦੇਸ਼ 'ਚ ਕੰਮ ਕਰ ਰਹੇ ਪੱਛੜੇ ਵਰਗਾਂ ਦੇ ਸੰਗਠਨਾਂ, ਦੇਸ਼ ਦੀ ਪਾਰਲੀਮੈਂਟ 'ਚ ਮੁੱਖ ਵਿਰੋਧੀ ਧਿਰ ਕਾਂਗਰਸ ਅਤੇ ਹੋਰ ਸਰਗਰਮ ਜੱਥੇਬੰਦੀਆਂ ਵੱਲੋਂ ਜਾਤੀਗਤ ਗਣਨਾ ਦੇ ਮਸਲੇ ਨੂੰ ਪ੍ਰਮੁਖਤਾ ਨਾਲ ਉਭਾਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਅੱਗੇ ਜ਼ੋਰਦਾਰ ਢੰਗ ਨਾਲ ਮੰਗ ਰੱਖੀ ਗਈ ਸੀ ਕਿ ਆਗਾਮੀ ਜਨਗਨਣਾ ਸਿਰਫ਼ ਤੇ ਸਿਰਫ਼ ਜਾਤੀ ਅਧਾਰਤ ਹੀ ਕਰਵਾਈ ਜਾਵੇ। ਇਸ ਮੰਗ ਨੂੰ ਸਵੀਕਾਰਦਿਆਂ ਪਿਛਲੇ ਦਿਨੀਂ ਕੇਂਦਰੀ ਕੈਬਨਿਟ ਵੱਲੋਂ ਉਕਤ ਗਣਨਾ ਨੂੰ ਰਸਮੀ ਤੌਰ 'ਤੇ ਹਰੀ ਝੰਡੀ ਵੀ ਦੇ ਦਿੱਤੀ ਗਈ ਹੈ। ਹਥਲੇ ਲੇਖ 'ਚ ਇਸ ਗਣਨਾ ਦੇ ਦੇਸ਼ ਦੀ ਰਾਜਨੀਤਕ ਸਮਾਜਿਕ ਅਤੇ ਆਰਥਿਕ ਦਿਸ਼ਾ/ਦਸ਼ਾ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਆਪਣੀ ਤੁੱਛ ਜਿਹੀ ਬੁੱਧੀ ਅਨੁਸਾਰ ਚਰਚਾ ਕਰਨ ਦਾ ਨਿਗੂਣਾ ਜਿਹਾ ਯਤਨ ਕੀਤਾ ਜਾ ਰਿਹਾ ਹੈ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ 'ਚ ਹਰ ਦਸ ਸਾਲ ਬਾਅਦ ਜਨਗਨਣਾ ਦਾ ਪ੍ਰਾਵਧਾਨ ਕੀਤਾ ਗਿਆ ਹੈ, ਪ੍ਰੰਤੂ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਲ 2011 ਤੋਂ ਬਾਅਦ ਅੱਜ ਤੱਕ ਵੀ ਇਹ ਕਾਰਜ ਸੰਭਵ ਨਹੀਂ ਹੋ ਸਕਿਆ। ਇਸ ਪਿੱਛੇ ਜ਼ਿੰਮੇਵਾਰ ਲੋਕਾਂ ਵੱਲੋਂ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਪਿਛਲੇ ਸਾਲਾਂ ਦੌਰਾਨ ਸੰਸਾਰ ਪੱਧਰ 'ਤੇ ਕੋਵਿਡ ਵਰਗੀ ਕੁਦਰਤੀ ਆਫ਼ਤ ਕਾਰਨ ਇਸ ਨੂੰ ਅਮਲ 'ਚ ਨਹੀਂ ਲਿਆਂਦਾ ਜਾ ਸਕਿਆ। ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ ਸਮੇਂ ਪ੍ਰਚਾਰ ਦੌਰਾਨ ਕਾਂਗਰਸ ਅਤੇ ਜਨਤਕ ਜੱਥੇਬੰਦੀਆਂ ਵੱਲੋਂ ਜਾਤੀਗਤ ਗਣਨਾ ਦੀ ਮੰਗ ਨੂੰ ਖੂਬ ਪ੍ਰਚਾਰਿਆ ਗਿਆ ਅਤੇ ਕਾਂਗਰਸ ਵੱਲੋਂ ਤਾਂ ਇਸ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਦਰਜ ਕਰਕੇ ਵੀ ਜਨਤਾ ਨਾਲ ਵਾਅਦਾ ਕੀਤਾ ਗਿਆ ਸੀ ਕਿ ਸੱਤਾ ਪ੍ਰਾਪਤੀ ਉਪਰੰਤ ਇਸ ਨੂੰ ਬਾਕਾਇਦਾ ਰੂਪ 'ਚ ਲਾਗੂ ਕਰਕੇ ਦੇਸ਼ ਦੀਆਂ ਸਮੁੱਚੀਆਂ ਜਾਤਾਂ ਦੀ ਵਿਸਥਾਰਤ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਕਾਂਗਰਸ ਦੀ ਸਰਕਾਰ ਨਾ ਬਣਨ ਕਾਰਨ ਇਸ ਨੂੰ ਵਿਰੋਧੀ ਧਿਰ 'ਚ ਬੈਠਣ ਨਾਲ ਹੀ ਸਬਰ ਕਰਨਾ ਪਿਆ। ਵਿਰੋਧੀ ਧਿਰ ਦੇ ਆਗੂ ਵਜੋਂ ਪਾਰਲੀਮੈਂਟ ਸੈਸ਼ਨ ਦੌਰਾਨ ਵੀ ਰਾਹੁਲ ਗਾਂਧੀ ਵੱਲੋਂ ਬਾਕੀ ਮੁੱਦਿਆਂ ਦੇ ਨਾਲ-ਨਾਲ ਇਸ ਮੁੱਦੇ ਨੂੰ ਵੀ ਜ਼ੋਰਦਾਰ ਤਰੀਕੇ ਨਾਲ ਉਭਾਰਿਆ ਜਾਂਦਾ ਰਿਹਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅੰਗਰੇਜ਼ ਹਕੂਮਤ ਸਮੇਂ ਸਿਰਫ਼ ਸਾਲ 1931 'ਚ ਹੀ ਜਾਤੀਗਤ ਗਣਨਾ ਹੋਈ ਸੀ। ਉਸ ਤੋਂ ਬਾਅਦ ਅਜ਼ਾਦ ਭਾਰਤ 'ਚ ਕਦੇ ਵੀ ਅਜਿਹਾ ਕੁੱਝ ਸੰਭਵ ਨਹੀਂ ਹੋ ਸਕਿਆ। ਇੱਥੇ ਇੱਕ ਗੱਲ ਸਪੱਸ਼ਟ ਹੈ ਅਤੇ ਆਮ ਲੋਕਾਂ 'ਚ ਚਰਚਾ ਵੀ ਹੈ ਕਿ ਦੇਸ਼ ਦੀ ਸੱਤਾ 'ਤੇ ਕਾਂਗਰਸ ਲੰਬਾ ਸਮਾਂ ਕਾਬਜ਼ ਰਹੀ ਹੈ, ਇਸ ਨੇ ਆਪਣੇ ਕਾਰਜਕਾਲ ਦੌਰਾਨ ਅਜਿਹਾ ਜੋਖ਼ਮ ਲੈਣਾ ਮੁਨਾਸਿਬ ਕਿਉਂ ਨਹੀਂ ਸਮਝਿਆ? ਇਹ ਵੀ ਇੱਕ ਕੌੜਾ ਸੱਚ ਹੈ ਕਿ ਧੁਰ ਅੰਦਰੋਂ ਇੱਕ ਵੀ ਅਜਿਹਾ ਰਾਜਨੀਤਕ ਦਲ ਨਹੀਂ, ਜੋ ਇਸ ਤਰ੍ਹਾਂ ਦੀ ਗਣਨਾ ਕਰਵਾਉਣ ਲਈ ਸਿਧਾਂਤਕ ਤੌਰ 'ਤੇ ਤਿਆਰ ਹੋਵੇ। ਸਿਆਸੀ ਮਜਬੂਰੀਵੱਸ ਹਿੱਕ 'ਤੇ ਪੱਥਰ ਰੱਖ ਕੇ ਜਾਂ ਕੌੜਾ ਘੁੱਟ ਭਰਨ ਵਰਗਾ ਫੈਸਲਾ ਲੈਣਾ ਪੈ ਜਾਵੇ ਤਾਂ ਇਹ ਫਸ ਗਈ ਤਾਂ ਫਟਕਣ ਵਾਲੀ ਗੱਲ ਭਾਵੇਂ ਹੋ ਜਾਵੇ। ਦੇਸ਼ ਵਿਚਲੀਆਂ ਅਨੁਸੂਚਿਤ ਅਤੇ ਅਨੁਸੂਚਿਤ ਜਨਜਾਤੀਆਂ ਦੀ ਮਰਦਮਸ਼ੁਮਾਰੀ ਹੁੰਦੀ ਤਾਂ ਹੈ, ਪ੍ਰੰਤੂ ਇਸ ਵਿੱਚ ਹਰ ਜਾਤੀ ਦਾ ਵੇਰਵਾ ਵੱਖਰੇ-ਵੱਖਰੇ ਰੂਪ 'ਚ ਅੰਕਿਤ ਨਹੀਂ ਹੁੰਦਾ। ਇਸ ਮੰਗ ਦੇ ਜ਼ੋਰ ਫੜਨ ਦਾ ਵੱਡਾ ਅਤੇ ਅਹਿਮ ਕਾਰਨ ਇਹ ਹੈ ਕਿ ਦੇਸ਼ ਦੇ ਪੱਛੜੇ ਵਰਗਾਂ ਦੀ ਮਰਦਮਸ਼ੁਮਾਰੀ ਦੌਰਾਨ ਕਦੇ ਗਿਣਤੀ ਹੋਈ ਹੀ ਨਹੀਂ। ਜਾਪਦਾ ਹੈ ਜਿਵੇਂ ਕਿਸੇ ਵਿਸ਼ੇਸ਼ ਯੋਜਨਾ ਤਹਿਤ ਹੀ ਇਸ ਵਰਗ ਨੂੰ ਗਿਣਤੀ ਤੋਂ ਬਾਹਰ ਰੱਖਿਆ ਗਿਆ ਹੋਵੇ। ਆਮ ਧਾਰਨਾ ਹੈ ਕਿ ਰਾਜਨੀਤਕ ਦਲ ਤਾਂ ਆਪਣੇ ਸਿਆਸੀ ਮੁਫਾਦਾਂ ਲਈ ਅਜਿਹੀ ਮੰਗ ਕਰ ਸਕਦੇ ਹਨ ਅਤੇ ਭਵਿੱਖ 'ਚ ਵੀ ਸੱਤਾ ਪ੍ਰਾਪਤੀ ਲਈ ਅਜਿਹਾ ਵਰਤਾਰਾ ਜਾਰੀ ਰਹੇਗਾ, ਪ੍ਰੰਤੂ ਅੱਜਕੱਲ੍ਹ ਦੇਸ਼ ਦੇ ਪੱਛੜੇ ਵਰਗ ਵੀ ਸੋਸ਼ਲ, ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਏ ਦੀ ਆਮਦ ਕਾਰਨ ਆਪਣੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੇ ਹਨ ਅਤੇ ਉਨ੍ਹਾਂ ਨੇ ਵੀ ਸਰਕਾਰਾਂ ਤੱਕ ਆਪਣੀ ਅਵਾਜ਼ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਲੋਕਾਂ ਦਾ ਮੰਨਣਾ ਹੈ ਕਿ ਜਦੋਂ ਸਰਕਾਰ ਦੇ ਰਿਕਾਰਡ 'ਚ ਸਾਡੇ ਅੰਕੜੇ ਅੰਕਿਤ ਹੀ ਨਹੀਂ ਤਾਂ ਜਨਤਕ ਭਲਾਈ ਦੀਆਂ ਸਕੀਮਾਂ ਦਾ ਲਾਭ, ਰਾਜਨੀਤਕ ਅਤੇ ਆਰਥਿਕ ਖੇਤਰ 'ਚ ਬਣਦੀ ਹਿੱਸੇਦਾਰੀ ਅਸੀਂ ਕਿਵੇਂ ਅਤੇ ਕਿਸ ਅਧਾਰ 'ਤੇ ਪ੍ਰਾਪਤ ਕਰ ਸਕਾਂਗੇ। ਕੇਂਦਰੀ ਕੈਬਨਿਟ ਅਤੇ ਸਰਕਾਰ ਦਾ ਸਾਰਾ ਧਿਆਨ ਸਿਰਫ ਪੱਛੜੀਆਂ ਸ਼੍ਰੇਣੀਆਂ ਦੀ ਗਣਨਾ 'ਤੇ ਹੀ ਜ਼ਿਆਦਾ ਕੇਂਦਰਤ ਮੰਨਿਆ ਜਾਂਦਾ ਹੈ, ਕਿਉਂਕਿ ਸਰਕਾਰ ਦਾ ਮੰਨਣਾ ਹੈ ਕਿ ਜਨਰਲ ਵਰਗ ਦੀ ਮਰਦਮਸ਼ੁਮਾਰੀ ਤਾਂ ਪਹਿਲਾਂ ਵੀ ਹੁੰਦੀ ਹੀ ਹੈ, ਪ੍ਰੰਤੂ ਜ਼ਮੀਨੀ ਪੱਧਰ 'ਤੇ ਇਹ ਚਰਚਾ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ ਕਿ ਗਿਣਤੀ ਦੇਸ਼ 'ਚ ਵਸਦੇ ਸਮੁੱਚੇ ਜਨਰਲ ਵਰਗ ਦੀ ਵੀ ਜਾਤਾਂ ਅਤੇ ਕਬੀਲਿਆਂ ਅਨੁਸਾਰ ਵੱਖਰੇ-ਵੱਖਰੇ ਤੌਰ 'ਤੇ ਹੀ ਕਰਵਾਈ ਜਾਵੇ, ਤਾਂ ਕਿ ਸਰਕਾਰੀ ਨੌਕਰੀਆਂ, ਪ੍ਰਾਪਰਟੀ, ਵੱਡੇ ਉਦਯੋਗਾਂ, ਨਿਆਂਪਾਲਿਕਾ ਤੋਂ ਇਲਾਵਾ ਕਾਰਜਪਾਲਿਕਾ ਅਤੇ ਰਾਜਨੀਤਕ ਉੱਚ ਅਹੁਦਿਆਂ ਆਦਿ ਦੀ ਕਾਣੀ ਵੰਡ ਬਾਰੇ ਵੀ ਉਨ੍ਹਾਂ ਦੀ ਗਿਣਤੀ ਅਨੁਸਾਰ ਸਹੀ ਅਤੇ ਤੱਥਾਂ ਸਹਿਤ ਅੰਕੜੇ ਜਨਤਕ ਤੌਰ 'ਤੇ ਸਾਹਮਣੇ ਆ ਸਕਣ। ਆਮ ਲੋਕ ਅਤੇ ਰਾਜਨੀਤੀ ਦੇ ਜਾਣੂ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਜਿਹੜੀ ਸਰਕਾਰ ਇਸ ਗਣਨਾ ਨੂੰ ਇਹ ਕਹਿੰਦਿਆਂ ਪਾਣੀ ਪੀ-ਪੀ ਕੋਸਦੀ ਰਹੀ ਹੈ ਕਿ ਇਸ ਨਾਲ ਦੇਸ਼ 'ਚ ਅਫ਼ਰਾ-ਤਫਰੀ ਅਤੇ ਅਰਾਜਕਤਾ ਦਾ ਮਾਹੌਲ ਬਣਨ ਤੋਂ ਇਲਾਵਾ ਦੇਸ਼ 'ਚ ਵੰਡੀਆਂ ਪੈ ਜਾਣਗੀਆਂ ਅਤੇ ਇਹ ਭਾਈਚਾਰਕ ਸਾਂਝ ਲਈ ਖ਼ਤਰਾ ਹੈ ਅਤੇ ਇਸ ਮੰਗ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਹੀ ਕਰ ਦਿੱਤਾ ਸੀ, ਹੁਣ ਅਜਿਹਾ ਕੀ ਭਾਣਾ ਵਰਤ ਗਿਆ ਕਿ ਸਰਕਾਰ ਨੂੰ ਇਸ ਦਾ ਬਾਕਾਇਦਾ ਰੂਪ 'ਚ ਐਲਾਨ ਵੀ ਕਰਨਾ ਪੈ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਲੋਕ ਸਵਾਲ ਖੜ੍ਹੇ ਕਰ ਰਹੇ ਹਨ ਕਿ ਕੀ ਸਰਕਾਰ ਵਿਰੋਧੀ ਧਿਰ ਦੇ ਦਬਾਅ 'ਚ ਆ ਗਈ ਹੈ ਜਾਂ ਫਿਰ ਜਨਤਕ ਜੱਥੇਬੰਦੀਆਂ ਦੇ ਕਿਸੇ ਵੱਡੇ ਰੋਹ ਦਾ ਖਦਸ਼ਾ ਦਰਪੇਸ਼ ਹੈ? ਰਾਜਸੀ ਪੰਡਿਤਾਂ ਦਾ ਮੰਨਣਾ ਹੈ ਕਿ ਅਜਿਹਾ ਕੁੱਝ ਵੀ ਨਹੀਂ, ਸਗੋਂ ਇਸ ਨੂੰ ਤਾਂ ਇੱਕ ਰਾਜਨੀਤਕ ਪੈਂਤੜੇ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ। ਇਸ ਦੇ ਕੁੱਝ ਕਾਰਨਾਂ ਦੀ ਉਨ੍ਹਾਂ ਵੱਲੋਂ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਜਿਨ੍ਹਾਂ 'ਚੋਂ ਸਭ ਤੋਂ ਪਹਿਲਾ ਅਤੇ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਸਮੇਂ ਸਰਕਾਰ ਜਿਨ੍ਹਾਂ ਵੈਸਾਖੀਆਂ ਸਹਾਰੇ ਚੱਲ ਰਹੀ ਹੈ, ਜਾਤੀ ਗਣਨਾ ਕਰਵਾਉਣ ਦੇ ਅਸਲ ਸੂਤਰਧਾਰ ਹੀ ਉਹ ਲੋਕ ਹਨ। ਇਹ ਨੰਗਾ ਚਿੱਟਾ ਸਿਧਾਂਤ ਹੈ ਕਿ ਰਾਜਨੀਤੀ ਬੇਵਿਸ਼ਵਾਸੀ ਅਤੇ ਤਿਲਕਣਬਾਜ਼ੀ ਦੀ ਖੇਡ ਹੈ। ਕਦੋਂ ਕੋਈ ਖਿਡਾਰੀ ਦਾਅਪੇਚ ਲਗਾ ਜਾਵੇ, ਇਸ ਨੂੰ ਸਮਝਣਾ ਕਠਿਨ ਹੀ ਨਹੀਂ, ਅਸੰਭਵ ਵੀ ਹੈ। ਦੂਸਰਾ ਬਿਹਾਰ ਸਮੇਤ ਹੋਰ ਸੂਬਿਆਂ ਦੀਆਂ ਚੋਣਾਂ ਵੀ ਸਿਰ 'ਤੇ ਹਨ, ਭਾਜਪਾ ਇਸ ਤਰ੍ਹਾਂ ਦਾ ਸੰਵੇਦਨਸ਼ੀਲ ਮੁੱਦਾ ਤਾਂ ਕੀ, ਸਾਧਾਰਨ ਮੁੱਦਾ ਵੀ ਵਿਰੋਧੀਆਂ ਦੇ ਪੱਲੇ ਛੱਡਣ ਦਾ ਜੋਖ਼ਮ ਨਹੀਂ ਲੈ ਸਕਦੀ। ਤੀਸਰਾ ਅਖ਼ਬਾਰੀ ਸੁਰਖੀਆਂ ਦੱਸਦੀਆਂ ਹਨ ਕਿ ਸੰਘ ਨਾ ਚਾਹੁੰਦਿਆਂ ਵੀ ਇਹਨਾਂ ਵਰਗਾਂ ਦੇ ਵੱਡੇ ਵੋਟ ਬੈਂਕ ਨੂੰ ਖਿਸਕਣ ਨਹੀਂ ਦੇਣਾ ਚਾਹੁੰਦਾ। ਜਾਣਕਾਰੀ ਅਨੁਸਾਰ ਇਹੀ ਕਾਰਨ ਸੀ ਕਿ ਪਿਛਲੇ ਸਮੇਂ ਦੌਰਾਨ ਸੰਘ ਦੇ ਹੈੱਡਕੁਆਰਟਰ ਨਾਗਪੁਰ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਪੱਛੜਿਆਂ ਅਤੇ ਦਲਿਤ ਵਰਗ ਨੂੰ ਅਣਗੌਲਿਆਂ ਨਾ ਕਰਨ ਬਾਰੇ ਵੀ ਸੁਹਿਰਦਤਾ ਅਤੇ ਗੰਭੀਰਤਾ ਨਾਲ ਇਸ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਿਆ ਗਿਆ। ਉਕਤ ਵਿਚਾਰ ਚਰਚਾ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਅਮਲੀ ਰੂਪ 'ਚ ਦੇਸ਼ ਦੇ ਕੁੱਲ ਬਸ਼ਿੰਦਿਆਂ ਦੀ ਗਿਣਤੀ ਪੂਰੇ ਵੇਰਵਿਆਂ ਸਹਿਤ ਅਤੇ ਇਕੱਲੀ-ਇਕੱਲੀ ਜਾਤੀ ਅਨੁਸਾਰ ਹੋ ਜਾਵੇ, ਜਿਸ ਦੀ ਸੰਭਾਵਨਾ ਵੀ ਹਾਲੇ ਸ਼ੰਕਾਵਾਂ ਦੇ ਘੇਰੇ 'ਚ ਹੀ ਹੈ, ਕਿਉਂਕਿ ਅਜੇ ਤੱਕ ਸਰਕਾਰ ਵੱਲੋਂ ਇਸ ਦੀ ਕੋਈ ਸਮਾਂ-ਸੀਮਾ ਨਿਰਧਾਰਤ ਹੀ ਨਹੀਂ ਕੀਤੀ ਗਈ, ਤਾਂ ਭਾਰਤ ਦੇ ਲੋਕਾਂ ਦੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਦਿਸ਼ਾ ਅਤੇ ਦਸ਼ਾ 'ਚ ਵੱਡੀਆਂ ਤਬਦੀਲੀਆਂ ਦੀ ਸੰਭਾਵਨਾ ਬਣ ਸਕਦੀ ਹੈ। ਇਸ ਤਰ੍ਹਾਂ ਹੋਣ ਨਾਲ ਸਥਾਨਕ ਪੱਧਰ ਤੋਂ ਲੈ ਕੇ ਰਾਜਨੀਤਕ ਖੇਤਰ ਵਿਚਲੇ ਉੱਚ ਪੱਧਰੀ ਅਹੁਦਿਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀਆਂ ਰਾਖਵੀਆਂ ਸੀਟਾਂ ਨੂੰ ਮੁੜ ਤੋਂ ਨਿਰਧਾਰਿਤ ਕਰਨਾ ਹੋਵੇਗਾ। ਜਿਸ ਨਾਲ ਸੱਤਾ ਦੀ ਚਾਬੀ ਅਤੇ ਕਬਜੇ 'ਚ ਕੋਈ ਮਿਸਾਲੀ ਮੋੜ ਆਉਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਤਰ੍ਹਾਂ ਦੀ ਸਥਿਤੀ 'ਚ ਹਰ ਵਰਗ ਆਪਣੇ-ਆਪਣੇ ਸੰਵਿਧਾਨਕ ਅਧਿਕਾਰਾਂ ਦੀ ਦਾਅਵੇਦਾਰੀ ਪੇਸ਼ ਕਰਦਾ ਨਜ਼ਰ ਆਵੇਗਾ।

ਸਰਕਾਰ ਦੀਆਂ ਪੰਜ ਸਾਲਾ ਯੋਜਨਾਵਾਂ ਦਾ ਰੰਗ, ਰੂਪ ਅਤੇ ਬੱਜਟ ਵੀ ਆਮ ਨਾਲੋਂ ਹਟ ਕੇ ਹੀ ਹੋਵੇਗਾ। ਅਜਿਹਾ ਹੋਣ ਨਾਲ ਜਦੋਂ ਸਭ ਵਰਗਾਂ ਦੀ ਸਥਿਤੀ ਚਿੱਟੇ ਦਿਨ ਵਾਂਗ ਸਾਫ ਹੋ ਗਈ ਤਾਂ ਜਿੱਥੇ ਹਰ ਕਿਸੇ ਨੂੰ ਹਰੇਕ ਪੱਖੋਂ ਸਮਾਨਤਾ ਦਾ ਅਹਿਸਾਸ ਹੋਵੇਗਾ, ਉੱਥੇ ਸਮਾਜਿਕ ਅਤੇ ਆਰਥਿਕ ਬਰਾਬਰੀ ਅਤੇ ਸੰਵਿਧਾਨ ਅਨੁਸਾਰ ਕਾਨੂੰਨੀ ਮਾਨਤਾ ਤੋਂ ਇਲਾਵਾ ਕੁਦਰਤੀ ਨਿਆਂ ਦਾ ਝਲਕਾਰਾ ਪੈਣ ਦੀਆਂ ਸੰਭਾਵਨਾਵਾਂ ਬਣਦੀਆਂ ਵੀ ਨਜ਼ਰੀਂ ਪੈ ਸਕਦੀਆਂ ਹਨ, ਜਿਸ ਨਾਲ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰ 'ਚ ਵੀ ਜ਼ਿਕਰਯੋਗ ਬਦਲਾਅ ਸੰਭਵ ਹੋ ਸਕਦੇ ਹਨ। ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹਰ ਤਰ੍ਹਾਂ ਦਾ ਪਾੜਾ ਵੀ ਕੁੱਝ ਹੱਦ ਤੱਕ ਮਿਟਣ ਦੇ ਨਾਲ-ਨਾਲ ਕੁਦਰਤੀ ਨਿਆਂ ਦਾ ਝਲਕਾਰਾ ਵੀ ਪੈਂਦਾ ਦਿਖਾਈ ਦੇਵੇਗਾ। ਇਸ ਦੇ ਸਭ ਕੁੱਝ ਦੇ ਬਾਵਜੂਦ ਇੱਕ ਗੱਲ ਵਿਚਾਰਨਯੋਗ ਹੈ ਕਿ ਸਦੀਆਂ ਤੋਂ ਚੱਲ ਰਹੀ ਕਿਸੇ ਵਿਸ਼ੇਸ਼ ਵਰਗ ਦੀ ਅਜਾਰੇਦਾਰੀ ਅਤੇ ਗ਼ਲਬਾ ਕੀ ਇੰਨਾ ਜਲਦੀ ਅਤੇ ਸੌਖਿਆਂ ਹੀ ਖਤਮ ਹੋ ਸਕਦਾ ਹੈ? ਇਸ ਬਾਰੇ ਹਾਲ ਦੀ ਘੜੀ ਕੁੱਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਤਾਂ ਹੋਵੇਗੀ ਹੀ ਅਤੇ ਨਾਲ ਹੀ ਗੈਰ ਪ੍ਰਸੰਗਕ ਵੀ, ਕਿਉਂਕਿ ਇਸ ਦਾ ਸਹੀ ਅਤੇ ਢੁਕਵਾਂ ਉੱਤਰ ਭਵਿੱਖ ਦੇ ਗਰਭ 'ਚ ਹੀ ਦੇਖਿਆ ਜਾ ਸਕਦਾ ਹੈ। ਫਿਰ ਵੀ ਇਹ ਹਾਂ-ਪੱਖੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਹੋਏ ਇਹਨਾਂ ਵਰਗਾਂ ਦੇ ਮਾਣ-ਸਨਮਾਨ ਅਤੇ ਇਹਨਾਂ ਦੀਆਂ ਭਵਿੱਖੀ ਨਸਲਾਂ ਦੀ ਬਿਹਤਰੀ ਲਈ ਦੇਰ ਨਾਲ ਲਏ ਗਏ ਇਸ ਦਰੁੱਸਤ ਫੈਸਲੇ ਨੂੰ ਚਾਨਣ ਦੀ ਇੱਕ ਨਵੀਂ ਅਤੇ ਸੁਨਹਿਰੀ ਕਿਰਨ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ।

**# ਸੰਪਰਕ : 89680-56200**

# ਹੱਸਣ ਨਾਲ ਮਿਲਦੀ ਹੈ ਤੰਦਰੁਸਤੀ, ਖ਼ੁਸ਼ਹਾਲੀ ਤੇ ਲੰਮੀ ਉਮਰ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਦੁਨੀਆ ਦੇ ਸਿਰਮੌਰ ਹਾਸਰਸ ਕਲਾਕਾਰ ਚਾਰਲੀ ਚੈਪਲਿਨ ਨੇ ਕਿਹਾ ਸੀ-"ਜੀਵਨ ਵਿੱਚ ਤੁਸੀਂ ਕਿੰਨਾ ਹੱਸਦੇ ਹੋ, ਇਹ ਮਹੱਤਵਪੂਰਨ ਨਹੀਂ ਹੈ, ਸਗੋਂ ਤੁਹਾਡੀ ਵਜ੍ਹਾ ਨਾਲ ਕਿੰਨੇ ਲੋਕ ਹੱਸਦੇ ਹਨ, ਇਹ ਮਹੱਤਵਪੂਰਨ ਹੈ।" ਇਹ ਇੱਕ ਕੌੜਾ ਸੱਚ ਹੈ ਕਿ ਸੰਸਾਰ ਦਾ ਹਰੇਕ ਜੀਵ ਖ਼ੁਸ਼ ਰਹਿਣਾ ਚਾਹੁੰਦਾ ਹੈ, ਪਰ ਉਸ ਦੇ ਹਾਲਾਤ, ਉਸ ਦਾ ਸੁਭਾਅ ਤੇ ਉਸ ਦੀ ਸੋਚ ਉਸ ਨੂੰ ਖ਼ੁਸ਼ ਰਹਿਣ ਨਹੀਂ ਦਿੰਦੇ ਹਨ। ਜੇਕਰ ਸੰਸਾਰ ਦਾ ਹਰ ਵਿਅਕਤੀ 'ਆਪ ਖ਼ੁਸ਼ ਰਹੋ ਤੇ ਦੂਜਿਆਂ ਵਿੱਚ ਖ਼ੁਸ਼ੀਆਂ ਵੰਡੋ' ਦੇ ਸਿਧਾਂਤ 'ਤੇ ਅਮਲ ਕਰ ਲਏ ਤਾਂ ਸੰਸਾਰ ਦਾ ਮਣਾਂ-ਮੂੰਹੀਂ ਦੁੱਖ-ਦਰਦ ਤੇ ਪ੍ਰੇਸ਼ਾਨੀਆਂ ਘੜੀ-ਪਲ ਵਿਚ ਕਾਫ਼ੂਰ ਹੋ ਸਕਦੀਆਂ ਹਨ। ਜਿਨ੍ਹਾਂ ਵਿਦਵਾਨਾਂ ਤੇ ਮਹਾਂਪੁਰਸ਼ਾਂ ਨੇ ਜ਼ਿੰਦਗੀ ਦੇ ਸੱਚ ਨੂੰ ਸਮਝਿਆ ਤੇ ਜਾਣਿਆ ਹੈ, ਉਨ੍ਹਾ ਨੇ ਦੁੱਖ ਤੇ ਸੁੱਖ ਨੂੰ ਇਕ ਸਮਾਨ ਜਾਣ ਕੇ ਅਡੋਲ ਭਾਵ ਨਾਲ ਦੋਵਾਂ ਨੂੰ ਹੰਢਾਉਣ ਦਾ ਉਪਦੇਸ਼ ਦਿੱਤਾ ਹੈ। ਸਾਨੂੰ ਇਹ ਸੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਸਾਡੀ ਜ਼ਿੰਦਗੀ 'ਚ ਚੰਗੇ ਜਾਂ ਸੁੱਖ ਭਰੇ ਦਿਨ ਨਹੀਂ ਰਹੇ ਤਾਂ ਮਾੜੇ ਤੇ ਦੁੱਖ ਭਰੇ ਦਿਨ ਵੀ ਸਦਾ ਨਹੀਂ ਰਹਿਣਗੇ। ਸੋ ਹਰ ਹਾਲਾਤ ਵਿੱਚ ਖ਼ੁਸ਼ ਰਹਿਣ ਵਾਲਾ ਤੇ ਹਰ ਦੁੱਖ-ਸੁੱਖ ਨੂੰ ਪਰਮਾਤਮਾ ਦਾ ਤੋਹਫ਼ਾ ਜਾਣ ਕੇ ਖਿੜੇ ਮੱਥੇ ਕਬੂਲ ਕਰਨ ਵਾਲਾ ਸ਼ਖ਼ਸ ਹੀ ਇਸ ਦੁਨੀਆ ਵਿੱਚ ਸਫ਼ਲ ਜੀਵਨ ਜੀਅ ਕੇ ਜਾਂਦਾ ਹੈ, ਜਦੋਂ ਕਿ ਬਾਕੀ ਸਭ ਤਾਂ ਕੇਵਲ ਜੂਨ ਹੀ ਭੋਗਦੇ ਹਨ। ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐੱਨ.ਓ. ਮੰਨਦਾ ਹੈ ਕਿ ਖ਼ੁਸ਼ੀ ਤੇ ਅਨੰਦ ਹਾਸਲ ਕਰਨਾ ਹਰੇਕ ਧਰਤੀ ਵਾਸੀ ਦਾ ਮੂਲ ਸਰੋਕਾਰ ਹੈ, ਜਿਸ ਵਾਸਤੇ ਮੂਲ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ, ਨਾਬਰਾਬਰੀ ਤੇ ਅੱਤਿਆਚਾਰ ਦਾ ਅੰਤ ਕੀਤਾ ਜਾਣਾ ਜ਼ਰੂਰੀ ਹੈ।

ਵਿਦਵਾਨਾਂ ਦਾ ਮਤ ਹੈ ਕਿ ਮਾਨਸਿਕ ਪੱਧਰ 'ਤੇ ਖ਼ੁਸ਼ ਰਹਿਣ ਲਈ ਹਰੇਕ ਵਿਅਕਤੀ ਨੂੰ ਤਿੰਨ ਨੁਕਤੇ ਜ਼ਰੂਰ ਅਪਨਾਉਣੇ ਚਾਹੀਦੇ ਹਨ। ਇਹ ਤਿੰਨ ਨੁਕਤੇ ਹਨ-'ਸ਼ਾਂਤ ਰਹੋ', 'ਸਿਆਣੇ ਬਣੋ' ਤੇ 'ਦੂਜਿਆਂ ਪ੍ਰਤੀ ਦਇਆ ਵਿਖਾਓ'। ਮਨ ਨੂੰ ਸ਼ਾਂਤ ਤੇ ਅਡੋਲ ਰੱਖਣ ਲਈ ਸਾਨੂੰ ਇਹ ਭਾਵਨਾ ਧਾਰਨ ਕਰ ਲੈਣੀ ਚਾਹੀਦੀ ਹੈ ਕਿ ਦੁਨੀਆ ਵਿੱਚ ਅਜਿਹਾ ਬਹੁਤ ਕੁਝ ਹੈ, ਜੋ ਸਾਡੇ ਵੱਸ ਤੋਂ ਬਾਹਰ ਹੈ। ਸੋ ਬੇਕਾਰ ਵਿੱਚ ਚਿੰਤਾ, ਫ਼ਿਕਰ ਜਾਂ ਦੁੱਖ ਮਹਿਸੂਸ ਕਰਨ ਦੀ ਬਜਾਇ ਸ਼ਾਂਤਚਿੱਤ ਰਹਿ ਕੇ ਉਸਾਰੂ ਭਾਵਨਾ ਨਾਲ ਆਪਣਾ ਫ਼ਰਜ਼ ਅਦਾ ਕਰਦੇ ਰਹਿਣਾ ਚਾਹੀਦਾ ਹੈ। ਸਿਆਣੇ ਬਣਨ ਦਾ ਭਾਵ ਹੈ ਕਿ ਨਕਾਰਾਤਮਕ ਸੋਚ ਦੀ ਥਾਂ ਚੰਗੀ ਤੇ ਉਸਾਰੂ ਸੋਚ ਧਾਰਨ ਕਰਕੇ ਆਪਣੇ ਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋ ਜਾਣਾ ਚਾਹੀਦਾ ਹੈ। ਸੱਚੀ ਖ਼ੁਸ਼ੀ ਹਾਸਲ ਕਰਨ ਲਈ ਲੋੜਵੰਦਾਂ ਦੀ ਯਥਾਸ਼ਕਤੀ ਅਨੁਸਾਰ ਮਦਦ ਕਰੋ, ਉਨ੍ਹਾ ਦੇ ਭਲੇ ਲਈ ਜੋ ਵੀ ਸੰਭਵ ਹੋਵੇ, ਕਰ ਗੁਜ਼ਰੋ। ਕਿਸੇ ਵਿਦਵਾਨ ਨੇ ਕਿੰਨਾ ਖ਼ੂਬਸੂਰਤ ਕਿਹਾ ਹੈ ਕਿ -"ਖ਼ੁਸ਼ ਰਹਿਣ ਦਾ ਇਹ ਅਰਥ ਹਰਗ਼ਿਜ਼ ਨਹੀਂ ਹੈ ਕਿ ਤੁਹਾਡੀ ਜ਼ਿੰਦਗੀ 'ਚ ਸਭ ਕੁਝ ਠੀਕ ਹੈ, ਸਗੋਂ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਆਪਣੇ ਦੁੱਖਾਂ ਤੋਂ ਉੱਪਰ ਉੱਠ ਕੇ ਜੀਣਾ ਸਿੱਖ ਲਿਆ ਹੈ।"


ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਖ਼ੁਸ਼ੀ ਪਦਾਰਥਾਂ 'ਚ ਨਹੀਂ ਵੱਸਦੀ ਹੈ, ਸਗੋਂ ਇਹ ਇਕ ਮਨੋਅਵਸਥਾ ਹੈ, ਭਾਵ ਮਨ ਦੀ ਸਥਿਤੀ ਹੈ। ਲੋਕ ਅਕਸਰ ਪੈਸਾ, ਪਦਾਰਥ, ਪਰਵਾਰ, ਪੁੱਤਰ ਜਾਂ ਦੁਨਿਆਵੀ ਸੁੱਖਾਂ 'ਚੋਂ ਖ਼ੁਸ਼ੀ ਹਾਸਲ ਕਰਨ ਦੀ ਚਾਹਤ ਵਿੱਚ ਸਾਰੀ ਉਮਰ ਭੱਜ-ਨੱਸ ਕਰਦੇ ਰਹਿੰਦੇ ਹਨ ਤੇ ਜੀਵਨ ਦੇ ਅੰਤ ਵਿਚ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਇਨ੍ਹਾ ਵਿੱਚੋਂ ਬਹੁਤੇ ਤਾਂ ਸੁੱਖਾਂ ਦੀ ਥਾਂ ਉਨ੍ਹਾ ਦੇ ਜੀਵਨ ਦੇ ਵੱਡੇ ਦੁੱਖਾਂ ਦਾ ਕਾਰਨ ਹੋ ਨਿੱਬੜੇ ਸਨ। ਆਰਥਿਕ, ਸਮਾਜਿਕ, ਰਾਜਨੀਤਕ ਜਾਂ ਸੰਸਾਰਕ ਪੱਧਰ 'ਤੇ ਸਾਧਨ-ਸੰਪੰਨ ਹੋ ਜਾਣ ਦਾ ਇਹ ਮਤਲਬ ਹਰਗ਼ਿਜ਼ ਵੀ ਨਹੀਂ ਹੈ ਕਿ ਸੰਬੰਧਤ ਸ਼ਖ਼ਸ ਬੇਹੱਦ ਖ਼ੁਸ਼ ਹੋਵੇਗਾ। ਕਾਨ੍ਹਿਆਂ ਦੀ ਛੰਨ ਬਣਾ ਕੇ ਤੇ ਹੱਥ 'ਤੇ ਰੱਖ ਕੇ ਰੋਟੀ ਖਾਣ ਵਾਲਾ ਗ਼ਰੀਬ ਵਿਅਕਤੀ ਸ਼ਾਇਦ ਮਹਿਲਾਂ 'ਚ ਬੈਠ ਕੇ ਸੋਨੇ-ਚਾਂਦੀ ਦੇ ਬਰਤਨਾਂ ਵਿੱਚ ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਧਨਾਢ ਨਾਲੋਂ ਵੱਧ ਸ਼ਾਂਤ, ਸੰਤੁਸ਼ਟ, ਮਾਨਸਿਕ ਤਲ 'ਤੇ ਹੌਲਾ ਫੁੱਲ ਤੇ ਖ਼ੁਸ਼ ਹੋਵੇ ਅਤੇ ਚੈਨ ਦੀ ਨੀਂਦ ਸੌਂਦਾ ਹੋਵੇ। ਯਾਦ ਰੱਖੋ ਕਿ ਸੁੱਖ ਜਾਂ ਖ਼ੁਸ਼ੀ ਅਸਲ ਵਿਚ ਕਿਸੇ ਪਦਾਰਥ ਅੰਦਰ ਨਹੀਂ ਸਗੋਂ ਵਿਅਕਤੀ ਦੀ ਮਨੋਦਸ਼ਾ ਅੰਦਰ ਸਮਾਏ ਹੋਏ ਹਨ। ਸਾਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਆਪਣੀ ਚਾਹਤ ਦੀਆਂ ਚੀਜ਼ਾਂ ਨੂੰ ਹਾਸਲ ਕਰਨ ਦੀ ਸ਼ਿੱਦਤ ਦੇ ਨਾਲ-ਨਾਲ ਸਾਨੂੰ ਜੋ ਚੀਜ਼ਾਂ ਸਾਡੇ ਕੋਲ ਹਨ, ਉਨ੍ਹਾ ਦੇ ਨਾਲ ਵੀ ਖ਼ੁਸ਼ ਰਹਿਣਾ ਸਿੱਖਣਾ ਚਾਹੀਦਾ ਹੈ। ਬੜੀ ਹੀ ਵਚਿੱਤਰ ਗੱਲ ਹੈ ਕਿ ਲੋਕ 'ਖ਼ਾਲੀ ਹੱਥੀਂ ਗਿਆ ਸਿਕੰਦਰ' ਜਿਹੇ ਗੀਤ ਤਾਂ ਗਾਉਂਦੇ ਹਨ, ਪਰ ਆਪ ਸਾਰੀ ਉਮਰ ਪੈਸਾ ਤੇ ਪਦਾਰਥ ਇਕੱਠੇ ਕਰਨ ਲਈ ਸਾਮ, ਦਾਮ, ਦੰਡ, ਭੇਦ ਭਾਵ ਹਰ ਹਰਬਾ ਵਰਤਦੇ ਹਨ। ਚੇਤੇ ਰੱਖੋ ਧੋਖੇ, ਝੂਠ, ਪਾਪ ਤੇ ਅਪਰਾਧ ਦੀ ਬੁਨਿਆਦ 'ਤੇ ਟਿਕੀ ਜ਼ਿੰਦਗੀ ਵਿੱਚ ਸੁੱਖ ਤੇ ਖ਼ੁਸ਼ੀ ਦੀ ਕੋਈ ਥਾਂ ਨਹੀਂ ਹੁੰਦੀ।

ਡੇਲ ਕਾਰਨੇਗੀ ਨੇ ਸਹੀ ਕਿਹਾ ਸੀ -"ਹਰ ਕਿਸੇ ਨੂੰ ਖ਼ੁਸ਼ ਰੱਖਣਾ ਸਾਡੇ ਵੱਸ 'ਚ ਨਹੀਂ ਹੈ ਪਰ ਸਾਡੇ ਕਰਕੇ ਕਿਸੇ ਦਾ ਦਿਲ ਨਾ ਦੁਖੇ, ਘੱਟੋ-ਘੱਟ ਇਹ ਤਾਂ ਸਾਡੇ ਵੱਸ 'ਚ ਹੈ।" ਸੋ ਅਖ਼ੀਰ ਵਿਚ ਇਹ ਕਹਿਣਾ ਬਣਦਾ ਹੈ ਕਿ ਹਰੇਕ ਮਨੁੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਹਰ ਹਾਲਤ ਵਿੱਚ ਆਪ ਵੀ ਖ਼ੁਸ਼ ਰਹੇਗਾ ਤੇ ਦੂਜਿਆਂ ਦੀ ਖ਼ੁਸ਼ੀ ਲਈ ਵੀ ਕਾਰਜਸ਼ੀਲ ਤੇ ਸਮਰਪਿਤ ਰਹੇਗਾ। ਇਹ ਸੋਚ ਹੀ ਸੰਸਾਰ ਨੂੰ ਵੱਸਣ ਅਤੇ ਹੱਸਣਯੋਗ ਸਥਾਨ ਬਣਾ ਸਕਦੀ ਹੈ, ਵਰਨਾ ਇਨਸਾਨ ਨੇ ਝੂਠੀ ਖ਼ੁਸ਼ੀ ਤੇ ਝੂਠਾ ਸੁੱਖ ਹਾਸਲ ਕਰਨ ਦੇ ਲਾਲਚਵੱਸ ਇਸ ਸੰਸਾਰ ਨੂੰ ਨਰਕ ਤੋਂ ਵੀ ਬਦਤਰ ਸਥਾਨ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਹੈ। ਸਾਨੂੰ ਸਭ ਨੂੰ ਇਹ ਸ਼ੇਅਰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ-

"ਉਦਾਸੀਉਂ ਕੀ ਵਜ੍ਹਾ ਤੋ ਬਹੁਤ ਹੈਂ ਇਸ ਜ਼ਮਾਨੇ ਮੇਂ,
ਪਰ ਬੇਵਜ੍ਹਾ ਮੁਸਕਰਾਨੇ ਕੀ ਬਾਤ ਕੁਛ ਔਰ ਹੈ।"

**# ਸੰਪਰਕ : 97816-46008**

# ਕੀ ਤੁਸੀਂ ਮੇਰੇ ਨਾਲ ਕਬਰ ਪੁੱਟਣ ਚੱਲੋਗੇ ?


ਵਿਸ਼ਵਾ ਮਿੱਤਰ

ਜੇਕਰ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਇਹ ਸੋਚਿਆ ਨਾ ਜਾਵੇ ਕਿ ਇਹ ਕੰਮ ਮੈਨੂੰ ਕਰਨਾ ਚਾਹੀਦਾ ਹੈ ਜਾਂ ਨਹੀਂ, ਇਹ ਕੰਮ ਕਰਨ ਨਾਲ ਮੈਨੂੰ ਜਾਂ ਮੇਰੇ ਪਰਵਾਰ ਨੂੰ ਕੋਈ ਲਾਭ ਹੋਵੇਗਾ ਜਾਂ ਨਹੀਂ, ਕੀ ਇਹ ਕੰਮ ਕਰਨ ਨਾਲ ਸਮਾਜ ਨੂੰ ਕੋਈ ਲਾਭ ਹੋਵੇਗਾ ਜਾਂ ਨਹੀਂ, ਜਿਹੜਾ ਸਾਨੂੰ ਇਹ ਕੰਮ ਕਰਨ ਲਈ ਕਹਿ ਰਿਹਾ ਹੈ ਕੀ ਉਹ ਇਹ ਕੰਮ ਕਰਨ ਲਈ ਸਾਡੇ ਨਾਲ ਜਾਵੇਗਾ ਜਾਂ ਨਹੀਂ ? ਜੇਕਰ ਕੋਈ ਵੀ ਕੰਮ ਸੋਚੇ-ਸਮਝੇ ਬਿਨਾਂ ਕਰਨਾ ਹੈ ਤਾਂ ਦਿਮਾਗ ਦਾ ਕੀ ਫਾਇਦਾ? ਜੇਕਰ ਕੋਈ ਕਹੇ ਕਿ ਚਲੋ ਕਬਰ ਪੁੱਟਣ ਨੂੰ ਚਲੀਏ! ਕੁਦਾਲੀ, ਕਹੀ ਜਾਂ ਤਸਲਾ ਚੁੱਕਣ ਤੋਂ ਪਹਿਲਾਂ ਉਪਰੋਕਤ ਪ੍ਰਸ਼ਨ ਜ਼ਰੂਰ ਆਪਣੇ ਆਪ ਨੂੰ ਪੁੱਛ ਲੈਣੇ ਚਾਹੀਦੇ ਹਨ, ਪਰ ਕਈ ਲੋਕ ਇਹ ਪ੍ਰਸ਼ਨ ਪੁੱਛਦੇ ਨਹੀਂ। ਇਸ ਦਾ ਕਾਰਨ ਇਹ ਨਹੀਂ ਕਿ ਉਹਨਾਂ ਦਾ ਦਿਮਾਗ ਨਹੀਂ ਹੁੰਦਾ। ਕਾਰਨ ਇਹ ਹੈ ਕਿ ਜਦੋਂ ਕਿਹਾ ਜਾਏ ਕਿ ਬਾਬਰੀ ਮਸਜਿਦ ਸਾਡੇ ਹਿੰਦੂ ਮੰਦਰ ਨੂੰ ਢਾਅ ਕੇ ਬਣਾਈ ਗਈ ਸੀ ਜਾਂ ਇਹ ਕਬਰ ਉਸ ਬਾਦਸ਼ਾਹ ਦੀ ਹੈ, ਜਿਸ ਨੇ ਹਿੰਦੂਆਂ 'ਤੇ ਬਹੁਤ ਜ਼ੁਲਮ ਕੀਤੇ ਸਨ ਤਾਂ ਲੋਕਾਂ ਦਾ ਦਿਮਾਗ ਸੋਚਣਾ ਬੰਦ ਕਰ ਦਿੰਦਾ ਹੈ, ਕਿਉਕਿ ਉਹ ਧਾਰਮਕ ਤੌਰ 'ਤੇ ਜਜ਼ਬਾਤੀ ਹੋ ਜਾਂਦੇ ਹਨ। ਇਸ ਅਵਸਥਾ ਵਿਚ ਲੋਕ ਅਤੇ ਖਾਸ ਤੌਰ 'ਤੇ ਨੌਜਵਾਨ ਮਸਜਿਦ ਢਾਹੁਣ ਜਾਂ ਕਬਰ ਪੁੱਟਣ ਲਈ ਛੇਤੀ ਤੁਰ ਪੈਂਦੇ ਹਨ।

ਹੁਣ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਆਓ, ਕਬਰ ਪੁੱਟਣ ਚੱਲੀਏ। ਕਿਉਂਕਿ ਮੈਂ ਬਿਨਾਂ ਕਿਸੇ ਧਾਰਮਿਕ ਜਜ਼ਬਾਤ ਦੇ ਕਿਹਾ ਕਿ ਆਓ ਕਬਰ ਪੁੱਟਣ ਚਲੀਏ ਤਾਂ ਇਸ ਅਵਸਥਾ ਵਿਚ ਤੁਹਾਡਾ ਦਿਮਾਗ ਸੋਚਣਾ ਬੰਦ ਨਹੀਂ ਕਰੇਗਾ ਅਤੇ ਤੁਸੀ ਮੈਨੂੰ ਜ਼ਰੂਰ ਪੁੱਛੋਗੇ ਕਿ ਕਿਸ ਦੀ ਕਬਰ ਪੁੱਟਣੀ ਹੈ, ਕਿਉਂ ਪੁੱਟਣੀ ਹੈ, ਕੀ ਤੁਸੀ ਵੀ ਨਾਲ ਲਗ ਕੇ ਪੁੱਟੋਗੇ? ਤੁਸੀਂ ਮੇਰੇ ਵੱਲੋਂ ਦਿੱਤੇ ਗਏ ਉੱਤਰਾਂ ਤੋਂ ਬਾਅਦ ਆਪਣੇ ਆਪ ਨੂੰ ਵੀ ਜ਼ਰੂਰ ਪੁੱਛੋਗੇ ਕਿ ਕੀ ਦਿੱਤੇ ਗਏ ਉੱਤਰ ਸਹੀ ਸਨ? ਕਿਹੜੀ ਕਬਰ ਪੁੱਟਣੀ ਚਾਹੀਦੀ ਹੈ? ਮੈਂ ਤੁਹਾਨੂੰ ਉਹ ਕਬਰ ਪੁੱਟਣ ਲਈ ਨਹੀਂ ਕਹਿ ਰਿਹਾ ਹਾਂ, ਜਿਸ ਵਿਚ ਸੈਂਕੜੇ ਸਾਲ ਪਹਿਲਾਂ ਕਿਸੇ ਮ੍ਰਿਤਕ ਦੇ ਅਵਸ਼ੇਸ਼ ਪਏ ਹੋਏ ਅਤੇ ਸੁੰਨਸਾਨ ਪਈ ਹੋਈ ਹੈ, ਬਲਕਿ ਉਹ ਕਬਰ ਪੁੱਟਣ ਨੂੰ ਕਹਿ ਰਿਹਾ ਹਾਂ ਜਿਸ ਵਿਚੋਂ ਅਵਾਜ਼ਾਂ ਆ ਰਹੀਆਂ ਹਨ।

ਇਹ ਤਾਂ ਤੁਸੀ ਸਾਰੇ ਮੰਨਦੇ ਹੋ ਕਿ ਕਬਰਾਂ ਵਿਚੋਂ ਕਦੇ ਆਵਾਜ਼ਾਂ ਨਹੀਂ ਆਉਂਦੀਆਂ, ਪਰ ਇੱਕ ਕਬਰ ਅਜਿਹੀ ਵੀ ਹੈ, ਜਿਸ ਵਿਚੋਂ ਅਵਾਜ਼ਾਂ ਆ ਰਹੀਆਂ ਹਨ, 'ਹਿੰਦੂ ਧਰਮ ਨੂੰ ਖਤਰਾ ਹੈ, ਹਿੰਦੂ ਧਰਮ ਨੂੰ ਖਤਰਾ ਹੈ....' ਜਦਕਿ ਇਹ ਸੱਚਾਈ ਹੈ ਕਿ ਕਬਰ ਵਿੱਚੋਂ ਅਵਾਜ਼ ਨਹੀਂ ਆ ਸਕਦੀ ਤਾਂ ਜ਼ਰੂਰ ਇਹ ਕੋਈ ਬਣਾਵਟੀ ਕਬਰ ਹੋਵੇਗੀ ਅਤੇ ਇਸ ਦੇ ਹੇਠਾਂ ਕੁਝ ਸ਼ੈਤਾਨ ਵੀ ਬੈਠੇ ਹੋਣਗੇ ਜਿਹੜੇ ਕਿ ਚੀਕਾਂ ਮਾਰ ਰਹੇ ਹਨ ਕਿ ਹਿੰਦੂ ਧਰਮ ਨੂੰ ਖਤਰਾ ਹੈ। ਜਦੋਂ ਤੁਸੀ ਇਸ ਕਬਰ ਨੂੰ ਕੇਵਲ ਐਨਾ ਹੀ ਪੁੱਟੋਗੇ ਕਿ ਅਜੇ ਉਸ ਦੀ ਛੱਤ ਹੀ ਉਖਾੜ ਕੇ ਇੱਕ ਪਾਸੇ ਸੁੱਟੀ ਹੋਵੇਗੀ ਤਾਂ ਹੇਠੋਂ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਹਿੰਦੂ ਧਰਮ ਦੀ ਦੁਰਵਰਤੋਂ ਕਰਦੇ ਹੋਏ ਉਹ ਵਿਅਕਤੀ ਨਜ਼ਰ ਆਉਣਗੇ, ਜਿਨ੍ਹਾਂ ਦਾ ਹਿੰਦੂ ਧਰਮ ਨਾਲ ਦਾ ਦੂਰ ਦਾ ਵੀ ਰਿਸ਼ਤਾ ਨਹੀਂ। ਇਹਨਾਂ ਨੂੰ ਭਾਰਤ ਵਿਚ 85 ਫੀਸਦੀ ਹਿੰਦੂ ਵੱਸੋਂ ਹੋਣ ਅਤੇ ਭਾਰਤੀ ਫੌਜਾਂ ਵਿੱਚ ਬਹੁ-ਗਿਣਤੀ ਹਿੰਦੂ ਹੋਣ ਦੇ ਬਾਵਜੂਦ ਆਪਣੇ ਸਿਆਸੀ ਹਿਤਾਂ ਲਈ ਇੱਕੋ-ਇੱਕ ਗੁਰੂ ਮੰਤਰ ਮਿਲਿਆ ਹੈ, 'ਹਿੰਦੂ ਧਰਮ ਖਤਰੇ ਵਿਚ ਹੈ' ਅਤੇ ਇਸ ਦਾ ਹੀ ਸਵੇਰੇ ਸ਼ਾਮ ਜਾਪ ਕਰੀ ਜਾਂਦੇ ਹਨ। ਹਿੰਦੂ ਗ੍ਰੰਥ ਮਹਾਂ ਉਪਨਿਸ਼ਦ ਵਿੱਚ ਇੱਕ ਵਾਕਾਂਸ਼ ਆਉਂਦਾ ਹੈ, 'ਵਾਸੁਦੇਵ ਕਟੁੰਭਕਮ', ਜਿਸ ਦਾ ਅਰਥ ਹੈ ਕਿ ਸਾਰਾ ਸੰਸਾਰ ਹੀ ਇੱਕ ਪਰਵਾਰ ਹੈ। ਇਹ ਕਿਹੜੇ ਹਿੰਦੂ ਹਨ, ਜਿਹੜੇ ਕਹਿ ਰਹੇ ਕਿ ਮੁਸਲਮਾਨ, ਇਸਾਈ, ਪਾਰਸੀ ਆਦਿ ਵਿਦੇਸ਼ੀ ਹਨ ਅਤੇ ਪਰਾਏ ਹਨ। ਹਿੰਦੂਆਂ ਦਾ ਮੰਨਣਾ ਹੈ ਕਿ ਹਰੇਕ ਵਿਅਕਤੀ ਅੰਦਰੂਨੀ ਤੌਰ 'ਤੇ ਬ੍ਰਹਮ ਹੈ ਅਤੇ ਜੀਵਨ ਦਾ ਉਦੇਸ਼ ਸਾਡੇ ਸਾਰਿਆਂ ਦੇ ਅੰਦਰ ਬ੍ਰਹਮਤਾ ਦੀ ਭਾਲ ਅਤੇ ਅਹਿਸਾਸ ਕਰਨਾ ਹੈ।

ਆਰ ਐੱਸ ਐੱਸ ਅਤੇ ਇਸ ਦੇ ਸਾਰੇ ਵਿੰਗ, ਜਿਵੇਂ ਕਿ ਭਾਜਪਾ, ਹਿੰਦੂ ਮਹਾਂ ਸਭਾ, ਬਜਰੰਗ ਦਲ, ਸ਼ਿਵ ਸੈਨਾ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਆਦਿ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ, ਜਿਹੜਾ ਕਿ ਮਨੂੰ ਸਮ੍ਰਿਤੀ ਦੇ ਨਿਯਮਾਂ ਅਨੁਸਾਰ ਹੋਵੇਗਾ। ਮਤਲਬ ਕਿ ਭਾਰਤ ਨੂੰ ਅੱਜ ਤੋਂ 4000 ਸਾਲ ਪਹਿਲਾਂ ਵਰਗਾ ਬਣਾਉਣਾ ਚਾਹੁੰਦੇ ਹਨ। ਇਹ ਤਾਂ ਹੋ ਨਹੀਂ ਸਕਦਾ, ਕਿਉਂਕਿ ਇਤਿਹਾਸ ਦਾ ਪਹੀਆ ਹਮੇਸ਼ਾ ਅੱਗੇ ਵੱਲ ਨੂੰ ਜਾਂਦਾ ਹੈ, ਅੱਜ ਤੱਕ ਕਦੇ ਪਿੱਛੇ ਨਹੀਂ ਗਿਆ, ਪਰ ਤੁਸੀ ਪਿਛਲੇ ਇਤਿਹਾਸ ਤੋਂ ਕੁਝ ਸਿੱਖ ਸਕਦੇ ਹੋ, ਜਿਸ ਕਾਲ ਦੀ ਇਹ ਗੱਲ ਕਰ ਰਹੇ ਹਨ, ਉਸ ਕਾਲ ਵਿਚ ਸਾਸਤਰਾਰਥ ਹੁੰਦਾ ਹੁੰਦਾ ਸੀ। ਦੋ ਵਿਦਵਾਨ ਕਿਸੇ ਮਸਲੇ ਜਾਂ ਵਿਸ਼ੇ 'ਤੇ ਬਹਿਸ ਕਰਦੇ ਸਨ ਅਤੇ ਦੋਵੇਂ ਵਿਦਵਾਨ ਆਪਣੀਆਂ ਦਲੀਲਾਂ ਦੇਂਦੇ ਸਨ। ਉਸ ਸਾਸਤਰਾਰਥ ਵਿਚ ਹਾਰ-ਜਿੱਤ ਦੀ ਜ਼ਿਆਦਾ ਅਹਿਮੀਅਤ ਨਹੀਂ ਹੁੰਦੀ ਸੀ, ਬਲਕਿ ਜਿਸ ਦੀਆਂ ਦਲੀਲਾਂ ਠੀਕ ਹੁੰਦੀਆਂ, ਉਹਨਾਂ ਨੂੰ ਗਲਤ ਦਲੀਲਾਂ ਦੇਣ ਵਾਲਾ ਵੀ ਮੰਨ ਲੈਂਦਾ ਸੀ, ਕੋਈ ਵੈਰ-ਵਿਰੋਧ ਨਹੀਂ ਹੁੰਦਾ ਸੀ, ਪਰ ਹੁਣ ਤੁਸੀਂ ਕੀ ਕਰ ਰਹੇ ਹੋ। ਤੁਸੀਂ ਤਾਂ ਵਿਰੋਧੀ ਦਲੀਲ ਵਾਲੇ ਨੂੰ ਕੋਈ ਲੋਕ ਪ੍ਰਵਾਨਤ ਦਲੀਲ ਦੇਣ ਦੀ ਬਜਾਏ ਗੱਦਾਰ, ਦੇਸ਼ ਧ੍ਰੋਹੀ ਕਹਿ ਰਹੇ ਹੋ ਅਤੇ ਉਸ ਨੂੰ ਕਿਸੇ ਨਾ ਕਿਸੇ ਕੇਸ ਵਿਚ ਫਸਾ ਕੇ ਜੇਲ੍ਹ ਵਿਚ ਭੇਜ ਰਹੇ ਹੋ। ਤੁਹਾਡੇ ਵਿਚ ਸਹਿਣਸ਼ੀਲਤਾ ਬਿਲਕੁਲ ਨਹੀਂ ਹੈ, ਜਦਕਿ ਸੱਚਾਈ ਇਹ ਹੈ ਕਿ ਹਿੰਦੂ ਸਹਿਣਸ਼ੀਲ ਹੁੰਦਾ ਹੈ।

ਬਹੁਗਿਣਤੀ ਹਿੰਦੂ ਇਹ ਮੰਨਦੇ ਹਨ ਕਿ ਸਵਾਮੀ ਵਿਵੇਕਾਨੰਦ ਹਿੰਦੂ ਧਰਮ ਦੇ ਇੱਕ ਮਹਾਨ ਵਿਦਵਾਨ ਸਨ ਅਤੇ ਸਭ ਤੋਂ ਪਹਿਲਾਂ ਉਹਨਾ ਨੇ ਹੀ ਪੱਛਮ ਵਿਚ ਹਿੰਦੂ ਧਰਮ ਅਤੇ ਯੋਗ ਬਾਰੇ ਜਾਣਕਾਰੀ ਦਿੱਤੀ ਸੀ। ਉਹਨਾ ਸੰਨ 1883 ਵਿਚ ਅਮਰੀਕਾ ਵਿਖੇ ਆਪਣੇ ਭਾਸ਼ਣ ਦੌਰਾਨ ਕਿਹਾ ਸੀ, 'ਮੈਨੂੰ ਇੱਕ ਅਜਿਹੇ ਧਰਮ ਨਾਲ ਸੰਬੰਧਤ ਹੋਣ 'ਤੇ ਮਾਣ ਹੈ, ਜਿਸ ਨੇ ਦੁਨੀਆ ਨੂੰ ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਸਵੀਕ੍ਰਿਤੀ ਦੋਵਾਂ ਨੂੰ ਸਿਖਾਇਆ ਹੈ। ਅਸੀਂ ਨਾ ਸਿਰਫ ਵਿਸ਼ਵਵਿਆਪੀ ਸਹਿਣਸ਼ੀਲਤਾ ਵਿੱਚ ਵਿਸਵਾਸ ਰੱਖਦੇ ਹਾਂ, ਸਗੋਂ ਅਸੀਂ ਸਾਰੇ ਧਰਮਾਂ ਨੂੰ ਸੱਚ ਮੰਨਦੇ ਹਾਂ। ਮੈਨੂੰ ਇੱਕ ਅਜਿਹੀ ਕੌਮ ਨਾਲ ਸੰਬੰਧਤ ਹੋਣ 'ਤੇ ਮਾਣ ਹੈ, ਜਿਸ ਨੇ ਧਰਤੀ ਦੇ ਸਾਰੇ ਧਰਮਾਂ ਅਤੇ ਸਾਰੀਆਂ ਕੌਮਾਂ ਦੇ ਸਤਾਏ ਹੋਏ ਅਤੇ ਸ਼ਰਨਾਰਥੀਆਂ ਨੂੰ ਪਨਾਹ ਦਿੱਤੀ ਹੈ। ਮੈਨੂੰ ਤੁਹਾਨੂੰ ਇਹ ਦੱਸਦੇ ਹੋਏ ਮਾਣ ਹੈ ਕਿ ਅਸੀਂ ਆਪਣੀ ਛਾਤੀ ਵਿੱਚ ਇਜ਼ਰਾਈਲੀਆਂ ਦੇ ਸਭ ਤੋਂ ਸ਼ੁੱਧ ਬਚੇ ਹੋਏ ਲੋਕਾਂ ਨੂੰ ਇਕੱਠਾ ਕੀਤਾ ਹੈ, ਜੋ ਦੱਖਣੀ ਭਾਰਤ ਵਿਚ ਉਸ ਸਾਲ ਆਏ ਸਨ, ਜਿਸ ਸਾਲ ਉਹਨਾਂ ਦੇ ਪਵਿੱਤਰ ਮੰਦਰ ਨੂੰ ਰੋਮਨ ਜ਼ੁਲਮ ਨੇ ਟੁਕੜੇ-ਟੁਕੜੇ ਕਰ ਦਿੱਤਾ ਸੀ ਅਤੇ ਇਜ਼ਰਾਈਲੀਆਂ ਨੇ ਸਾਡੇ ਕੋਲ ਸ਼ਰਨ ਲਈ ਸੀ। ਮੈਨੂੰ ਉਸ ਧਰਮ ਨਾਲ ਸੰਬੰਧਤ ਹੋਣ 'ਤੇ ਮਾਣ ਹੈ, ਜਿਸ ਨੇ ਸ਼ਾਨਦਾਰ ਪਾਰਸੀ ਕੌਮ ਦੇ ਬਚੇ ਹੋਏ ਲੋਕਾਂ ਨੂੰ ਪਨਾਹ ਦਿੱਤੀ ਹੈ ਅਤੇ ਜਿਹੜੀ ਅਜੇ ਵੀ ਪਲ ਰਹੀ ਹੈ।'

ਸਵਾਮੀ ਜੀ ਹਿੰਦੂਆਂ ਨੂੰ ਕਹਿੰਦੇ ਹਨ, 'ਮੁਹੰਮਦ ਨੇ ਆਪਣੇ ਜੀਵਨ ਦੁਆਰਾ ਦਿਖਾਇਆ ਕਿ ਮੁਸਲਮਾਨਾਂ ਵਿੱਚ ਸੰਪੂਰਨ ਸਮਾਨਤਾ ਅਤੇ ਭਾਈਚਾਰਾ ਹੋਣਾ ਚਾਹੀਦਾ ਹੈ। ਨਸਲ, ਜਾਤ, ਧਰਮ, ਰੰਗ ਜਾਂ ਲਿੰਗ ਦਾ ਕੋਈ ਸਵਾਲ ਨਹੀਂ ਸੀ।'

ਆ ਜਾਓ, ਇੱਕ ਵਾਰ ਫੇਰ ਕਬਰ ਵਿੱਚੋਂ ਚੀਕਾਂ ਮਾਰਨ ਵਾਲਿਆਂ ਨੂੰ ਪੁੱਛੀਏ, 'ਕੀ ਤੁਸੀ ਵਿਵੇਕਾਨੰਦ ਦੇ ਵਿਚਾਰਾਂ ਨਾਲ ਸਹਿਮਤ ਹੋ? ਕੀ ਤੁਹਾਡੇ ਵਿਚ ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਸਵੀਕ੍ਰਿਤੀ ਹੈ? ਕੀ ਤੁਸੀ ਸਾਰੇ ਧਰਮਾਂ ਨੂੰ ਸੱਚ ਮੰਨਦੇ ਹੋ? ਬਾਹਰੋਂ ਆਈਆਂ ਕੌਮਾਂ ਨੂੰ ਸ਼ਰਣ ਦੇਣਾ ਤਾਂ ਦੂਰ ਦੀ ਗੱਲ, ਜਿਹੜੀਆਂ ਕੌਮਾਂ ਬਾਹਰੋਂ ਆ ਕੇ ਇਥੇ ਸਦੀਆਂ ਤੋਂ ਵਸ ਰਹੀਆਂ ਹਨ ਕੀ ਤੁਸੀਂ ਉਹਨਾਂ ਨੂੰ ਭਾਰਤੀ ਕੌਮ ਦੇ ਅੰਗ ਮੰਨਣ ਨੂੰ ਤਿਆਰ ਹੋ? ਕੀ ਤੁਸੀ ਜਾਤ-ਪਾਤ ਦਾ ਕੋਹੜ ਛੱਡ ਕੇ ਰਾਜ਼ੀ ਹੋ ਜਾਂ ਅਜੇ ਵੀ ਨਹੀਂ? ਜੇਕਰ ਤੁਸੀਂ ਵਿਵੇਕਾਨੰਦ ਜੀ ਅਨੁਸਾਰ ਦਿੱਤੀ ਹੋਈ ਹਿੰਦੂ ਧਰਮ ਦੀ ਵਿਆਖਿਆ ਅਤੇ ਉਸ ਅਨੁਸਾਰ ਚਲਣ ਨੂੰ ਤਿਆਰ ਨਹੀਂ ਹੋ ਤਾਂ ਤੁਸੀਂ ਕਿਹੜੇ ਪਾਸੇ ਤੋਂ ਹਿੰਦੂ ਹੋ?'

ਭਾਰਤ ਇੱਕ ਬਹੁਗਿਣਤੀ ਹਿੰਦੂ ਦੇਸ਼ ਹੈ, ਅਤੇ ਨੇਪਾਲ ਵੀ ਬਹੁਗਿਣਤੀ ਹਿੰਦੂ ਦੇਸ ਹੈ ਪਰ ਨੇਪਾਲ ਦੇ ਕਿਸੇ ਨੇਤਾ ਨੇ ਅੱਜ ਤੱਕ ਨਹੀਂ ਕਿਹਾ ਕਿ ਹਿੰਦੂ ਧਰਮ ਖਤਰੇ ਵਿਚ ਹੈ। ਭਾਰਤ ਹਿੰਦੂ ਬਹੁਗਿਣਤੀ ਹੋਣ ਕਾਰਨ ਹਿੰਦੂ ਧਰਮ ਨੂੰ ਖਤਰਾ ਨਹੀਂ ਹੋ ਸਕਦਾ, ਜੇਕਰ ਖਤਰਾ ਹੋ ਸਕਦਾ ਹੈ ਤਾਂ ਕੇਵਲ ਭਾਜਪਾ ਨੂੰ ਸੱਤਾ ਖੁੱਸਣ ਦਾ ਹੋ ਸਕਦਾ ਹੈ।

ਹਿੰਦੂ ਧਰਮ ਦੇ ਬਕਲਮ ਖੁਦ ਬਣੇ ਠੇਕੇਦਾਰੋ ਕੁਝ ਹੋਸ਼ ਤੋਂ ਕੰਮ ਲਵੋ। ਦੁਨੀਆ ਵਿਗਿਆਨ, ਆਰਥਿਕਤਾ, ਸਿਹਤ ਅਤੇ ਸਿੱਖਿਆ, ਗਲ ਕੀ ਜ਼ਿੰਦਗੀ ਦੇ ਹਰ ਖੇਤਰ ਵਿਚ ਕਿੱਥੇ ਦੀ ਕਿੱਥੇ ਪਹੁੰਚ ਗਈ ਹੈ। ਚੀਨ ਵੱਲ ਹੀ ਵੇਖ ਲਓ, ਭਾਰਤ ਤੋਂ ਦੋ ਸਾਲ ਬਾਅਦ ਵਿੱਚ ਅਜ਼ਾਦ ਹੋਇਆ, ਪਰ ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਭਾਰਤ ਤੋਂ ਬਹੁਤ ਅੱਗੇ ਹੈ, ਜਦਕਿ ਤੁਸੀ ਭਾਰਤੀਆਂ ਨੂੰ ਅੱਜ ਤੋਂ ਚਾਰ ਹਜ਼ਾਰ ਸਾਲ ਪਿੱਛੇ ਵਾਲੀ ਜ਼ਿੰਦਗੀ ਵਿਚ ਲਿਜਾਣ ਚਾਹੁੰਦੇ ਹੋ। ਜਿਹੜੀ ਥਾਲੀ ਵਿਚ ਖਾ ਰਹੇ ਹੋ, ਉਸ ਵਿਚ ਛੇਕ ਨਾ ਕਰੋ। ਭਾਰਤੀਆਂ ਦੇ ਖ਼ੂਨ-ਪਸੀਨੇ ਦੀ ਕਮਾਈ 'ਤੇ ਪਲ ਰਹੇ ਹੋ ਤਾਂ ਤੁਹਡਾ ਫਰਜ਼ ਬਣਦਾ ਹੈ ਕਿ ਭਾਰਤੀ ਲੋਕਾਂ ਦੀ ਬੇਹਤਰੀ ਬਾਰੇ ਸੋਚੋ। ਸੋਚੋ ਕਿ ਕਿਵੇਂ ਭਾਰਤ ਵਿਚੋਂ ਅਨਪੜ੍ਹਤਾ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਾਬਰਾਬਰੀ, ਪੁਲਸ ਰਾਜ ਅਤੇ ਜਹਾਲਤ ਖਤਮ ਕਰਨੀ ਹੈ। ਸੋਚੋ ਕਿ ਕਿਵੇਂ ਅਮੀਰੀ ਅਤੇ ਗਰੀਬੀ ਦਾ ਪਾੜਾ ਦੂਰ ਕਰਨਾ ਹੈ ਅਤੇ ਭਾਰਤ ਦਾ ਸੰਸਾਰ ਭਾਈਚਾਰੇ ਵਿਚ ਕਿਵੇਂ ਸਿਰ ਮਾਣ ਨਾਲ ਉੱਚਾ ਕਰਨ ਹੈ।

ਨਾ ਹਿੰਦੂ ਧਰਮ ਨੂੰ ਖਤਰਾ ਹੈ, ਨਾ ਮਸਜਿਦਾਂ ਅਤੇ ਕਬਰਾਂ ਤੋਂ ਖਤਰਾ ਹੈ। ਇੱਕ ਸੰਸਾਰ ਪੱਧਰ 'ਤੇ ਵੱਡਾ ਖਤਰਾ ਆ ਰਿਹਾ ਹੈ, ਜਿਸ ਨੂੰ ਮੰਦੀ ਕਹਿੰਦੇ ਹਨ। ਮੰਦੀ 2007 ਤੋਂ 2009 ਤਕ ਵੀ ਆਈ ਸੀ, ਸੰਸਾਰ ਭਰ ਵਿੱਚ ਬੈਂਕਾਂ ਕੋਲ ਪੈਸਾ ਨਹੀਂ ਰਿਹਾ, ਉਤਪਾਦਨ ਅਤੇ ਵਪਾਰ ਠੱਪ ਹੋ ਗਿਆ ਸੀ, ਪਰ ਅਰਥ ਸ਼ਾਸਤਰ ਦੇ ਮਾਹਰ ਸਰਦਾਰ ਮਨਮੋਹਨ ਸਿੰਘ ਭਾਰਤ ਨੂੰ ਮੰਦੀ ਵਿੱਚੋਂ ਬਾਹਰ ਕੱਢ ਲਿਆਏ ਸਨ। ਉਹ ਮੰਦੀ ਵਿੱਚੋਂ ਭਾਰਤ ਨੂੰ ਬਾਹਰ ਕੇਵਲ ਇਸ ਲਈ ਕੱਢ ਲਿਆਏ ਸਨ, ਕਿਉਂਕਿ ਭਾਰਤ ਦੀ ਸਾਰੀ ਆਰਥਿਕਤਾ ਕੇਵਲ ਕਾਰਪੋਰੇਟ ਘਰਾਣਿਆਂ ਦੇ ਹੱਥ ਵਿਚ ਨਹੀਂ ਸੀ, ਬਲਕਿ ਗੈਰ ਜਥੇਬੰਦ ਖੇਤਰ ਅਤੇ ਛੋਟੇ ਉਦਯੋਗਾਂ ਦੇ ਹੱਥ ਵੀ ਸੀ, ਜਿਸ ਨੇ ਰੋਜ਼ਗਾਰ ਕਾਇਮ ਰੱਖੇ ਅਤੇ ਸਪਲਾਈ ਦੇ ਨਾਲ-ਨਾਲ ਮੰਗ ਵੀ ਕਾਇਮ ਰੱਖੀ। ਮੰਦੀ ਤੋਂ ਬਚਣ ਲਈ ਕਾਰਪੋਰੇਟ ਘਰਾਣਿਆਂ ਨਾਲ ਯਾਰੀ ਛੱਡ ਕੇ ਮਨਮੋਹਨ ਸਿੰਘ ਵਾਲੀਆਂ ਆਰਥਿਕ ਨੀਤੀਆਂ ਅਪਣਾਓ ਅਤੇ ਭਾਰਤ ਨੂੰ ਭਵਿੱਖੀ ਖਤਰੇ ਤੋਂ ਬਚਾਉਣ ਦੀ ਹੁਣ ਤੋਂ ਹੀ ਤਿਆਰੀ ਰੱਖੋ।

**#ਵਟਸਐਪ ਨੰਬਰ 94176-32228**

CMYK

# ਸਰਹੱਦੀ ਖੇਤਰ 'ਤੇ ਬਣੇ ਤਣਾਅ ਕਾਰਨ ਲੋਕ ਬੇਘਰ ਹੋਣ ਲਈ ਮਜਬੂਰ !

## ਬੀਤਿਆਂ ਦੇ ਵਾਪਰੇ ਮਾੜੇ ਦੌਰ ਤੋਂ ਡਰੇ ਸਰਹੱਦੀ ਲੋਕ ਬਿਨਾਂ ਕਿਸੇ ਹੁਕਮ ਦੇ ਸਾਮਾਨ ਚੁੱਕ ਕੇ ਜਾ ਰਹੇ ਹਨ ਆਪਣੇ ਪਿੰਡਾਂ ਤੋਂ ਦੂਰ

**ਫਾਜ਼ਿਲਕਾ (ਪਰਮਜੀਤ ਢਾਬਾਂ)**

ਸਰਹੱਦੀ ਖੇਤਰ ਵਿੱਚ ਵਸੇ ਲੋਕਾਂ ਦੀ ਕਹਾਣੀ ਦਰਦ ਭਰੇ, ਉਜਾੜੇ ਤੇ ਘਰੋਂ ਬੇਘਰ ਹੋਏ ਕਿੱਸਿਆਂ ਨਾਲ ਭਰੀ ਹੋਈ ਹੈ। ਕਦੇ ਜੰਗ ਦੇ ਮਾਹੌਲ ਨੇ ਉਜਾੜੇ ਤੇ ਕਦੇ ਸਿਰ ਚੜ੍ਹ ਕੇ ਚੜ੍ਹੇ ਸਤਲੁਜ ਦਰਿਆ ਦੇ ਪਾਣੀ ਨੇ ਬਣੇ ਬਣਾਏ ਘਰ ਰੋੜ੍ਹ ਦਿੱਤੇ ਇਨ੍ਹਾਂ ਸਰਹੱਦੀ ਲੋਕਾਂ ਦੇ। ਦੋ ਸਾਲ ਪਹਿਲਾਂ ਸਰਹੱਦੀ ਖੇਤਰ ਦੇ ਲੋਕਾਂ 'ਤੇ ਸਤਲੁਜ ਦਰਿਆ ਦੇ ਪਾਣੀ ਨੇ ਇੱਕ ਵੱਡਾ ਹਮਲਾ ਬੋਲਿਆ ਸੀ, ਜਿਸ ਨਾਲ ਸੈਂਕੜੇ ਸਰਹੱਦੀ ਲੋਕ ਘਰੋਂ ਬੇਘਰ ਹੋ ਗਏ ਅਤੇ ਉਹ ਰੋਟੀ, ਪਾਣੀ ਤੇ ਪਸ਼ੂਆਂ ਦੇ ਹਰੇ ਚਾਰੇ ਲਈ ਤਰਸਣ ਲੱਗੇ ਸਨ। ਅਜੇ ਇਨ੍ਹਾਂ ਸਰਹੱਦੀ ਲੋਕਾਂ ਦੇ ਸਤਲੁਜ ਦਰਿਆ ਦੇ ਦਿੱਤੇ ਡੂੰਘੇ ਤੇ ਗਹਿਰੇ ਜ਼ਖਮ ਅੱਲੇ ਹੀ ਸਨ ਕਿ ਇੱਕ ਨਵਾਂ ਹੋਰ ਵੱਡਾ ਉਜਾੜਾ ਸਾਹਮਣੇ ਆ ਕੇ ਖੜਾ ਹੋ ਗਿਆ।



ਸਰਹੱਦੀ ਖੇਤਰ ਦੇ ਲੋਕਾਂ ਨੂੰ ਹਮੇਸ਼ਾ ਹੀ ਪਾਕਿ ਤੇ ਭਾਰਤ ਸਰਹੱਦ ਤੇ ਜਦੋਂ ਵੀ ਜੰਗ ਦਾ ਮਾਹੌਲ ਬਣਦਾ ਹੈ ਤਾਂ ਉਨ੍ਹਾ ਦੇ ਮਨਾਂ ਵਿੱਚ ਸਹਿਮ ਫੈਲ ਜਾਂਦਾ ਹੈ। ਇਸ ਮਾਹੌਲ ਦੇ ਚਲਦਿਆਂ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬੇਘਰ ਹੋਣਾ ਪੈਂਦਾ ਹੈ। ਮੌਜੂਦਾ ਹਾਲਾਤ 'ਚ ਭਾਰਤ ਵੱਲੋਂ ਪਾਕਿਸਤਾਨ ਤੇ ਕੀਤੀ ਗਈ ਏਅਰ ਸਟਰਾਈਕ ਤੋਂ ਬਾਅਦ ਸਰਹੱਦੀ ਇਲਾਕੇ ਦੇ ਲੋਕਾਂ ਪਿੰਡਾਂ ਨੂੰ ਛੱਡ ਕੇ ਜਾਣਾ ਸ਼ੁਰੂ ਕਰ ਦਿੱਤਾ ਹੈ। ਸਰਹੱਦੀ ਪਿੰਡਾਂ ਦੇ ਲੋਕਾਂ ਆਪਣੇ ਘਰਾਂ 'ਚ ਟਰੈਕਟਰ ਟਰਾਲੀਆਂ ਤੇ ਹੋਰ ਵਹੀਕਲਾਂ ਰਾਹੀਂ ਘਰਾਂ ਦਾ ਸਮਾਨ ਢੋਹਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਸਾਮਾਨ ਲੈ ਕੇ ਸੁਰੱਖਿਆ ਥਾਵਾਂ ਵੱਲ ਜਾ ਰਹੇ ਹਨ। ਸਰਹੱਦੀ ਲੋਕਾਂ ਦਾ ਕਹਿਣਾ ਕਿ ਉਨ੍ਹਾਂ ਦੇ ਪਿੰਡਾਂ ਤੋਂ ਕੁਝ ਦੂਰੀ 'ਤੇ ਭਾਰਤ-ਪਾਕਿਸਤਾਨ ਬਾਰਡਰ ਲੱਗਦਾ ਹੈ। 1965-71 ਦੀ ਜੰਗ ਵੇਲੇ ਇਸ ਇਲਾਕੇ ਨੂੰ ਪਾਕਿਸਤਾਨ ਨੇ ਘੇਰ ਲਿਆ ਸੀ।

ਭਾਵੇਂ ਕਿ ਲੋਕ ਇਲਾਕੇ ਨੂੰ ਛੱਡ ਕੇ ਉਦੋਂ ਚਲੇ ਗਏ ਸਨ, ਪਰ ਉਨ੍ਹਾਂ ਦੇ ਘਰਾਂ 'ਚ ਪਿਆ ਸਾਮਾਨ ਲੁੱਟ ਲਿਆ ਗਿਆ, ਉਸ ਸਮੇਂ ਉਨ੍ਹਾਂ ਨੂੰ ਕਾਫੀ ਆਰਥਿਕ ਨੁਕਸਾਨ ਹੋਇਆ ਸੀ। ਸਰਹੱਦੀ ਪਿੰਡ ਪੱਕਾ ਚਿਸਤੀ ਦੇ ਵਸਨੀਕ ਗੁਰਚਰਨ ਸਿੰਘ ਤੇ ਬਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਅਧਿਕਾਰਤ ਤੌਰ 'ਤੇ ਕਿਸੇ ਵੀ ਫੌਜ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਉਥੋਂ ਜਾਣ ਲਈ ਭਾਵੇਂ ਨਹੀਂ ਕਿਹਾ ਗਿਆ, ਪ੍ਰੰਤੂ ਉਹ ਆਪਣੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਆਪਣੇ ਪਰਵਾਰ ਤੇ ਸਾਮਾਨ ਨੂੰ ਲੈ ਕੇ ਸੁਰੱਖਿਅਤ ਥਾਵਾਂ 'ਤੇ ਜਾ ਰਹੇ ਹਨ। ਇਸੇ ਹੀ ਪਿੰਡ ਦੇ 1965-71 ਦੀ ਜੰਗ ਦਾ ਸੰਤਾਪ ਆਪਣੇ ਹੱਡੀ ਹੰਡਾਉਣ ਵਾਲਾ ਸਰਹੱਦੀ ਬਜ਼ੁਰਗ ਫੌਜਾ ਸਿੰਘ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੂੰ ਪਾਕਿਸਤਾਨੀਆਂ ਵੱਲੋਂ ਘੇਰ ਲਿਆ ਸੀ, ਤਾਂ ਪਾਣੀ ਦਾ ਗਿਲਾਸ ਤੱਕ ਨਹੀਂ ਚੁੱਕਣ ਦਿੱਤਾ ਗਿਆ ਸੀ। ਉਨ੍ਹਾਂ ਦੇ ਪਿੰਡ ਦੇ 20 ਦੇ ਕਰੀਬ ਵਿਅਕਤੀਆਂ ਨੂੰ ਫੜ ਕੇ ਪਾਕਿਸਤਾਨ ਵਾਲੇ ਲੈ ਗਏ ਸਨ ਤੇ ਬਾਅਦ ਵਿੱਚ ਲੈਣ ਦੇਣ ਹੋ ਕੇ ਛੱਡਿਆ ਗਿਆ ਸੀ। ਫੌਜਾ ਸਿੰਘ ਦਾ ਕਹਿਣਾ ਹੈ ਕਿ ਜਦੋਂ ਜੰਗ ਛਿੜਦੀ ਹੈ, ਤਾਂ ਜੇਕਰ ਉਨ੍ਹਾਂ ਦੇ ਘਰਾਂ 'ਤੇ ਕਬਜ਼ੇ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਮਕਾਨਾਂ ਦੀਆਂ ਇਟਾਂ ਤੱਕ ਪੁੱਟ ਕੇ ਪਾਕਿਸਤਾਨ ਵਾਲੇ ਲੈ ਜਾਂਦੇ ਹਨ। ਕੋਈ ਦਰੱਖਤ ਤੱਕ ਨਹੀਂ ਛੱਡਿਆ ਜਾਂਦਾ ਤੇ ਸਾਮਾਨ ਦਾ ਤਾਂ ਨਾਮ ਨਿਸ਼ਾਨ ਹੀ ਨਹੀਂ ਰਹਿ ਜਾਂਦਾ। ਦੱਸਣਯੋਗ ਹੈ ਕਿ ਜ਼ਿਲ੍ਹਾ ਤੇ ਫੌਜ ਦੇ ਅਧਿਕਾਰੀਆਂ ਵੱਲੋਂ ਕਿਸੇ ਤਰ੍ਹਾਂ ਵੀ ਸਰਹੱਦੀ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਉਥੋਂ ਉੱਠਣ ਦਾ ਹੁਕਮ ਜਾਰੀ ਨਹੀਂ ਕੀਤਾ ਗਿਆ, ਪ੍ਰੰਤੂ ਪਹਿਲਾਂ ਹੰਡਾਏ ਪਿੰਡੇ 'ਤੇ ਦਰਦ ਨੂੰ ਮੁੱਖ ਰੱਖਦਿਆਂ ਸਰਹੱਦੀ ਖੇਤਰ ਦੇ ਲੋਕ ਆਪਣੇ ਬੱਚਿਆਂ ਤੇ ਔਰਤਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣਾ ਮੁਨਾਸਿਬ ਸਮਝ ਰਹੇ ਹਨ।

# ਬੀ ਐੱਸ ਐੱਫ ਵੱਲੋਂ ਘੁਸਪੈਠੀਆ ਢੇਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਸਰਹੱਦ ਦੀ ਰੱਖਿਆ ਕਰਦੇ ਹੋਏ ਬੀ ਐੱਸ ਐੱਫ. ਦੇ ਜਵਾਨਾਂ ਨੇ ਸਵੇਰੇ ਲਗਭਗ 4 ਵਜੇ ਮਮਦੋਟ ਖੇਤਰ ਵਿੱਚ ਸਥਿਤ ਬੀ.ਓ.ਪੀ. ਐੱਲ. ਐੱਸ. ਵਾਲਾ ਨੇੜੇ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਢੇਰ ਕਰ ਦਿੱਤਾ। ਜਾਣਕਾਰੀ ਅਨੁਸਾਰ, ਪਾਕਿਸਤਾਨੀ ਵਿਅਕਤੀ ਹਨੇਰੇ ਦਾ ਲਾਭ ਚੁੱਕਦੇ ਹੋਏ ਭਾਰਤੀ ਹੱਦ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਡਿਊਟੀ 'ਤੇ ਮੌਜੂਦ ਬੀ.ਐੱਸ.ਐੱਫ. ਜਵਾਨਾਂ ਨੇ ਉਸ ਨੂੰ ਰੁਕਣ ਲਈ ਲਲਕਾਰਿਆ, ਪਰ ਨਾ ਰੁਕਣ 'ਤੇ ਗੋਲੀ ਚਲਾਉਣੀ ਪਈ। ਗੋਲੀ ਲੱਗਣ ਕਾਰਨ ਘੁਸਪੈਠੀਆ ਮੌਕੇ 'ਤੇ ਹੀ ਢੇਰ ਹੋ ਗਿਆ।

# ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਸਕੂਲ 11 ਤੱਕ ਬੰਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ ਪਾਕਿਸਤਾਨ ਵਿਚਾਲੇ ਬਣੀ ਤਣਾਅ ਪੂਰਨ ਸਥਿਤੀ ਦੇ ਮੱਦੇ ਨਜ਼ਰ ਪੰਜਾਬ ਦੇ ਸਰਹੱਦੀ ਛੇ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ 11 ਮਈ ਤੱਕ ਬੱਚਿਆਂ ਲਈ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਹਾਲਾਂਕਿ ਇਨ੍ਹਾਂ ਛੁੱਟੀਆਂ ਦੌਰਾਨ ਅਧਿਆਪਕਾਂ ਨੂੰ ਆਨਲਾਈਨ ਕਲਾਸਾਂ ਲੈਣ ਦੇ ਵੀ ਆਦੇਸ਼ ਦਿੱਤੇ ਹਨ। ਕੁਝ ਥਾਂਵਾਂ 'ਤੇ ਇਹ ਵੀ ਖਬਰਾਂ ਹਨ ਕਿ ਸਕੂਲ ਸਟਾਫ ਨੂੰ ਸਕੂਲ ਵਿੱਚ ਹਾਜ਼ਰ ਰਹਿਣ ਲਈ ਵੀ ਆਖਿਆ ਗਿਆ ਹੈ। ਜਾਣਕਾਰੀ ਮੁਤਾਬਕ, ਪਾਕਿਸਤਾਨ 'ਤੇ ਭਾਰਤ ਦੇ ਹਵਾਈ ਹਮਲੇ ਤੋਂ ਬਾਅਦ ਪੰਜਾਬ ਦੇ ਸਰਹੱਦੀ ਜ਼ਿਲ੍ਹੇ (ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਤਰਨਤਾਰਨ, ਅੰਮ੍ਰਿਤਸਰ, ਪਠਾਨਕੋਟ) ਵਿੱਚ ਸਕੂਲ 11 ਮਈ ਤੱਕ ਬੰਦ ਰਹਿਣਗੇ। ਵੱਖ ਵੱਖਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੋਂ ਮਿਲੀਆਂ ਜਾਣਕਾਰੀਆਂ ਅਨੁਸਾਰ, ਨਾਜ਼ੁਕ ਹਾਲਾਤਾਂ ਦੇ ਮੱਦੇਨਜ਼ਰ ਸਮੂਹ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲਾਂ ਵਿੱਚ ਮਿਤੀ 08/05/2025 ਤੋਂ 11/05/2025 ਤੱਕ ਛੁੱਟੀਆਂ ਕਰ ਦਿੱਤੀਆਂ ਗਈਆਂ। ਸਾਰੇ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲ ਬੰਦ ਰਹਿਣਗੇ। ਇਸ ਸਬੰਧੀ ਵੱਖੋ ਵੱਖਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਆਦੇਸ਼ ਜਾਰੀ ਕਰ ਦਿੱਤੇ ਹਨ। ਇਹ ਫੈਸਲਾ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਲਿਆ ਗਿਆ ਹੈ। ਦੱਸ ਦੇਈਏ ਕਿ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ।

# ਫਿਰੋਜ਼ਪੁਰ 'ਚ ਸਰਹੱਦ ਪਾਰੋਂ ਚਲਾਏ ਜਾ ਰਹੇ ਨਾਰਕੋ ਨੈੱਟਵਰਕ ਦਾ ਪਰਦਾ ਫਾਸ਼

## 5 ਕਿੱਲੋ ਹੈਰੋਇਨ, ਦੋ ਪਿਸਤੌਲਾਂ ਸਮੇਤ 3 ਵਿਅਕਤੀ ਕਾਬੂ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਤੇ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਫਿਰੋਜ਼ਪੁਰ ਨੇ ਦੋ ਵੱਖ-ਵੱਖ ਕਾਰਵਾਈਆਂ ਵਿੱਚ 5.4 ਕਿੱਲੋ ਹੈਰੋਇਨ, ਦੋ 7.65 ਐੱਮ ਐੱਮ ਚੀਨ ਦੀਆਂ ਬਣੀਆਂ ਪਿਸਤੌਲਾਂ, ਚਾਰ ਮੈਗਜ਼ੀਨਾਂ ਤੇ ਇੱਕ ਪਿਸਤੌਲ ਸਲਾਈਡ ਸਮੇਤ ਤਿੰਨ ਤਸਕਰਾਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਸਰਹੱਦ ਪਾਰੋਂ ਚਲਾਏ ਜਾਂਦੇ ਨਾਰਕੋ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦਿੱਤੀ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੰਦੀਪ ਸਿੰਘ ਤੇ ਜੱਜ ਸਿੰਘ, ਦੋਵੇਂ ਵਾਸੀ ਪਿੰਡ ਕਮਾਲ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਤੇ ਬੱਬੂ ਸਿੰਘ ਉਰਫ ਬੱਬੂ ਵਾਸੀ ਪਿੰਡ ਸੱਤੋ ਕੇ, ਫਿਰੋਜ਼ਪੁਰ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਖੇਪ ਪਾਕਿਸਤਾਨ ਸਥਿਤ ਤਸਕਰਾਂ ਵੱਲੋਂ ਸਰਹੱਦ ਪਾਰੋਂ ਡਰੋਨ ਦੀ ਵਰਤੋਂ ਕਰਕੇ ਭੇਜੀ ਗਈ ਸੀ। ਉਨ੍ਹਾਂ ਕਿਹਾ ਕਿ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਅਗਲੇਰੇ ਪਿਛਲੇਰੇ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਪਹਿਲੇ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਏਆਈਜੀ ਸੀ.ਆਈ. ਫਿਰੋਜ਼ਪੁਰ ਗੁਰਸੇਵਕ ਸਿੰਘ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਦੀ ਖੁਫੀਆ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਸੀਆਈ ਫਿਰੋਜ਼ਪੁਰ ਦੀਆਂ ਪੁਲਸ ਟੀਮਾਂ ਨੇ ਫਿਰੋਜ਼ਪੁਰ ਦੇ ਪਿੰਡ ਕੋਤਵਾਲ ਦੇ ਲਿੰਕ ਰੋਡ 'ਤੇ ਸਥਿਤ ਸਰਕਾਰੀ ਕਾਲਜ ਮੋਹਕਮ ਵਾਲਾ ਨੇੜੇ ਛਾਪੇਮਾਰੀ ਕੀਤੀ ਤੇ ਮੁਲਜ਼ਮ ਸੰਦੀਪ ਸਿੰਘ ਤੇ ਜੱਜ ਸਿੰਘ ਨੂੰ 465 ਗਰਾਮ ਹੈਰੋਇਨ ਤੇ ਦੋ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਪਿਸਤੌਲ ਸਲਾਈਡ ਨਾਲ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਦੋਸ਼ੀ ਆਪਣੇ ਹੀਰੋ ਹੌਂਡਾ ਮੋਟਰਸਾਈਕਲ (ਪੀਬੀ- 05-ਆਰ-3298) 'ਤੇ ਕਿਸੇ ਨੂੰ ਖੇਪ ਪਹੁੰਚਾਉਣ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਨੇ ਉਸ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ ਤੇ ਇਸ ਸਬੰਧੀ ਫਿਰੋਜ਼ਪੁਰ ਦੇ ਥਾਣਾ ਕੁਲਗੜ੍ਹੀ ਵਿਖੇ ਕੇਸ ਦਰਜ ਕੀਤਾ ਗਿਆ ਹੈ। ਦੂਜੇ ਆਪ੍ਰੇਸ਼ਨ ਬਾਰੇ ਏਆਈਜੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਪ੍ਰਾਪਤ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਸ ਟੀਮਾਂ ਨੇ ਫਿਰੋਜ਼ਪੁਰ ਦੇ ਪਿੰਡ ਭਾਖੜਾ ਵਿੱਚ ਸਥਿਤ ਉਸ ਦੇ ਖੇਤ ਤੋਂ 5 ਕਿੱਲੋ ਹੈਰੋਇਨ ਬਰਾਮਦ ਕਰਕੇ ਨਸ਼ਾ ਤਸਕਰ ਬੱਬੂ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਵਿਖੇ 7 ਮਈ ਨੂੰ ਕੇਸ ਦਰਜ ਕੀਤਾ ਗਿਆ ਹੈ।

# ਕਾਤਰਾਂ

## ਫਾਰਮੇਸੀ/ਕੈਮਿਸਟ ਦੀਆਂ ਦੁਕਾਨਾਂ 'ਤੇ ਸੀ ਸੀ ਟੀ ਵੀ ਕੈਮਰੇ ਲਵਾਉਣ ਦੇ ਹੁਕਮ ਜਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਡਾ. ਨਿਧੀ ਕੁਮੁਦ ਬੰਬਾਹ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 152 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ਡਿਊਲ ਐੱਚ, ਐੱਚ-1 ਤੇ ਐਕਸ (ਐੱਚ, ਐੱਚ-1 ਅਤੇ ਐਕਸ) ਦਵਾਈਆਂ ਵੇਚਣ ਵਾਲੀ ਫਾਰਮੇਸੀ/ਕੈਮਿਸਟ ਦੀ ਦੁਕਾਨਾਂ 'ਤੇ ਸੀਸੀਟੀਵੀ ਕੈਮਰੇ ਲਵਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਨੈਸ਼ਨਲ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ ਵੱਲੋਂ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਸਹਿਯੋਗ ਨਾਲ ਤਿਆਰ ਜੁਆਇੰਟ ਐਕਸ਼ਨ ਪਲਾਨ ਤਹਿਤ ਬੱਚਿਆਂ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਰੋਕਥਾਮ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਅਗਲੇ ਇੱਕ ਮਹੀਨੇ ਲਈ ਜਾਰੀ ਰਹੇਗਾ।

## ਸਬੂਤਾਂ ਦੀ ਘਾਟ ਕਾਰਨ ਸ਼ਰਾਬ ਦੇ ਪਰਚੇ 'ਚੋਂ ਤਿੰਨ ਬਰੀ

**ਜੈਤੋ (ਸਤੀਸ਼ ਕੁਮਾਰ ਭੀਰੀ)**-ਸਬ ਡਵੀਜ਼ਨਲ ਮੈਜਿਸਟ੍ਰੇਟ ਸ਼ਮਿੰਦਰ ਸਿੰਘ ਦੀ ਅਦਾਲਤ ਨੇ ਪੁਲਸ ਥਾਣਾ ਜੈਤੋ ਵਿਖੇ 180 ਪੇਟੀਆਂ ਨਜਾਇਜ਼ ਸ਼ਰਾਬ ਰੱਖਣ ਦੇ ਮਾਮਲੇ ਵਿੱਚ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀਆਂ ਨੂੰ ਸਬੂਤਾਂ ਤੇ ਗਵਾਹਾਂ ਦੀ ਘਾਟ ਕਾਰਨ ਬਰੀ ਕਰਨ ਦਾ ਫੈਸਲਾ ਸੁਣਾਇਆ ਗਿਆ।ਇਸ ਮੌਕੇ ਬਚਾਅ ਪੱਖ ਦੇ ਵਕੀਲ ਅਮਿਤ ਕੁਮਾਰ ਮਿੱਤਲ ਗੋਲਡੂ ਨੇ ਦੱਸਿਆ ਕਿ ਕੁਲਵਿੰਦਰ ਸਿੰਘ, ਹਰਪਾਲ ਸਿੰਘ ਤੇ ਸ਼ਮਿੰਦਰ ਸਿੰਘ ਨੂੰ ਰੋੜੀਕਪੂਰਾ ਸੇਮ ਨਾਲਾ ਪੁਲ ਤੋਂ ਜੈਤੋ ਪੁਲਿਸ ਨੇ ਨਜਾਇਜ਼ ਸ਼ਰਾਬ 180 ਪੇਟੀਆਂ ਸਮੇਤ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਸੀ। ਅਦਾਲਤ ਵਿੱਚ ਦੋਸ਼ੀਆਂ ਦੇ ਵਕੀਲ ਅਮਿਤ ਕੁਮਾਰ ਮਿੱਤਲ ਗੋਲਡੂ ਨੇ ਆਪਣੇ ਮੁਵੱਕਲਾਂ ਦੀ ਬੇਗੁਨਾਹੀ ਲਈ ਦਿੱਤੀਆਂ ਗਈਆਂ। ਜ਼ੋਰਦਾਰ ਦਲੀਲਾਂ ਨੂੰ ਦੇਖਦੇ ਹੋਏ ਅਦਾਲਤ ਨੇ ਕੁਲਵਿੰਦਰ ਸਿੰਘ, ਹਰਪਾਲ ਸਿੰਘ ਅਤੇ ਸ਼ਮਿੰਦਰ ਸਿੰਘ ਨੂੰ ਬਰੀ ਕਰਨ ਦਾ ਹੁਕਮ ਦਿੱਤਾ ਗਿਆ।

## ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 3 ਵਿਰੁੱਧ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਚੱਕ ਸੋਹਣਾ ਸਾਂਦੜ ਵਿਖੇ ਹੋਈ ਲੜਾਈ ਦੌਰਾਨ ਕੁੱਟਮਾਰ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਮਾਇਆ ਰਾਣੀ ਪਤਨੀ ਨਾਨਕ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਚੱਕ ਸੋਹਣਾ ਸਾਂਦੜ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 15 ਅਪ੍ਰੈਲ 2025 ਨੂੰ ਦੁਪਹਿਰ ਕਰੀਬ 11 ਵਜੇ ਘਰ ਵਿੱਚ ਇਕੱਲੀ ਸੀ ਤੇ ਇਸ ਦੌਰਾਨ ਗੁਰਮੇਜ ਸਿੰਘ ਵਗੈਰਾ ਨੇ ਘਰ ਦੇ ਕਮਰੇ ਵਿੱਚ ਆ ਕੇ ਉਸ ਦੀ ਕੁੱਟਮਾਰ ਕੀਤੀ ਗਈ ਹੈ। ਜਿਸ 'ਤੇ ਪੁਲਸ ਵੱਲੋਂ ਮੁੱਦਈ ਮਾਇਆ ਬਾਈ ਦੇ ਬਿਆਨਾਂ 'ਤੇ ਗੁਰਮੇਜ ਸਿੰਘ ਪੁੱਤਰ ਕੇਹਰ ਸਿੰਘ, ਕੁਸ਼ੱਲਿਆ ਰਾਣੀ ਪਤਨੀ ਗੁਰਮੇਜ ਸਿੰਘ ਤੇ ਗੁਰਦੀਸ਼ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀਆਨ ਚੱਕ ਸੋਹਣਾ ਸਾਂਦੜ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

# ਵਿਦਿਆਰਥੀਆਂ ਵੱਲੋਂ ਖ਼ੂਨਦਾਨ ਸੰਬੰਧੀ ਜਾਗਰੂਕਤਾ ਰੈਲੀ



**ਭੀਖੀ (ਧਰਮਵੀਰ ਸ਼ਰਮਾ)**-ਵਿਸ਼ਵ ਰੈੱਡ ਕਰਾਸ ਦਿਵਸ ਮੌਕੇ ਸਥਾਨਕ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਖ਼ੂਨਦਾਨ ਕਰਨ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਰੈਲੀ ਕੀਤੀ ਗਈ, ਜੋ ਸ਼ਹਿਰ ਦੀਆਂ ਮੁੱਖ ਸੜਕਾਂ ਤੋਂ ਹੁੰਦੀ ਹੋਈ ਸਿਵਲ ਹਸਪਤਾਲ ਭੀਖੀ ਵਿਖੇ ਸਮਾਪਤ ਹੋਈ। ਸਕੂਲ ਚੇਅਰਮੈਨ ਸੁਰੇਸ਼ ਕੁਮਾਰ ਸਿੰਗਲਾ ਤੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਸੋਢੀ ਨੇ ਦੱਸਿਆ ਕਿ ਰੈਲੀ ਦੌਰਾਨ ਵਿਦਿਆਰਥੀਆਂ ਨੇ ਖ਼ੂਨਦਾਨ ਲਈ ਪ੍ਰੇਰਿਤ ਕਰਨ ਲਈ ਹੱਥ ਵਿੱਚ ਤਖਤੀਆਂ ਫੜ ਕੇ ਸ਼ਹਿਰ ਅੰਦਰ ਮਾਰਚ ਪਾਸਟ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਸਮੇਂ ਸਮੇਂ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ, ਜਿਸ ਨਾਲ ਕਿਸੇ ਦੀ ਕੀਮਤੀ ਜ਼ਿੰਦਗੀ ਨੂੰ ਬਚਾਇਆ ਜਾ ਸਕਦਾ ਹੈ ਤੇ ਮਨੁੱਖੀ ਸਰੀਰ ਵੀ ਖ਼ੂਨ ਦਾਨ ਕਰਨ ਨਾਲ ਸਿਹਤਮੰਦ ਰਹਿੰਦਾ ਹੈ। ਇਸ ਮੌਕੇ ਵਿਦਿਆਰੀਥਆਂ ਵੱਲੋਂ ਸਿਵਲ ਹਸਪਤਾਲ ਅੰਦਰ ਆਏ ਮਰੀਜ਼ਾਂ ਨੂੰ ਬਿਸਕੁਟ ਵੀ ਵੰਡੇ। ਰੈਲੀ ਦੀ ਸਮਾਪਤੀ ਮੌਕੇ ਸਿਵਲ ਹਸਪਤਾਲ ਭੀਖੀ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਐੱਸ.ਐੱਮ.ਓ. ਡਾ. ਨਿਰਮਲ ਸਿੰਘ ਨੇ ਇਸ ਉੱਦਮ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 16-65 ਸਾਲ ਦੀ ਉਮਰ ਤੱਕ ਕੋਈ ਵੀ ਵਿਅਕਤੀ 4 ਮਹੀਨੇ 'ਚ ਇੱਕ ਵਾਰ ਖ਼ੂਨ ਦਾਨ ਕਰ ਸਕਦਾ ਹੈ। ਉਨ੍ਹਾਂ ਖ਼ੂਨਦਾਨ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਖ਼ੂਨ ਦਾਨ ਨਾਲ ਜਿੱਥੇ ਕਿਸੇ ਦੀ ਕੀਮਤੀ ਜਾਨ ਬਚਾਈ ਜਾ ਸਕਦੀ ਹੈ ਉਥੇ ਹੀ ਖ਼ੂਨਦਾਨੀ ਵੀ ਬਲੱਡ ਪ੍ਰੈਸ਼ਰ, ਕਲੈਸਟਰੋਲ ਆਦਿ ਬਿਮਾਰੀਆਂ ਤੋਂ ਰਹਿਤ ਰਹਿੰਦਾ ਹੈ। ਇਸ ਮੌਕੇ ਡਾ. ਵਰੁਨ, ਸਿਹਤ ਸੁਪਰਵਾਇਜ਼ਰ ਗੁਰਦੀਪ ਸਿੰਘ ਤੋਂ ਇਲਾਵਾ ਸਿਵਲ ਹਸਪਤਾਲ ਤੇ ਸਕੂਲ ਦਾ ਸਟਾਫ ਮੌਜੂਦ ਸੀ।

# ਮਾਮਲਾ ਜਿਉਂਦ 'ਚ ਮੁਜ਼ਾਰਿਆਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਦਾ

# ਕਿਸਾਨਾਂ-ਮਜ਼ਦੂਰਾਂ ਵੱਲੋਂ ਸਖਤ ਵਿਰੋਧ ਕਾਰਨ ਦੂਜੇ ਦਿਨ ਵੀ ਪਿੱਛੇ ਹਟਣਾ ਪਿਆ

## ਅੱਜ ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨ ਆਗੂਆਂ ਨਾਲ ਮੀਟਿੰਗ ਰੱਖੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਲਗਾਤਾਰ ਦੂਜੇ ਦਿਨ ਵੀਰਵਾਰ ਵੀ ਬਠਿੰਡਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਡੀ ਪੁਲਸ ਨਫਰੀ ਨਾਲ ਜਿਉਂਦ ਪਿੰਡ ਦੀ ਮੁਰੱਬੇਬੰਦੀ ਲਈ ਹੱਲਾ ਬੋਲਿਆ ਗਿਆ, ਪ੍ਰੰਤੂ ਸੈਂਕੜੇ ਔਰਤਾਂ ਸਮੇਤ ਹਜ਼ਾਰਾਂ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਦੇ ਸਖਤ ਵਿਰੋਧ ਕਾਰਨ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ। ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਦੱਸਿਆ ਕਿ ਭਾਰੀ ਕਸ਼ਮਕਸ਼ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਨੇ 9 ਮਈ ਨੂੰ ਮਸਲੇ ਦਾ ਹੱਲ ਗੱਲਬਾਤ ਰਾਹੀਂ ਕੱਢਣ ਲਈ ਕਿਸਾਨ ਆਗੂਆਂ ਨਾਲ ਮੀਟਿੰਗ ਰੱਖ ਕੇ ਵਾਪਸ ਚਾਲੇ ਪਾ ਦਿੱਤੇ। ਡ੍ਰੋਨ ਰਾਹੀਂ ਇੰਟਰਨੈੱਟ ਜ਼ਰੀਏ ਕੀਤੀ ਜਾ ਰਹੀ ਮੁਰੱਬੇਬੰਦੀ ਠੱਪ ਕਰਨੀ ਪਈ। ਇਸ ਮੌਕੇ ਕਿਸਾਨਾਂ ਮਜ਼ਦੂਰਾਂ ਦੀ ਅਗਵਾਈ ਕਰਨ ਵਾਲੇ ਮੁੱਖ ਆਗੂਆਂ ਵਿੱਚ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਸੂਬਾ ਆਗੂ ਜਗਤਾਰ ਸਿੰਘ ਕਾਲਾਝਾੜ, ਜ਼ਿਲ੍ਹਾ ਪ੍ਰਧਾਨ ਸੰਗਰੂਰ ਅਮਰੀਕ ਸਿੰਘ ਗੰਢੂਆਂ, ਮਾਨਸਾ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ, ਹਰਬੰਸ ਸਿੰਘ ਕੋਟਲੀ, ਗੁਰਭੇਜ ਸਿੰਘ ਰੋਹੀਵਾਲਾ, ਹਰਿੰਦਰ ਕੌਰ ਬਿੰਦੂ, ਜੱਗਾ ਸਿੰਘ ਜੋਗੇਵਾਲਾ, ਗੁਲਾਬ ਸਿੰਘ ਜਿਉਂਦ, ਬੂਟਾ ਸਿੰਘ ਭਾਗੀਕੇ (ਮੋਗਾ) ਸ਼ਾਮਲ ਸਨ। ਸ੍ਰੀ ਜੇਠੂਕੇ ਦਾ ਕਹਿਣਾ ਸੀ ਕਿ ਜਥੇਬੰਦੀ ਦੇ ਆਗੂ ਗੱਲਬਾਤ ਵਿੱਚ ਸ਼ਾਮਲ ਤਾਂ ਹੋਣਗੇ, ਪ੍ਰੰਤੂ ਪੰਜਾਬ ਸਰਕਾਰ ਦੇ ਕਿਸਾਨ ਵਿਰੋਧੀ ਵਤੀਰੇ ਕਾਰਨ ਕਿਸਾਨ ਪੱਖੀ ਹੱਲ ਹੋਣ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆਉਂਦੀ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਵੱਲੋਂ ਫਿਰਕੂ ਨਫਰਤ ਪਸਾਰੇ ਰਾਹੀਂ ਪਾਕਿਸਤਾਨ ਨਾਲ ਜੰਗ ਦਾ ਮਹੌਲ ਪੈਦਾ ਕਰਨ ਦਾ ਨਜਾਇਜ਼ ਲਾਹਾ ਲੈਂਦਿਆਂ ਭਗਵੰਤ ਮਾਨ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਜੰਗ ਦਾ ਮਹੌਲ ਪੈਦਾ ਕਰ ਰਿਹਾ ਹੈ। ਆਗੂਆਂ ਨੇ ਪ੍ਰਸ਼ਾਸਨ ਨੂੰ ਸਾਫ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਸੰਵਿਧਾਨਕ ਤੌਰ 'ਤੇ ਮਾਲਕੀ ਦੇ ਹੱਕਦਾਰ ਕਾਸ਼ਤਕਾਰ ਮੁਜ਼ਾਰੇ ਕਿਸਾਨਾਂ ਮਜ਼ਦੂਰਾਂ ਦੀਆਂ ਜ਼ਮੀਨਾਂ ਉੱਤੇ ਧੱਕੇਸ਼ਾਹੀ ਨਾਲ ਕਬਜ਼ਾ ਕਿਸੇ ਵੀ ਹਾਲਤ ਵਿੱਚ ਨਹੀਂ ਹੋਣ ਦਿੱਤਾ ਜਾਵੇਗਾ, ਭਾਵੇਂ ਜਾਨਾਂ ਕੁਰਬਾਨ ਕਿਉਂ ਨਾ ਕਰਨੀਆਂ ਪੈਣ ? ਉਨ੍ਹਾਂ ਨੇ ਜਿਉਂਦ ਪਿੰਡ ਸਮੇਤ ਮਾਲਵੇ ਦੇ ਸੰਘਰਸ਼ਸ਼ੀਲ ਕਿਸਾਨਾਂ ਮਜ਼ਦੂਰਾਂ ਨੂੰ ਜ਼ਮੀਨਾਂ ਉੱਤੇ ਲਗਾਤਾਰ ਪਹਿਰੇਦਾਰੀ ਕਰਨ ਲਈ ਕਮਰਕੱਸੇ ਕੱਸਣ ਦਾ ਸੱਦਾ ਦਿੱਤਾ।

# ਬੀ ਕੇ ਯੂ ਕ੍ਰਾਂਤੀਕਾਰੀ ਨੇ ਪਿੰਡਾਂ 'ਚ ਭਗਵੰਤ ਮਾਨ ਸਰਕਾਰ ਦੀਆਂ ਸਾੜੀਆਂ ਅਰਥੀਆਂ : ਜਗਮੋਹਣ ਕੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ 6 ਮਈ ਨੂੰ ਸ਼ੰਭੂ ਥਾਣੇ ਦਾ ਘਰਾਓ ਕਰਨ ਦਾ ਸੱਦਾ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਨੇ ਦਿੱਤਾ ਸੀ, ਕਿਉਂਕਿ 19 ਮਾਰਚ ਨੂੰ ਜਦੋਂ ਸਾਡੇ ਮੋਰਚੇ ਪੁੱਟੇ ਗਏ ਸਨ, ਤਾਂ ਸ਼ੰਭੂ ਥਾਣੇ ਦੇ ਐੱਸ ਐੱਚ ਓ ਨੇ ਬਲਵੰਤ ਸਿੰਘ ਬ੍ਰਹਮਕੇ ਦੀ ਪੱਗ ਲਾਹੀ, ਗਾਲਾਂ ਕੱਢੀਆਂ ਤੇ ਕੁੱਟਮਾਰ ਕੀਤੀ ਸੀ। ਪ੍ਰੈੱਸ ਸਕੱਤਰ ਜਗਮੋਹਨ ਸਿੰਘ ਕੰਗ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਨੇ ਸਾਡੇ ਮੋਰਚੇ ਪੱਟ ਕੇ, ਸਾਡਾ ਕਰੋੜਾਂ ਦਾ ਸਾਮਾਨ ਖੁਰਦ ਬੁਰਦ ਕੀਤਾ ਸੀ। ਇਸ ਦੇ ਰੋਸ ਵਜੋਂ ਇਹ ਸੱਦਾ ਦਿੱਤਾ ਗਿਆ ਸੀ, ਪਰ ਕੱਲ੍ਹ ਭਗਵੰਤ ਮਾਨ ਸਰਕਾਰ ਨੇ ਪੁਲਸ ਬਲ ਦੇ ਜ਼ੋਰ 'ਤੇ ਸਾਨੂੰ ਰਸਤਿਆਂ ਵਿੱਚ ਰੋਕਿਆ। ਆਗੂਆਂ ਨੂੰ ਘਰਾਂ ਤੇ ਥਾਣਿਆਂ ਵਿੱਚ ਜਬਰੀ ਡੱਕ ਦਿੱਤਾ। ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਚੇਅਰਮੈਨ ਸੁਰਜੀਤ ਸਿੰਘ ਫੂਲ ਨੂੰ ਵੀ ਰਾਹ ਦੇ ਵਿੱਚ ਰੋਕ ਕੇ ਘੜੀਸ ਕੇ ਬਦਸਲੂਕੀ ਕੀਤੀ ਤੇ ਸਾਥੀਆਂ ਸਮੇਤ ਜੇਲ੍ਹ ਭੇਜ ਦਿੱਤਾ। ਇਸ 'ਤੇ ਰੋਸ ਵਜੋਂ ਅੱਜ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨੇ ਭਗਵੰਤ ਮਾਨ ਸਰਕਾਰ ਦੀਆਂ ਅਰਥੀਆਂ ਸਾੜਨ ਦਾ ਫੈਸਲਾ ਲਿਆ ਸੀ। ਜ਼ਿਲ੍ਹੇ ਵਿੱਚ ਸਾਰੇ ਪਿੰਡਾਂ ਦੀਆਂ ਕਈਆਂ ਨੇ ਭਗਵੰਤ ਮਾਨ ਸਰਕਾਰ ਦੀਆਂ ਅਰਥੀਆਂ ਸਾੜੀਆਂ। ਭਗਵੰਤ ਮਾਨ ਸਰਕਾਰ ਨੇ ਅਜਿਹਾ ਕਰਕੇ ਜਮਹੂਰੀਅਤ ਦਾ ਕਤਲ ਕੀਤਾ ਹੈ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸਾਨ ਜਥੇਬੰਦੀਆਂ ਆਪ ਦਾ ਸੰਘਰਸ਼ ਉਦੋਂ ਤੱਕ ਜਾਰੀ ਰੱਖਣਗੀਆਂ, ਜਦੋਂ ਤੱਕ ਸਾਡੇ ਨੁਕਸਾਨ ਦੀ ਭਰਭਾਈ, ਐੱਸ ਐੱਚ ਓ ਸ਼ੰਭੂ 'ਤੇ ਕਾਨੂੰਨੀ ਕਾਰਵਾਈ ਤੇ ਹੋਰ ਮੰਗਾਂ ਸਰਕਾਰ ਪ੍ਰਵਾਨ ਨਹੀਂ ਕਰ ਲੈਂਦੀ।

# ਵਿਰੋਧੀ ਧਿਰ ਦੇ ਕੌਂਸਲਰਾਂ ਨੇ ਨਗਰ ਕੌਂਸਲ ਦੀ ਕਾਰਗੁਜ਼ਾਰੀ 'ਤੇ ਉਠਾਏ ਸਵਾਲ

## ਸਫਾਈ ਤੇ ਵਿਕਾਸ ਕਾਰਜਾਂ 'ਚ ਵਿਰੋਧੀ ਕੌਂਸਲਰਾਂ ਨਾਲ ਪੱਖਪਾਤ ਕਰਨ ਦਾ ਲਾਇਆ ਦੋਸ਼

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਵਿਰੋਧੀ ਧਿਰ ਦੇ ਕੌਂਸਲਰਾਂ ਨੇ ਨਗਰ ਕੌਂਸਲ ਲੌਂਗੋਵਾਲ ਦੀ ਕਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ ਲਗਾਉਂਦਿਆਂ ਵਿਕਾਸ ਕਾਰਜਾਂ ਵਿੱਚ ਵਿਰੋਧੀ ਕੌਂਸਲਰਾਂ ਨਾਲ ਪੱਖਪਾਤ ਕਰਨ ਦੇ ਦੋਸ਼ ਲਗਾਏ ਹਨ।ਬੁੱਧਵਾਰ ਨਗਰ ਕੌਂਸਲ ਦੀ ਜਨਰਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਰੋਧੀ ਧਿਰ ਦੇ ਕੌਂਸਲਰਾਂ ਗੀਤੂ ਗੋਇਲ (ਸਾਬਕਾ ਪ੍ਰਧਾਨ), ਕੌਂਸਲਰ ਬਲਜਿੰਦਰ ਕੌਰ, ਨਗਰ ਕੌਂਸਲ ਦੀ ਸਾਬਕਾ ਮੀਤ ਪ੍ਰਧਾਨ ਬੀਬੀ ਨਸੀਬ ਕੌਰ ਚੋਟੀਆਂ, ਬਲਵਿੰਦਰ ਸਿੰਘ ਸਿੱਧੂ, ਜਗਜੀਤ ਸਿੰਘ ਕਾਲਾ, ਕੌਂਸਲਰ ਸ਼ੁਕਰਪਾਲ ਸਿੰਘ ਬਟੂਹਾ, ਭਾਜਪਾ ਦੇ ਸੀਨੀਅਰ ਆਗੂ ਵਿਜੇ ਕੁਮਾਰ ਗੋਇਲ, ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਚੋਟੀਆਂ ਤੇ ਡਾ. ਬਲਵੰਤ ਸਿੰਘ ਗੁੰਮਟੀ ਵਾਲਾ ਨੇ ਦੋਸ਼ ਲਗਾਇਆ ਕਿ ਸਾਡੇ ਵਾਰਡਾਂ ਵਿੱਚ ਵਿਕਾਸ ਕਾਰਜ ਤਾਂ ਦੂਰ ਦੀ ਗੱਲ ਰਹੀ ਸਫਾਈ ਆਦਿ ਦੇ ਪ੍ਰਬੰਧ ਵੀ ਨਹੀਂ ਕੀਤੇ ਜਾ ਰਹੇ, ਜਿਸ ਕਾਰਨ ਗੰਦਗੀ ਕਰਕੇ ਸਾਡੇ ਵਾਰਡਾਂ ਦਾ ਬੁਰਾ ਹਾਲ ਹੈ।ਉਨ੍ਹਾਂ ਕਿਹਾ ਕਿ ਅਸੀਂ ਵਾਰ-ਵਾਰ ਨਗਰ ਕੌਂਸਲ ਪ੍ਰਧਾਨ ਨੂੰ ਬੇਨਤੀਆਂ ਵੀ ਕੀਤੀਆਂ, ਪਰ ਕੋਈ ਸੁਣਵਾਈ ਨਹੀਂ ਹੋਈ।ਵਿਰੋਧੀ ਧਿਰ ਦੇ ਕੌਂਸਲਰਾਂ ਨੇ ਅੱਗੇ ਕਿਹਾ ਕਿ ਸਾਡੇ ਵਾਰਡਾਂ ਵਿੱਚ ਪੀਣ ਵਾਲੇ ਪਾਣੀ ਦੀਆਂ ਮੋਟਰਾਂ ਵੀ ਨਹੀਂ ਲਗਾਈਆਂ ਗਈਆਂ ਤੇ ਕਸਬੇ ਦੇ ਵਾਰਡ ਨੰਬਰ ਇੱਕ ਤੇ ਦੋ ਵਿੱਚ ਵਾਟਰ ਸਪਲਾਈ ਵਿਭਾਗ ਵੱਲੋਂ ਲਗਾਤਾਰ ਗੰਦੇ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ, ਜਿਸ ਨਾਲ ਕਸਬੇ ਵਿੱਚ ਕੋਈ ਭਿਆਨਕ ਬਿਮਾਰੀ ਫੈਲਣ ਦਾ ਡਰ ਬਣਿਆ ਹੋਇਆ ਹੈ।

ਇਸ ਤੋਂ ਇਲਾਵਾ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਬਿਲਡਿੰਗ ਤਾਂ ਜ਼ਰੂਰ ਨਵੀਂ ਬਣਾਈ ਜਾ ਰਹੀ ਹੈ, ਜਿਸ ਦਾ ਨੀਂਹ ਪੱਥਰ ਕੈਬਨਿਟ ਮੰਤਰੀ ਅਮਨ ਅਰੋੜਾ ਦੁਆਰਾ ਰੱਖਿਆ ਗਿਆ ਹੈ, ਪਰ ਪੁਰਾਣੇ ਚਲਦੇ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਕਈ ਸਾਲਾਂ ਤੋਂ ਚੱਲੀ ਆ ਰਹੀ ਹੈ।ਆਗੂਆਂ ਨੇ ਕਿਹਾ ਕਿ ਨਵਾਂ ਹਸਪਤਾਲ ਤਾਂ ਅਜੇ ਡੇਢ ਸਾਲ ਤੱਕ ਬਣੇਗਾ।ਇਸ ਲਈ ਇੱਥੇ ਸਾਰੇ ਰੋਗਾਂ ਦੇ ਡਾਕਟਰਾਂ ਦੀਆਂ ਪੋਸਟਾਂ ਭਰੀਆਂ ਜਾਣ, ਕਿਉਂਕਿ ਲੋਕ ਤਾਂ ਅੱਜ ਵੀ ਬੀਮਾਰ ਹੋ ਰਹੇ ਹਨ।ਇਸ ਤੋਂ ਇਲਾਵਾ ਦੋ ਸਾਲਾਂ ਤੋਂ ਲਟਕਦੀ ਆ ਰਹੀ ਮੀਤ ਪ੍ਰਧਾਨ ਦੀ ਚੋਣ ਅੱਜ ਤੱਕ ਨਹੀਂ ਹੋਈ। ਇਸ ਸਬੰਧੀ ਵੀ ਕੌਂਸਲ ਪ੍ਰਧਾਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਇਸ ਚੋਣ ਨੂੰ ਵੀ ਜਲਦੀ ਤੋਂ ਜਲਦੀ ਕਰਵਇਆ ਜਾਵੇ।ਜੇਕਰ ਇਨ੍ਹਾਂ ਸਾਰੇ ਮਸਲਿਆਂ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਸਮੁੱਚੀ ਵਿਰੋਧੀ ਧਿਰ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।

ਇਸ ਸਬੰਧੀ ਜਦੋਂ ਨਗਰ ਕੌਂਸਲ ਦੇ ਪ੍ਰਧਾਨ ਸ੍ਰੀਮਤੀ ਪਰਮਿੰਦਰ ਕੌਰ ਬਰਾੜ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਮੀਤ ਪ੍ਰਧਾਨ ਦੀ ਚੋਣ ਸਬੰਧੀ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਗੱਲਬਾਤ ਕਰਕੇ ਜਲਦੀ ਹੀ ਇਹ ਚੋਣ ਕਰਵਾਈ ਜਾਵੇਗੀ।ਇਸ ਤੋਂ ਇਲਾਵਾ ਵਾਰਡਾਂ ਦੀ ਸਫਾਈ ਤੇ ਵਿਕਾਸ ਕਾਰਜਾਂ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਹਾੜ੍ਹੀ ਦਾ ਸੀਜ਼ਨ ਹੋਣ ਕਾਰਨ ਨਾਲੀਆਂ ਵਿੱਚ ਤੂੜੀ ਵਗੈਰਾ ਭਰ ਗਈ ਸੀ, ਜਿਸ ਨੂੰ ਸਾਫ ਕਰਵਾਇਆ ਜਾ ਰਿਹਾ ਹੈ ਤੇ ਜਲਦ ਹੀ ਕੁਝ ਹੋਰ ਸਫਾਈ ਸੇਵਕਾਂ ਦੀ ਵੀ ਭਰਤੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਕਸਬੇ ਦੇ ਸਾਰੇ ਵਾਰਡਾਂ ਵਿੱਚ ਬਿਨਾਂ ਕਿਸੇ ਪੱਖਪਾਤ ਤੋਂ ਇੱਕ ਸਾਰ ਸਫਾਈ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਕਸਬੇ ਦੇ ਕੁਝ ਵਾਰਡਾਂ ਵਿੱਚ ਜੋ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਮੱਸਿਆ ਆਈ ਹੈ। ਉਸ ਸਬੰਧੀ ਵਾਟਰ ਸਪਲਾਈ ਵਿਭਾਗ ਦੇ ਐੱਸ.ਡੀ.ਓ. ਨਾਲ ਗੱਲਬਾਤ ਕੀਤੀ ਗਈ ਹੈ ਤੇ ਜਲਦ ਹੀ ਇਸ ਸਮੱਸਿਆ ਦਾ ਹੱਲ ਵੀ ਕੀਤਾ ਜਾਵੇਗਾ।

# ਪੈਨਸ਼ਨਰਾਂ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ

**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਸੈਂਕੜੇ ਪੈਨਸ਼ਨਰਜ਼ ਵੱਲੋਂ ਸਰਪ੍ਰਸਤ ਜਗਦੀਸ਼ ਸ਼ਰਮਾ, ਪ੍ਰਧਾਨ ਸੁਰਿੰਦਰ ਬਾਲੀਆ ਤੇ ਪੁਲਸ ਪੈਨਸ਼ਨਰ ਦੇ ਪ੍ਰਧਾਨ ਅਜਮੇਰ ਸਿੰਘ ਦੀ ਅਗਵਾਈ ਹੇਠ ਡੀ. ਸੀ. ਕੰਪਲੈਕਸ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਆਗੂ ਨੇ ਕਿਹਾ ਕਿ ਸਰਕਾਰ ਵੱਲੋਂ ਚੌਥੇ ਬਜਟ ਨੇ ਵੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਪੱਲੇ ਨਿਰਾਸ਼ਾ ਹੀ ਪਈ ਹੈ ਅਤੇ ਨਾਲ ਹੀ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਾਂ ਨੂੰ 13% ਡੀ ਏ ਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ।ਸਰਕਾਰ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ 42 ਕਿਸ਼ਤਾਂ ਵਿੱਚ ਕਰਕੇ ਖੇਰੂੰ-ਖੇਰੂੰ ਕਰ ਦਿੱਤਾ ਹੈ।ਪੈਨਸ਼ਨਰਾਂ ਨੂੰ 2.59 ਗੁਣਾਂਕ ਨਾਲ ਪੈਨਸ਼ਨਾਂ ਨੂੰ ਰਿਵਾਇਜ਼ ਨਹੀਂ ਕੀਤਾ ਜਾ ਰਿਹਾ ਹੈ।ਮੀਟਿੰਗ ਵਿੱਚ ਬੁਲਾਰਿਆਂ ਵੱਲੋਂ ਵੱਖ-ਵੱਖ ਬੈਂਕਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਗਈ ਕਿ ਪੈਨਸ਼ਨਰਾਂ ਦੇ ਬਕਾਏ ਬਿਨਾਂ ਦੇਰੀ ਦੇ ਤੁਰੰਤ ਪੈਨਸ਼ਨਰਾਂ ਦੇ ਖਾਤਿਆਂ ਵਿੱਚ ਪਾਏ ਜਾਣ, ਪੈਨਸ਼ਨਰਾਂ ਦੇ 01-01-2016 ਤੋਂ ਬਣਦੇ ਪੇ-ਕਮਿਸ਼ਨ ਦੇ ਬਕਾਏ ਕਿਸ਼ਤਾਂ ਦੀ ਬਜਾਏ ਇਕੱਠੇ ਖਾਤਿਆਂ ਵਿੱਚ ਪਾਏ ਜਾਣ, ਪਿਛਲੇ ਰਹਿੰਦੇ ਡੀ ਏ ਦੇ ਬਕਾਏ ਦੀਆਂ ਅਦਾਇਗੀਆਂ ਤੁਰੰਤ ਜਾਰੀ ਕੀਤੀਆਂ ਜਾਣ।ਮੀਟਿੰਗ ਵਿੱਚ ਮਿਉਂਸਪਲ ਕਰਮਚਾਰੀਆਂ ਦੀ ਅਪ੍ਰੈਲ ਮਹੀਨੇ ਦੀ ਪੈਨਸ਼ਨ ਜਾਰੀ ਨਾ ਕਰਨ ਬਾਰੇ ਸਖਤ ਨਿੰਦਾ ਕੀਤੀ ਗਈ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸੀਤਾ ਰਾਮ ਸ਼ਰਮਾ ਨੇ ਕਿਹਾ ਕਿ ਸਰਕਾਰ ਵੱਲੋਂ ਜੇਕਰ ਜਲਦੀ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਜਥੇਬੰਦੀ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।ਇਸ ਸਮੇਂ ਮਈ ਮਹੀਨੇ ਦੌਰਾਨ ਜਨਮੇ ਦਰਜਨਾਂ ਪੈਨਸ਼ਨਰਾਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਬਿੱਕਰ ਸਿੰਘ ਸਿਬੀਆਂ, ਬਲਵੰਤ ਸਿੰਘ, ਸ੍ਰੀ ਭਰਥਰੀ ਸ਼ਰਮਾ, ਗੁਰਤੇਜ ਰਾਮ ਸ਼ਰਮਾ, ਮੰਗਲ ਰਾਣਾ, ਭਰਭੂਰ ਸਿੰਘ ਮੌੜਾਂ, ਬਾਲ ਕ੍ਰਿਸ਼ਨ ਸ਼ਰਮਾ, ਬਾਲ ਕ੍ਰਿਸ਼ਨ ਚੌਹਾਨ, ਹਰਦੀਪ ਸਿੰਘ, ਕੁਲਵੰਤ ਸਿੰਘ, ਮੋਹਨ ਸਿੰਘ ਬਾਵਾ, ਰੂਪ ਚਾਂਗਲੀ, ਜਗਦੇਵ ਤੂੰਗਾਂ, ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਕਮਿਸ਼ਨ ਵੱਲੋਂ ਜਾਰੀ ਪੱਤਰ ਦੀਆਂ ਸਿਫਾਰਸ਼ਾਂ ਲਾਗੂ ਕਰਾਉਣ ਲਈ ਦਿੱਤਾ ਮੈਮੋਰੰਡਮ

## ਨੈਸ਼ਨਲ ਕਮਿਸ਼ਨ ਫਾਰ ਬੈਕਵਰਡ ਕਲਾਸਿਜ਼ ਵੱਲੋਂ ਸਿਫਾਰਸ਼ਾਂ ਨੂੰ ਇਨ ਬਿਨ ਲਾਗੂ ਕੀਤਾ ਜਾਵੇ : ਮਲਕੀਤ ਥਿੰਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**

ਨੈਸ਼ਨਲ ਕਮਿਸ਼ਨ ਫਾਰ ਬੈਕਵਰਡ ਕਲਾਸਿਜ਼ ਵੱਲੋਂ ਸਾਲ ਮਈ 2024 ਨੂੰ ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ ਨੌਕਰੀਆਂ ਤੇ ਦਾਖਲਿਆਂ ਵਿੱਚ 25 ਪ੍ਰਤੀਸ਼ਤ ਰਾਖਵਾਂਕਰਨ ਲਾਗੂ ਕਰਨ ਲਈ ਪੱਤਰ ਜਾਰੀ ਕੀਤਾ ਗਿਆ ਸੀ। ਇਸ ਪੱਤਰ ਅਨੁਸਾਰ ਪੰਜਾਬ ਸਰਕਾਰ ਵੱਲੋਂ ਚੀਫ ਸੈਕਟਰੀ ਕਮਿਸ਼ਨ ਕੋਲ ਹਾਜ਼ਰ ਹੋਏ ਤੇ ਇਹ ਸਹਿਮਤੀ ਪ੍ਰਗਟਾਈ ਕਿ ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ ਮੌਜੂਦਾ ਹਰ ਤਰ੍ਹਾਂ ਦੇ ਦਾਖਲਿਆਂ ਵਿੱਚ ਰਾਖਵਾਂਕਰਨ ਦਾ 10 ਪ੍ਰਤੀਸ਼ਤ ਕੋਟਾ ਨਿਰਧਾਰਤ ਹੈ, ਜੋ ਕਿ ਵਧਾ ਕੇ 25 ਪ੍ਰਤੀਸ਼ਤ ਕਰਨਾ ਤੇ ਹਰ ਤਰ੍ਹਾਂ ਦੀਆਂ ਸਰਕਾਰੀ/ਅਰਧ ਸਰਕਾਰੀ ਨੌਕਰੀਆਂ ਵਿੱਚ ਮੌਜੂਦਾ ਰਾਖਵਾਂਕਰਨ ਦਾ ਕੋਟਾ 12 ਪ੍ਰਤੀਸ਼ਤ ਤੋਂ ਵਧਾ ਕੇ 25 ਪ੍ਰਤੀਸ਼ਤ ਕਰਨ ਲਈ ਸਹਿਮਤੀ ਪ੍ਰਗਟਾਈ ਗਈ ਸੀ, ਪਰ ਲਗਭਗ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਨੈਸ਼ਨਲ ਕਮਿਸ਼ਨ ਫਾਰ ਬੈਕਵਰਡ ਕਲਾਸਿਜ਼ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਹੀਂ ਕੀਤਾ। ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਨਾਲ ਹੋ ਰਹੇ ਧੱਕੇ ਦੀ ਇਸ ਤੋਂ ਵੱਡੀ ਮਿਸਾਲ ਕਿਤੇ ਨਹੀਂ ਮਿਲਦੀ। ਇਸੇ ਸੰਦਰਭ ਵਿੱਚ ਕਮਿਸ਼ਨ ਵੱਲੋਂ ਜਾਰੀ ਪੱਤਰ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਾਉਣ ਲਈ ਅੱਜ ਡਾਕਟਰ ਮਲਕੀਤ ਥਿੰਦ ਚੇਅਰਮੈਨ, ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੰਡੀਗੜ੍ਹ ਸਥਿਤ ਦਫਤਰ ਵਿਖੇ ਇੱਕ ਮੈਮੋਰੈਂਡਮ ਸੌਂਪਿਆ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਮਾਨਯੋਗ ਨੈਸ਼ਨਲ ਕਮਿਸ਼ਨ ਫਾਰ ਬੈਕਵਰਡ ਕਲਾਸਿਜ਼ ਵੱਲੋਂ ਜਾਰੀ ਪੱਤਰ ਦੀਆਂ ਸਿਫਾਰਸ਼ਾਂ ਨੂੰ ਇਨ ਬਿਨ ਲਾਗੂ ਕਰਵਾਇਆ ਜਾਵੇ। ਪੰਜਾਬ ਵਿੱਚ ਅਨੁਸੂਚਿਤ ਜਾਤੀ ਦੇ ਮੁਲਾਜ਼ਮਾਂ ਲਈ ਪ੍ਰਮੋਸ਼ਨ ਕੋਟਾ ਲਾਗੂ ਕੀਤਾ ਗਿਆ ਹੈ, ਦੀ ਤਰਜ਼ 'ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਨੌਕਰੀ ਕਰ ਰਹੇ ਮੁਲਾਜ਼ਮਾਂ ਲਈ 27 ਪ੍ਰਤੀਸ਼ਤ ਦੇ ਹਿਸਾਬ ਨਾਲ ਪ੍ਰਮੋਸ਼ਨ ਕੋਟਾ ਵੀ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ ਪੰਚਾਇਤ ਪੱਧਰ ਤੋਂ ਲੈ ਕੇ ਲੋਕ ਸਭਾ ਪੱਧਰ ਤੱਕ 27 ਪ੍ਰਤੀਸ਼ਤ ਦੇ ਹਿਸਾਬ ਨਾਲ ਰਾਖਵਾਂਕਰਨ ਕਰਕੇ ਸੀਟਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਇਆ ਜਾਵੇ। ਜਾਤੀ ਅਧਾਰਤ ਜਨਗਣਨਾ ਤੁਰੰਤ ਕਰਵਾ ਕੇ ਪੱਛੜੀਆਂ ਸ਼੍ਰੇਣੀਆਂ ਨੂੰ ਆਬਾਦੀ ਦੇ ਆਧਾਰ 'ਤੇ ਰਾਖਵਾਂਕਰਨ ਕਰਕੇ ਤੇ ਹੋਰ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਵਿੱਚ ਵਾਧਾ ਕਰਨਾ ਸੁਨਿਸ਼ਚਤ ਕੀਤਾ ਜਾਵੇ। ਇਸ ਮੌਕੇ ਇੰਟਰਨੈਸ਼ਨਲ ਸਰਵ ਕੰਬੋਜ ਸਮਾਜ ਦੇ ਰਾਸ਼ਟਰੀ ਪ੍ਰਧਾਨ ਇਕਬਾਲ ਚੰਦ ਪਾਲਾ ਬੱਟੀ, ਚੀਫ ਐਡਵਾਈਜ਼ਰ ਜਸਪਾਲ ਹਾਂਡਾ, ਪਰਮਿੰਦਰਪਾਲ ਸਿੰਘ ਹਾਂਡਾ, ਰਿਟਾਇਰਡ ਸੈਸ਼ਨ ਜੱਜ ਹਰਬੰਸ ਲਾਲ ਪੱਪੂ ਅਮੀਰ ਖਾਸ, ਸੁਖਦੇਵ ਰਾਜ ਬੱਟੀ ਮੌਜੂਦ ਸਨ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ ਮਨਾਇਆ ਵਿਸ਼ਵ ਹਾਸਾ ਦਿਵਸ

## ਹੱਸੇ ਬਿਨਾਂ ਹਰ ਇੱਕ ਦਿਨ ਬਰਬਾਦ ਹੁੰਦਾ ਹੈ : ਡਾਕਟਰ ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਸਕੂਲ ਵੱਲੋਂ ਵਿਸ਼ਵ ਹਾਸਾ ਦਿਵਸ ਮਨਾਇਆ ਗਿਆ।ਇਸ ਮੌਕੇ ਜਮਾਤ ਪਲੇਵੇ ਤੋਂ ਯੂਕੇਜੀ ਤੱਕ ਦੇ ਬੱਚਿਆਂ ਨੂੰ ਕਾਰਟੂਨ ਮੂਵੀ, ਜਮਾਤ ਪਹਿਲੀ ਤੇ ਦੂਸਰੀ ਦੇ ਬੱਚਿਆਂ ਨੂੰ ਕਾਮੇਡੀ ਮੂਵੀ, ਜਮਾਤ ਤੀਸਰੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ ਜੋਕ ਟੈਲਿੰਗ ਗਤੀਵਿਧੀ ਤੇ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਦੇ ਬੱਚਿਆਂ ਨੂੰ ਵਰਲਡ ਲਾਫਟਰ ਡੇ ਦੇ ਸਬੰਧ ਵਿੱਚ ਗਤੀਵਿਧੀਆਂ ਕਰਵਾਈਆਂ ਗਈਆਂ।ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾਕਟਰ ਜਿੰਦਲ ਨੇ ਕਿਹਾ ਕਿ ਜੇ ਅਸੀਂ ਆਪਣੀ ਜ਼ਿੰਦਗੀ ਦਾ ਇੱਕ ਦਿਨ ਹੱਸਦੇ ਹੋਏ ਬਿਤਾਉਂਦੇ ਹਾਂ, ਤਾਂ ਜ਼ਿੰਦਗੀ ਮੱਧਮ ਬਣ ਜਾਂਦੀ ਹੈ।ਹਾਸਾ ਰੂਹ ਲਈ ਚੰਗਾ ਹੈ।ਇਹ ਗੁੰਝਲਦਾਰ ਸਥਿਤੀਆਂ ਨੂੰ ਹੱਲ ਨਹੀਂ ਕਰ ਸਕਦਾ, ਪਰ ਇਹ ਸਾਨੂੰ ਬਿਹਤਰ ਮਹਿਸੂਸ ਕਰਨ ਦਾ ਵਧੀਆ ਕੰਮ ਕਰਦਾ ਹੈ।ਉਨ੍ਹਾਂ ਕਿਹਾ ਕਿ ਹਾਸਾ ਇੱਕ ਵਿਸ਼ਵਵਿਆਪੀ ਭਾਸ਼ਾ ਹੈ, ਜੋ ਸਾਨੂੰ ਸਾਰਿਆਂ ਨੂੰ ਇਕੱਠਾ ਕਰਦੀ ਹੈ।ਵਿਸ਼ਵ ਹਾਸਾ ਦਿਵਸ ਸਾਨੂੰ ਮਜ਼ੇਦਾਰ ਤੇ ਹਾਸੇ ਦੀ ਸ਼ਕਤੀ ਨਾਲ ਇਕਜੁੱਟ ਕਰਨ ਬਾਰੇ ਹੈ।ਉਨ੍ਹਾਂ ਕਿਹਾ ਕਿ ਸਾਨੂੰ ਤੰਦਰੁਸਤ ਰਹਿਣ ਲਈ ਇਹੋ ਜਿਹੀਆਂ ਗਤੀਵਿਧੀਆਂ ਜੋ ਸਾਡੇ ਸਰੀਰ ਦੇ ਹਰ ਇੱਕ ਅੰਗ ਨੂੰ ਖੋਲ੍ਹ ਕੇ ਰੱਖ ਦਿੰਦੀਆਂ ਹਨ, ਕਰਵਾਉਣੀਆਂ ਚਾਹੀਦੀਆਂ ਹਨ।ਇਸ ਨਾਲ ਸਾਡੇ ਆਸ-ਪਾਸ ਕੋਈ ਨਿਰਾਸ਼ਾ ਤੇ ਚਿੰਤਾ ਨਹੀਂ ਭਟਕਦੀ ਤੇ ਸਾਡਾ ਸਰੀਰ ਤੰਦਰੁਸਤ ਅਤੇ ਨਿਰੋਗ ਬਣਿਆ ਰਹਿੰਦਾ ਹੈ।

# ਸਮਰਾਲਾ ਇਲਾਕੇ ਦੀ ਨਵੇਕਲੀ ਸਿੱਖਿਆ ਸੰਸਥਾ ਝਾੜ ਸਾਹਿਬ ਕਾਲਜ



**ਸਮਰਾਲਾ (ਸੁਰਜੀਤ ਸਿੰਘ)**

ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਚੱਲ ਰਹੀ ਇਸ ਪੇਂਡੂ ਇਲਾਕੇ ਦੀ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ, ਉਸ ਦੀ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਦੀ ਪੜ੍ਹਾਈ ਤੇ ਸੱਭਿਆਚਾਰਕ ਗਤੀਵਿਧੀਆਂ ਸਮੇਤ ਕਾਲਜ ਅਨੁਸ਼ਾਸਨ ਦੀ ਮੂੰਹ ਬੋਲਦੀ ਤਸਵੀਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਪਿੰਡ ਝਾੜ ਸਾਹਿਬ ਦੀ ਧਰਤੀ 'ਤੇ ਕਰੀਬ 50 ਸਾਲ ਪਹਿਲਾਂ ਇਹ ਸੰਸਥਾ ਹੋਂਦ ਵਿੱਚ ਆਈ, ਜਿਸ ਵਿੱਚ ਹੁਣ ਤਿੰਨ ਜ਼ਿਲ੍ਹਿਆਂ ਲੁਧਿਆਣਾ, ਰੋਪੜ ਤੇ ਫਤਹਿਗੜ੍ਹ ਸਾਹਿਬ ਦੇ ਪਿੰਡਾਂ ਤੇ ਸ਼ਹਿਰਾਂ ਤੋਂ ਵਿਦਿਆਰਥਣਾਂ ਇੱਥੇ ਸਿੱਖਿਆ ਪ੍ਰਾਪਤ ਕਰਨ ਲਈ ਆਉਂਦੀਆਂ ਹਨ। ਕਾਲਜ ਵਿੱਚ ਗਜਬ ਦਾ ਅਨੁਸ਼ਾਸਨ ਦੇਖਣ ਨੂੰ ਮਿਲਦਾ ਹੈ। ਕਰੀਬ 700 ਵਿਦਿਆਰਥਣਾਂ ਦੇ ਕਲਾਸਾਂ ਵਿੱਚ ਹੁੰਦਿਆਂ, ਕਿਸੇ ਨੂੰ ਵੀ ਕਾਲਜ ਵਿੱਚ ਪ੍ਰਵੇਸ਼ ਕਰਨ 'ਤੇ ਭੁਲੇਖਾ ਪਵੇਗਾ ਕਿ ਕਾਲਜ ਵਿੱਚ ਕੋਈ ਹੈ ਹੀ ਨਹੀਂ। ਪੂਰੀ ਤਰ੍ਹਾਂ ਸੁਨਸਾਨ। ਇਕ ਵਿਸ਼ੇਸ਼ ਮੁਲਾਕਾਤ ਵਿੱਚ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਨੇ ਦੱਸਿਆ ਕਿ ਕਾਲਜ ਵਿਚ ਬੇਸ਼ੱਕ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਵਿਦਿਆਰਥਣਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਕਿੱਤਾ ਮੁਖੀ ਕੋਰਸ ਵੀ ਸਿਲੇਬਸ ਦਾ ਹਿੱਸਾ ਹਨ, ਤਾਂ ਜੋ ਵਿਦਿਆਰਥੀ ਕਾਲਜ ਤੋਂ ਪਾਸ ਆਊਟ ਹੋਣ ਉਪਰੰਤ ਸਵੈ-ਰੋਜ਼ਗਾਰ ਦਾ ਪ੍ਰਬੰਧ ਕਰ ਸਕੇ। ਉਨ੍ਹਾਂ ਕਿਹਾ ਕਿ ਕਾਲਜ ਦਾ ਮੁੱਖ ਮਨੋਰਥ ਵਿਦਿਆਰਥੀ ਦੀ ਸ਼ਖਸੀਅਤ ਉਸਾਰੀ ਤੇ ਮਨੋਵਿਗਿਆਨਕ ਮਜ਼ਬੂਤੀ 'ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ, ਤਾਂ ਜੋ ਉਹ ਕਿਸੇ ਵੀ ਔਕੜ ਦਾ ਦਿਲੇਰੀ ਨਾਲ ਸਾਹਮਣਾ ਕਰ ਸਕੇ। ਇਸ ਕਾਰਜ ਲਈ ਕਾਲਜ ਵਿੱਚ ਸਮੇਂ ਸਮੇਂ ਸੈਮੀਨਾਰ ਕਰਾਏ ਜਾਂਦੇ ਹਨ, ਜਿਨ੍ਹਾਂ ਵਿੱਚ ਵਿਸ਼ਾ ਮਾਹਰਾਂ ਨਾਲ ਵਿਦਿਆਰਥੀਆਂ ਦੀਆਂ ਮੁਲਾਕਾਤਾਂ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਮੌਕੇ ਉਪਲੱਬਧ ਕਰਾਉਣ ਲਈ ਉਨ੍ਹਾਂ ਨੂੰ ਯੂਪੀਐੱਸਸੀ, ਪੀਪੀਐੱਸਸੀ ਤੇ ਜੁਡੀਸ਼ਲ ਦੀ ਤਿਆਰੀ ਲਈ ਮੁਫਤ ਕੋਚਿੰਗ ਦਿੱਤੀ ਜਾਂਦੀ ਹੈ। ਕਿੱਤਾ ਮੁਖੀ ਕੋਰਸ ਸਫਲਤਾ ਨਾਲ ਮੁਕੰਮਲ ਕਰਨ ਉਪਰੰਤ ਦੇਸ਼-ਵਿਦੇਸ਼ ਦੀ ਵੱਡੀ ਕਾਰਪੋਰੇਟ ਕੰਪਨੀਆਂ ਨਾਲ ਕਾਲਜ ਐੱਮਓਯੂ ਪਾਲਿਸੀ ਲਾਗੂ ਕੀਤੀ ਗਈ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਕਾਲਜ ਵਿਚ 'ਆਈਸੀਟੀ' ਲੈਬ, ਸਮਾਰਟ ਕਲਾਸ ਰੂਮਜ, ਆਧੁਨਿਕ ਸਾਜ਼ੋ ਸਾਮਾਨ ਨਾਲ ਭਰਪੂਰ ਲੈਬਜ, ਸੋਲਰ ਪੈਨਲ ਤੇ ਵਾਈ ਫਾਈ ਕੈਂਪਸ ਵਰਗੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਵੱਖ ਵੱਖ ਵਿਭਾਗਾਂ ਦੇ ਇੰਫਰਾਸਟ੍ਰਕਚਰ ਨੂੰ ਅੱਪਡੇਟ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵਿਦਿਆਰਥਣਾਂ ਨੂੰ ਹੀ ਨਹੀਂ ਸਗੋਂ ਸਟਾਫ ਲਈ ਵੀ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ। ਵੱਡੀ ਗੱਲ ਇਹ ਕਿ ਕਾਲਜ ਦੇ ਸਾਰੇ ਹੀ ਅਧਿਆਪਕ ਉੱਚ ਯੋਗਤਾ ਪ੍ਰਾਪਤ ਤੇ ਆਪੋ ਆਪਣੇ ਵਿਸ਼ੇ ਦੇ ਮਾਹਰ ਹਨ, ਜਿਨ੍ਹਾਂ ਦੀ ਮਿਹਨਤ ਸਦਕਾ ਵਿਦਿਆਰਥੀ ਜਿੱਥੇ ਅਕਾਦਮਿਕ ਪੜ੍ਹਾਈ ਵਿੱਚ ਵੱਡੀਆਂ ਮੱਲਾਂ ਮਾਰਦੇ ਹਨ, ਉਥੇ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਤੇ ਭਾਸ਼ਣ ਮੁਕਾਬਲਿਆਂ ਵਿੱਚ ਜ਼ਿਕਰਯੋਗ ਪ੍ਰਾਪਤੀਆਂ ਕਰਦੇ ਹਨ। ਡਾ. ਰਾਜਿੰਦਰ ਕੌਰ ਨੇ ਦੱਸਿਆ ਕਿ ਇਲਾਕੇ ਵਿੱਚ ਕਾਲਜ ਦਾ ਵੱਡਾ ਨਾਂਅ ਹੋਣਾ ਅਧਿਆਪਕਾਂ ਦਾ ਆਪਣੇ ਕਿੱਤੇ ਵਿੱਚ ਸਮਰਪਣ, ਲਗਨ ਤੇ ਜਨੂੰਨ ਚੰਗੇ ਸਿੱਟਿਆਂ ਦਾ ਗਵਾਹ ਹੈ। ਉਨ੍ਹਾਂ ਹੋਰ ਦੱਸਿਆ ਕਿ ਤਰੱਕੀ ਦੀਆਂ ਪੁਲਾਂਘਾਂ ਪੁੱਟਦੇ ਕਾਲਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਵੱਲੋਂ ਭਰਪੂਰ ਹੌਸਲਾ ਅਫਜ਼ਾਈ ਮਿਲ ਰਹੀ ਹੈ। ਵਿਦਿਆਰਥਣਾਂ ਦੀ ਸਹੂਲਤ ਲਈ ਕਾਲਜ ਵਿੱਚ ਲੜਕੀਆਂ ਦੇ ਹੋਸਟਲ ਲਈ ਨਵੀਂ ਇਮਾਰਤ ਦੀ ਉਸਾਰੀ ਨਿਰਮਾਣ ਅਧੀਨ ਹੈ, ਜਿਸ ਦੇ ਬਹੁਤ ਜਲਦੀ ਮੁਕੰਮਲ ਹੋਣ ਦੀ ਉਮੀਦ ਹੈ। ਹੋਸਟਲ ਸੁਵਿਧਾ ਨਾਲ ਲੜਕੀਆਂ ਨੂੰ ਆਪਣੀ ਪੜ੍ਹਾਈ ਵਿੱਚ ਪੂਰੀ ਤਵੱਜੋਂ ਦੇਣ ਵਿੱਚ ਸਹੂਲਤ ਹਾਸਲ ਹੋਵੇਗੀ।

# ਵਾਟਰ ਸਪਲਾਈ ਤੇ ਸੈਨੀਟੇਸ਼ਨ ਐੱਸ ਡੀ ਓ ਖਿਲਾਫ ਰੋਸ ਰੈਲੀ



**ਦਿੜ੍ਹਬਾ (ਜਸਵੀਰ ਲਾਡੀ)**-ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ (ਰਜਿ) ਪੰਜਾਬ, ਬ੍ਰਾਂਚ ਸੰਗਰੂਰ ਦੀ ਵਰਕਿੰਗ ਕਮੇਟੀ ਦੀ ਦੇਖ-ਰੇਖ ਦਰਸ਼ਨ ਸਿੰਘ ਝਨੇੜੀ ਦੀ ਪ੍ਰਧਾਨਗੀ ਹੇਠ ਐੱਸ ਡੀ ਓ ਵਾਟਰ ਸਪਲਾਈ ਤੇ ਸੈਨੀਟੇਸ਼ਨ ਸੰਗਰੂਰ ਖਿਲਾਫ ਭਰਵੀਂ ਰੋਸ ਰੈਲੀ ਕੀਤੀ ਗਈ।ਰੋਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸਾਥੀਆਂ ਨੇ ਸ਼ਮੂਲੀਅਤ ਕੀਤੀ।

ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਹਰਜੀਤ ਸਿੰਘ ਬਾਲੀਆ, ਉਜਾਗਰ ਸਿੰਘ ਜੱਗਾ, ਗੁਰਚਰਨ ਸਿੰਘ ਅਕੋਈ ਸਾਹਿਬ ਬ੍ਰਾਂਚ ਪ੍ਰਧਾਨ ਦਰਸ਼ਨ ਸਿੰਘ ਝਨੇੜੀ, ਰਾਮ ਸਿੰਘ ਰਣਕੋਟੀ, ਸੁਖਚੈਨ ਸਿੰਘ ਸੁਨਾਮ ਆਦਿ ਨੇ ਦੋਸ਼ ਲਾਇਆ ਕਿ ਉਪ ਮੰਡਲ-1 ਸੰਗਰੂਰ ਐੱਸ ਡੀ ਓ ਵੱਲੋਂ ਬੀਤੇ ਦਿਨੀਂ ਬ੍ਰਾਂਚ ਦੇ ਜਨਰਲ ਸਕੱਤਰ ਬੱਬਨਪਾਲ ਦੀ ਬਦਲੀ ਸੁਚੱਜੇ ਢੰਗ ਨਾਲ ਕੰਮ ਕਰ ਰਹੀ ਮੈਂਟੀਨੈਂਸ ਟੀਮ ਵਿੱਚੋਂ ਸਟੋਰ ਮੰਗਵਾਲ ਵਿਰੁੱਧ ਕਰ ਕਰ ਦਿੱਤੀ ਗਈ, ਜੋ ਕਿ ਗੈਰਤਰਕ ਸੰਗਤ ਹੈ, ਜਥੇਬੰਦੀ ਨਾਲ ਦੋ ਵਾਰ ਮੀਟਿੰਗ ਕਰਕੇ ਵੀ ਐੱਸ ਡੀ ਓ ਨੇ ਗੱਲ ਤਣ ਪੱਤਣ ਨਹੀਂ ਲਗਾਈ, ਸਗੋਂ ਮਸਲਾ ਉਲਝਾਇਆ ਗਿਆ ਹੈ।ਵਰਨਣਯੋਗ ਹੈ ਕਿ ਸਟੋਰ ਵਿਰੁੱਧ ਡਿਊਟੀ ਲਈ ਫੀਲਡ ਵਿੱਚ ਸੰਗਰੂਰ ਉਪ ਮੰਡਲਾਂ ਵਿੱਚ ਲੋੜੀਂਦੇ ਕਰਮਚਾਰੀ ਉਪਲਬਧ ਹੋਣ ਦੇ ਬਾਵਜੂਦ ਬ੍ਰਾਂਚ ਜਨਰਲ ਸਕੱਤਰ ਨੂੰ ਟਾਰਗੇਟ ਕੀਤਾ ਗਿਆ।ਅੰਤ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਮਸ਼ੇਰ ਬਡਰੁੱਖਾਂ, ਬਲਵਿੰਦਰ ਕਪਿਆਲ, ਬੂਟਾ ਸਿੰਘ ਖੇੜੀ, ਸੁਰਿੰਦਰ ਕਾਕੜਾ, ਬਲਕਾਰ ਸਿੰਘ, ਦਰਸ਼ਨ ਸਿੰਘ ਜਨਾਲ, ਭੂਰਾ ਸਿੰਘ ਚੱਠਾ, ਬਲਵਿੰਦਰ ਸਿੰਘ ਸੁਨਾਮ ਤੇ ਰਜਿੰਦਰ ਸਿੰਘ ਸੁਨਾਮ ਆਦਿ ਨੇ ਚਿਤਾਵਨੀ ਲਹਿਜੇ ਵਿੱਚ ਕਿਹਾ ਕਿ ਜੇਕਰ ਉੱਪ ਮੰਡਲ-1 ਵੱਲੋਂ ਬ੍ਰਾਂਚ ਦੇ ਜਨਰਲ ਸਕੱਤਰ ਦੀ ਬਦਲੀ ਦਾ ਮਸਲਾ ਜਥੇਬੰਦੀ ਦੀ ਸਮਝ ਮੁਤਾਬਕ ਹੱਲ ਨਾ ਕੀਤਾ ਤਾਂ ਫਿਰ 23 ਮਈ 25 ਨੂੰ ਉੱਪ ਮੰਡਲ ਨੂੰ 1 ਸੰਗਰੂਰ ਦਫ਼ਤਰ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਉਪ ਮੰਡਲ ਦਫਤਰ ਦੀ ਹੋਵੇਗੀ।

# ਐਮਰਜੈਂਸੀ ਹਾਲਾਤ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ ਸਥਾਪਤ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਸੰਕਟ ਵਾਲੀ ਸਥਿਤੀ ਨਾਲ ਨਜਿੱਠਣ ਲਈ ਪੂਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ ਹਨ ਤੇ ਇਸ ਸਬੰਧੀ ਜ਼ਿਲ੍ਹਾ ਵਾਸੀਆਂ ਦੀ ਸਹੂਲਤ ਲਈ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਕੰਟਰੋਲ ਰੂਮ ਵੀ ਜ਼ਿਲ੍ਹਾ ਪੱਧਰ 'ਤੇ ਸਥਾਪਤ ਕੀਤੇ ਗਏ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ ਡੀ.ਸੀ ਦਫ਼ਤਰ ਵਿਖੇ ਸਥਾਪਤ ਕੀਤਾ ਗਿਆ ਹੈ, ਜਿਸ ਦਾ ਨੰਬਰ 01639-250338 ਹੈ, ਇਸੇ ਤਰ੍ਹਾਂ ਡੀ.ਸੀ ਕੈਂਪ ਆਫਿਸ ਵਿਖੇ ਬਣਾਏ ਗਏ ਕੰਟਰੋਲ ਰੂਮ ਦਾ ਨੰਬਰ 01639-251000 ਤੇ 01639-251024 ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਪੁਲਸ ਵਿਭਾਗ ਦਾ ਕੰਟਰੋਲ ਰੂਮ ਐਸ.ਐਸ.ਪੀ ਦਫ਼ਤਰ ਵਿਖੇ ਸਥਾਪਤ ਕੀਤਾ ਗਿਆ ਹੈ, ਜਿਸ ਦਾ ਨੰਬਰ 75270-17100 ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਤੇ ਹਰ ਤਰ੍ਹਾਂ ਦੀ ਜਾਣਕਾਰੀ ਜਾਂ ਮੱਦਦ ਲਈ ਉਪਰੋਕਤ ਕੰਟਰੋਲ ਰੂਮ ਦੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਘਰ ਦੇ ਕਿਸੇ ਕਮਰੇ ਵਿੱਚ ਲਾਈਟ ਚਲਾਉਣੀ ਬਹੁਤ ਜ਼ਰੂਰੀ ਹੋਵੇ, ਉਹ ਕਮਰਾ ਪੂਰੀ ਤਰ੍ਹਾਂ ਪਰਦਿਆਂ, ਖਿੜਕੀਆਂ, ਦਰਵਾਜ਼ਿਆਂ ਨਾਲ ਬੰਦ ਹੋਣਾ ਚਾਹੀਦਾ ਹੈ ਤਾਂ ਜੁ ਰੋਸ਼ਨੀ ਬਾਹਰ ਨਾ ਜਾ ਸਕੇ।

## ਨੀਲਾਮੀ

टाटा मोटर्स फाइनेंस द्वारा ज़ब्त की गई गाड़ियो की नीलामी होटल स्वान, ज़ीरकपुर में 09-05-2025 को होगी. नीलामी में भाग लेने के लिए संपर्क करे - 7859973351 / 9010507695

## ਪਬਲਿਕ ਨੋਟਿਸ

ਬਾ ਅਦਾਲਤ ਸ੍ਰੀ ਜਸਵਿੰਦਰ ਸਿੰਘ,
ਨਾਇਬ ਤਹਿਸੀਲਦਾਰ, ਨੂਰਮਹਿਲ
ਵਿਸ਼ਾ: ਨਾਂਅ ਦੀ ਦਰੁਸਤੀ ਬਾਬਤ
ਨੋਟਿਸ ਬਨਾਮ ਆਮ ਪਬਲਿਕ

ਸ੍ਰੀਮਤੀ ਜਸਵੰਤ ਕੌਰ ਪਤਨੀ ਕਿਸ਼ਨ ਸਿੰਘ ਵਾਸੀ ਪਿੰਡ ਖੱਟਕੜ ਕਲਾਂ ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਇਕ ਦਰਖਾਸਤ ਇਸ ਦਫਤਰ ਵਿਚ ਪੇਸ਼ ਕੀਤੀ ਹੈ ਕਿ ਪਿੰਡ ਮਿੱਠੜਾ ਦੇ ਮਾਲ ਰਿਕਾਰਡ ਵਿਚ ਉਸ ਦਾ ਨਾਂਅ ਗੁਰਮੀਤ ਕੌਰ ਦਰਜ ਹੈ, ਜਦ ਕਿ ਉਸ ਦੇ ਦਸਤਾਵੇਜ਼ ਅਧਾਰ ਕਾਰਡ ਵਿਚ ਉਸ ਦਾ ਨਾਂਅ ਜਸਵੰਤ ਕੌਰ ਦਰੁਸਤ ਦਰਜ ਹੈ। ਹੁਣ ਮਾਲ ਰਿਕਾਰਡ ਵਿਚ ਵੀ ਆਪਣਾ ਨਾਂਅ ਗੁਰਮੀਤ ਕੌਰ ਉਰਫ ਜਸਵੰਤ ਕੌਰ ਕਰਵਾਉਣ ਦੀ ਬਿਨੈ ਕੀਤੀ ਹੈ। ਇਸ ਲਈ ਅਖਬਾਰ ਵਿਚ ਪਬਲੀਕੇਸ਼ਨ ਕਰਵਾਈ ਜਾਂਦੀ ਹੈ ਕੇ ਅਗਰ ਕਿਸੇ ਵੀ ਵਿਅਕਤੀ ਨੂੰ ਉਕਤ ਨਾਂਅ ਦੀ ਦਰੁਸਤੀ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ਼ਤਿਹਾਰ ਪਬਲਿਸ਼ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ/ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਪੇਸ਼ ਹੋ ਕੇ ਕਰ ਸਕਦਾ ਹੈ। ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਬਣਦੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਨਾਇਬ ਤਹਿਸੀਲਦਾਰ, ਨੂਰਮਹਿਲ, ਜ਼ਿਲ੍ਹਾ ਜਲੰਧਰ।
ਨੰਬਰ : 153/ਰੀਡਰ ਮਿਤੀ : 07-05-2025

## COURT NOTICE

(U/o 5 Rule 20 CPC)
In The Court of
Sh. Tanveer Singh Madhav
Civil Judge (Junior Division), Kharar
CNR No. PBSAA0-000952-2024
Next Date:- 27-05-2025
Pal Singh
Vs.
Kulvir Kaur
Publication Issued To:

1. Kulvir Kaur Daughter of Avtar Singh Wife of Gurdeep Singh Village Saini Majra Teh. Kharar, Distt. SAS Nagar Mohali,
2. Akwinder Kaur Daughter of Avtar Singh R/o Village Popna, Teh. Kharar, Distt. Sas Nagar Mohali
3. Sukhwinder Kaur Daughter of Avtar Singh R/o Village Popna, Teh. Kharar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 27-05-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division) Kharar
Dated this day of 07-05-2025

## COURT NOTICE

(U/o 5 Rule 20 CPC)
In The Court of
Sh. Bhupinder Mittal
Additional Civil Judge (Senior Division), Khanna
CNR No. PBLDA0-000860-2024
Next Date:-01-07-2025
AMAR SINGH
Vs.
RAJ KUMAR CHOPRA
PUBLICATION ISSUED TO:

Def. No. 3 Mandeep Singh S/o Late Gurmeet Singh S/o Basant Singh now deceased
i. Paramjit Kaur Walia W/o Mandeep Singh S/o Gurmit Singh
ii. Oshanpreet Singh walia (Minor son) of Mandeep Singh through his natural guardian//mother Paramjit Kaur Walia R/o 1202, Mankoo Street, Samrala Road, Khanna, Distt. Ludhiana

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 01-07-2025 at 10:00 a.m.

For details logon to https://highcourtchd.gov.in/?mod=district notice&district=mogacourt

Additional Civil Judge (Senior Division) Khanna
Dated, this day of 07-05-2025

## ਪਬਲਿਕ ਨੋਟਿਸ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਤਹਿਸੀਲਦਾਰ ਭੁਲੱਥ, ਜ਼ਿਲ੍ਹਾ ਕਪੂਰਥਲਾ
ਦਰਖਾਸਤ ਕਿਸਮ:- ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ
ਇੰਤਕਾਲ ਨੰ:- ਵਰਾਸਤ ਇੰਤਕਾਲ ਨੰ. 2430 (ਜਮ੍ਹਾਂਬੰਦੀ ਸਾਲ 1977-78)
ਵਾਕਿਆ ਰਕਬਾ :- ਪਿੰਡ ਮਕਸੂਦਪੁਰ, ਤਹਿਸੀਲ ਭੁਲੱਥ (ਕਪੂਰਥਲਾ)
ਵਿਸ਼ਾ : ਰਿਕਾਰਡ ਮਾਲ ਵਿੱਚ ਨਾਂਅ ਦੀ ਦਰੁਸਤੀ ਕਰਵਾਉਣ ਸੰਬੰਧੀ।

ਉਕਤ ਵਿਸ਼ੇ ਅੰਕਿਤ ਦਰਖਾਸਤਕਰਤਾ ਸ੍ਰੀਮਤੀ ਪਰਮਜੀਤ ਕੌਰ ਪਤਨੀ ਬਲਜਿੰਦਰਜੀਤ ਸਿੰਘ ਵਾਸੀ ਪਿੰਡ ਮਕਸੂਦਪੁਰ ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਵੱਲੋਂ ਨਿਮਨ-ਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਹੋ ਕੇ ਦਰਖਾਸਤ ਪੇਸ਼ ਕੀਤੀ ਗਈ ਹੈ ਕਿ ਉਸ ਦੇ ਪਤੀ ਦਾ ਨਾਂਅ ਮਾਲ ਰਿਕਾਰਡ ਵਿੱਚ ਬਲਵਿੰਦਰਜੀਤ ਸਿੰਘ ਦਰਜ ਹੋ ਗਿਆ ਹੈ, ਜਿਸ ਸਬੰਧੀ ਦਰਖਾਸਤ 'ਤੇ ਕਾਰਵਾਈ ਕਰਨ ਉਪਰੰਤ ਪਟਵਾਰੀ ਹਲਕਾ ਪਾਸੋਂ ਮਾਲ ਰਿਕਾਰਡ ਦੀ ਘੋਖ ਕਰਨ ਉਪਰੰਤ ਰਿਪੋਰਟ ਪ੍ਰਾਪਤ ਕੀਤੀ ਗਈ, ਪਟਵਾਰੀ ਹਲਕਾ ਦੀ ਰਿਪੋਰਟ ਮੁਤਾਬਕ ਜਮ੍ਹਾਂਬੰਦੀ ਸਾਲ 1977-78 ਵਿੱਚ ਦਰਜ ਇੰਤਕਾਲ ਨੰ. 2430 ਵਰਾਸਤ ਖਾਤਾ ਨੰ. 15, 17 ਆਦਿ ਵਿੱਚ ਪਿੰਡ ਵੱਲੋਂ ਦੀਵਾਨ ਸਿੰਘ ਪੁੱਤਰ ਫੀਹਾ ਸਿੰਘ ਬਾਹੱਕ ਬਲਵਿੰਦਰਜੀਤ ਸਿੰਘ ਵਗੈਰਾ ਦਰਸ਼ਨ ਸਿੰਘ ਮਨਜ਼ੂਰ ਹੋ ਗਿਆ ਹੈ, ਜੋ ਕਿ ਜਮ੍ਹਾਂਬੰਦੀ ਜ਼ੇਰਕਾਰ ਸਾਲ 2022-23 ਦੇ ਖਾਤਾ ਨੰ. 371, 776 ਆਦਿ ਵਿੱਚ ਇਸੇ ਤਰ੍ਹਾਂ ਬਲਵਿੰਦਰਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਚਲਦਾ ਆ ਰਿਹਾ ਹੈ। ਉਕਤ ਸੰਬੰਧੀ ਪਰਮਜੀਤ ਕੌਰ ਦੀ ਦਰਖਾਸਤ ਨੂੰ ਪ੍ਰਵਾਨ ਕਰਦੇ ਹੋਏ ਨਿਮਨ-ਹਸਤਾਖਰ ਦੀ ਅਦਾਲਤ ਵੱਲੋਂ ਅਗਲੀ ਮਿਤੀ 06-06-2025 ਦਫ਼ਤਰ ਵਿੱਚ ਮਾਲ ਰਿਕਾਰਡ ਵਿੱਚ ਬਲਵਿੰਦਰਜੀਤ ਸਿੰਘ ਦੇ ਨਾਂਅ ਸਬੰਧੀ ਇਤਰਾਜ਼ ਪੇਸ਼ ਕੀਤੇ ਜਾਣੇ ਹਨ। ਇਸ ਲਈ ਸੂਚਿਤ ਕੀਤਾ ਜਾਂਦਾ ਹੈ, ਜੇਕਰ ਬਲਵਿੰਦਰਜੀਤ ਸਿੰਘ ਦਾ ਨਾਂਅ ਮਾਲ ਰਿਕਾਰਡ ਵਿੱਚ ਦਰੁਸਤ ਕਰਕੇ ਬਲਜਿੰਦਰਜੀਤ ਸਿੰਘ ਕਰ ਦਿੱਤਾ ਜਾਵੇ, ਤਾਂ ਇਸ ਸਬੰਧੀ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਨਿਸ਼ਚਿਤ ਮਿਤੀ 06-06-2025 ਨੂੰ ਆਪ ਖੁਦ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਆਪਣਾ ਇਤਰਾਜ਼/ਪੱਖ ਪੇਸ਼ ਕਰੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅੱਜ ਮਿਤੀ 07-05-2025 ਨੂੰ ਮੇਰੇ ਦਸਤਖਤਾਂ ਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਅੱਵਲ ਕਮ-ਤਹਿਸੀਲਦਾਰ ਭੁਲੱਥ, ਜ਼ਿਲ੍ਹਾ ਕਪੂਰਥਲਾ।
ਨੰਬਰ:- 295/ਰੀਡਰ-1, ਮਿਤੀ:- 07/05/2025

## PUBLIC NOTICE

I, Jatinder Minhas S/o Late S. Bhupinder Singh Minhas S/o Late Gurbachan Singh resident of 142-R. Model Town, Jalandhar declare that my Grand Mother Parkash Kaur wife of Gurbachan Singh was the owner of the property having property Tax No. BIX/3/141/1 bearing No. 142-R, Model Town, Jalandhar on the strength of sale deed bearing document No. 5610 dated 20.11.1968. Unfortunately my mother had expired and the property was inherited by her following legal heirs

A :- a) Bhupinder Singh Minhas S/o Gurbachan Singh- deceased b) Joginder Kaur wife of Bhupinder Singh -deceased c) Rashmi Minhas daughter of Bhupinder Singh deceased - unmarried d) Parvinder Minhas son of Bhupinder Singh -deceased unmarried e) Dharminder Singh son of Bhupinder Singh -deceased- unmarried f) Sangeeta Bhandari daughter of Bhupinder Singh wife of Narinder Bhandari -alive g) Jatinder Minhas S/o Bhupinder Singh - alive.

B :- a) Arinder Singh Minhas S/o Gurbachan Singh -deceased, b) Shanta Minhas W/o Arinder Singh Minhas - alive, c) Ruba Minhas D/o Arinder Singh Minhas- alive, d) That the deponent Jatinder Minhas alongwith Sangeeta Bhandari, Shanta Minhas and Ruba Minhas are the only alive legal heirs of Parkash Kaur wife of Gurbachan Singh at present and are selling the property bearing no. 142-R, Model Town, Jalandhar in the name of Parkash Kaur wife of Gurbachan Singh.

## COURT NOTICE

(U/o 5 Rule 20 CPC)
In The Court Of Sh. Arun Thapa
Civil Judge (Junior Division), Amritsar
CNR No. PBAS02-004454-2023
Next Date:- 07-07-2025
Bawa Singh S/O Dara Singh R/O Village Verpal, Tehsil And Distt. Amritsar
Vs
Paramjit Singh
Publication Issued To:
(8) Rajbir Kaur W/o Nishan Singh R/o Village Verpal, Tehsil and Distt. Amritsar

Whereas it has been proved to the satisfaction of the Court that the defendant(s)/respondent(s) above named cannot be served in the ordinary way of service. Hence, this proclamation under order 5 Rule 20 CPC is hereby issued against him/them and should appear personally or through their counsel on 07-07-2025 at 10:00 a.m.

Take notice that, in default of his/their appearance on the day before mentioned, the above said case will be heard and determined in his/their absence according to law.

For details logon to https://highcourtchd.gov.in/?trs-district notice&district=Amritsar

Civil Judge (Junior Division) Amritsar
Dated, this day of 08-05-2025

## COURT NOTICE

(U/o 5 Rule 20 CPC)
In The Court of
Ms. Gurpreet Kaur-II
Civil Judge Junior Division-2, Zira
CNR No. PBFZAO-000087-2025
Next Date: 12-05-2025
The Ferozepur Central Co-operative Bank Ltd.
Vs.
Tarsem Singh Etc
Publication Issued To:
3. Kewal Singh
Father :- Jarnail Singh
Dhillon Nagar St. No. 2 Kotkapura Road Near Markfed Godown Moga Distt. Moga.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 12-05-2025 at 10:00 a.m.

For details logon to https://highcourtchd.gov.in/?mod=district notice &district=mogacourt

Civil Judge Junior Division-2, Zira
Dated, this day of 07-05-2025

## COURT NOTICE

(U/o 5 Rule 20 CPC)
In The Court of
Sh. Deepak Kumar
Choudhary Principal Judge (FC), Barnala
CNR No. PBBR01-004695-2024
Next Date:- 16-05-2025
Balvir Singh
Vs.
General Public
Publication Issued To:
General Public
Barnala

In above titled case, the defendant(s)/ respondent(s) could not be served. It is ordered that defendant(s) /respondent(s) should appear in person or through counsel on 16-05-2025 at 10:00 a.m.

For details logon to https://highcourtchd.gov.in/?mod=district_notice&district=mogacourt

Principal Judge (FC) Barnala
Dated, this day of 08-05-2025

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-66 | 26.05.2025 ਨੂੰ 11:00 ਵਜੇ | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ):15708/R1, 12138/R1, 18238/R1, 20808/R1, 13006/R1, 11058/R1, 12926/R1 & 12904/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1368/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਸੇਲਜ਼ਮੈਨ ਦੀ ਭਰਤੀ ਸੰਬੰਧੀ ਨੋਟਿਸ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੀ ਭਗਵਾਨਪੁਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ:, ਪਿੰਡ ਭਗਵਾਨਪੁਰ, ਜ਼ਿਲ੍ਹਾ ਕਪੂਰਥਲਾ, ਦੀ ਅਸਾਮੀ 'ਤੇ ਸੇਲਜ਼ਮੈਨ ਦੀ ਭਰਤੀ ਕੀਤੀ ਜਾਣੀ ਹੈ। ਭਰਤੀ ਦੀ ਪ੍ਰਕਿਰਿਆ ਮਿਤੀ 26/05/2025 ਨੂੰ ਸਵੇਰੇ 10 ਵਜੇ ਸਭਾ ਦੇ ਦਫਤਰ ਪਿੰਡ ਭਗਵਾਨਪੁਰ, ਜ਼ਿਲ੍ਹਾ ਕਪੂਰਥਲਾ ਵਿਖੇ ਕੀਤੀ ਜਾਵੇਗੀ। ਭਰਤੀ ਸਬੰਧੀ ਯੋਗਤਾ ਅਤੇ ਸ਼ਰਤਾਂ ਹੇਠ ਅਨੁਸਾਰ ਹਨ:- 1) ਉਮੀਦਵਾਰ ਦੀ ਉਮਰ 18 ਤੋਂ 37 ਸਾਲ, 2) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਸ਼ਨ ਯੋਗਤਾ ਦੀ ਡਿਗਰੀ ਅਤੇ ਦਸਵੀਂ ਪੱਧਰ ਦੀ ਪੰਜਾਬੀ ਦੀ ਵਿੱਦਿਅਕ ਯੋਗਤਾ, 3) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟਰੋਨਿਕਸ ਵਿਭਾਗ ਦੇ "ਓ" ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਮਸ਼ਹੂਰ ਸੰਸਥਾ, ਜੋ ISO 9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ : (ੳ) ਪਰਸਨਲ ਕੰਪਿਊਟਰ ਦਾ ਕੋਰਸ ਜਾਂ (ਅ) ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ (ੲ) ਡੈਸਕਟਾਪ ਪਬਲਿਸ਼ਿੰਗ ਦਾ ਕੋਰਸ, (4) ਉਮੀਦਵਾਰ ਦਾ ਪਿਛੋਕੜ ਪੇਂਡੂ ਹੋਣਾ ਚਾਹੀਦਾ ਹੈ (5) ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਨੂੰ ਆਪਣੀ ਨਿਯੁਕਤੀ ਦੇ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਦਰਸਾਈ ਗਈ ਜ਼ਮਾਨਤ ਉਮੀਦਵਾਰ ਕੋਲੋਂ ਗਰੰਟੀ ਦੇ ਤੌਰ 'ਤੇ ਦੇਣੀ ਪਵੇਗੀ। ਉਮੀਦਵਾਰ ਆਪਣੀ ਅਰਜ਼ੀ ਦੇ ਨਾਲ-ਨਾਲ ਆਪਣੀ ਯੋਗਤਾ ਸੰਬੰਧੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ, ਪਾਸਪੋਰਟ ਸਾਈਜ਼ ਫੋਟੋ ਅਤੇ ਹਲਫੀਆ ਬਿਆਨ ਸਭਾ ਦੇ ਦਫਤਰ ਵਿਖੇ ਮਿਤੀ 09/05/2025 ਤੋਂ 24/05/2025 ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ 1000/-ਰੁਪਏ ਦੀ ਡੀ.ਡੀ. ਫੀਸ ਸਮੇਤ ਦਸਤੀ ਜਾਂ ਡਾਕ ਰਾਹੀਂ ਕਿਸੇ ਵੀ ਕੰਮ-ਕਾਜ ਦੇ ਦਿਨ ਜਮ੍ਹਾਂ ਕਰਵਾ ਸਕਦੇ ਹਨ। ਮਿਤੀ 24/05/2025 ਨੂੰ ਸ਼ਾਮ 4 ਵਜੇ ਤੋਂ ਬਾਅਦ ਕੋਈ ਵੀ ਅਰਜ਼ੀ ਪ੍ਰਾਪਤ ਨਹੀਂ ਕੀਤੀ ਜਾਵੇਗੀ। ਭਰਤੀ ਪ੍ਰਕਿਰਿਆ ਤੇ ਇੰਟਰਵਿਊ ਸੰਬੰਧੀ ਕੋਈ ਵੀ ਜਾਣਕਾਰੀ ਕਿਸੇ ਵੀ ਕੰਮ-ਕਾਜ ਦੇ ਦਿਨ ਸਭਾ ਦੇ ਦਫਤਰ ਵਿੱਚ ਹਾਜ਼ਰ ਹੋ ਜਾਂ +91-87270-32345 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਮੀਦਵਾਰ ਦੀ ਭਰਤੀ ਕਰਨ ਜਾਂ ਨਾ ਕਰਨ ਸੰਬੰਧੀ ਹੱਕ ਸਿਲੈਕਸ਼ਨ ਕਮੇਟੀ ਕੋਲ ਰਾਖਵੇਂ ਰੱਖੇ ਜਾਣਗੇ।

ਸਹੀ/-ਪ੍ਰਧਾਨ, ਦੀ ਭਗਵਾਨਪੁਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਭਗਵਾਨਪੁਰ (ਕਪੂਰਥਲਾ)

## ਪਬਲਿਕ ਨੋਟਿਸ

ਆਮ ਜਨਤਾ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ ਕਿ ਸ੍ਰੀ ਭਾਰਤ ਭੂਸ਼ਨ ਪੁੱਤਰ ਸਵਰਗੀ ਸ੍ਰੀ ਮਦਨ ਲਾਲ ਵਾਸੀ ਮਕਾਨ ਨੰ ਬੀ-39/7, ਵਾਰਡ ਨੰਬਰ 5, ਮੁਹੱਲਾ ਰਾਜਝਿਆਂ, ਪਠਾਨਕੋਟ ਨੇ ਦਰਖਾਸਤ ਦਿੱਤੀ ਹੈ ਕਿ ਉਸ ਦੇ ਸਵਰਗੀ ਪਿਤਾ ਸ੍ਰੀ ਮਦਨ ਲਾਲ ਪੁੱਤਰ ਫੇਰੂ ਸ਼ਾਹ ਦੇ ਨਾਂਅ 'ਤੇ ਪ੍ਰਾਪਰਟੀ ਨੰ. ਬੀ-39/7, ਰਕਬਾ 1.75 ਮਰਲੇ ਮਕਾਨ ਵਾਕਿਆ ਰਾਜਝਿਆਂ ਮੁਹੱਲਾ, ਪਠਾਨਕੋਟ ਜੋ ਕਿ ਨਗਰ ਨਿਗਮ, ਪਠਾਨਕੋਟ ਦੇ ਰਿਕਾਰਡ ਵਿੱਚ ਦਰਜ ਹੈ। ਉਸ ਦੇ ਸਵਰਗੀ ਪਿਤਾ ਸ੍ਰੀ ਮਦਨ ਲਾਲ ਪੁੱਤਰ ਸ੍ਰੀ ਫੇਰੂ ਸ਼ਾਹ ਦੀ ਮੌਤ ਮਿਤੀ 06-11-1986 ਨੂੰ ਹੋ ਗਈ ਸੀ। (ਮੌਤ ਦਾ ਸਰਟੀਫਿਕੇਟ ਨਾਲ ਨੱਥੀ ਹੈ) ਅਤੇ ਮਾਤਾ ਜੀ ਦੀ ਮੌਤ ਬਹੁਤ ਪਹਿਲਾਂ ਹੋ ਚੁੱਕੀ ਹੈ। ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਉਪਰੋਕਤ ਪ੍ਰਾਪਰਟੀ ਦੇ ਵਾਰਸ ਸ੍ਰੀ ਅਸ਼ੋਕ ਗੁਪਤਾ (ਪੁੱਤਰ), ਵੀਨਾ ਕੁਮਾਰੀ (ਪੁੱਤਰੀ), ਕਮਲੇਸ਼ ਗੁਪਤਾ (ਪੁੱਤਰੀ), ਉਰਮੀਲ ਕਪਾਹੀ (ਪੁੱਤਰੀ), ਭਾਰਤ ਭੂਸ਼ਨ (ਪੁੱਤਰ), ਰਵੀ ਕੁਮਾਰ (ਪੁੱਤਰ) ਵਾਰਸਾਨ ਸ੍ਰੀ ਮਦਨ ਲਾਲ ਦੇ ਵਾਰਸ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕੋਈ ਵਾਰਿਸ ਨਹੀਂ ਹੈ। ਜੇਕਰ ਕੋਈ ਹੋਰ ਵਾਰਿਸ ਸਾਬਤ ਹੁੰਦਾ ਹੈ ਤਾਂ ਇਸਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਉਪਰੋਕਤ ਵਿੱਚੋਂ ਪੰਜਾਂ ਵਾਰਿਸਾਂ ਨੇ ਆਪਣੇ ਮਾਤਾ ਪਿਤਾ ਦੀ ਉਪਰੋਕਤ ਪ੍ਰਾਪਰਟੀ ਵਿੱਚ ਬਣਦਾ ਆਪਣਾ-ਆਪਣਾ ਹਿੱਸਾ ਹਲਫੀਆ ਬਿਆਨ ਰਾਹੀਂ ਉਸ ਦੇ (ਭਾਰਤ ਭੂਸ਼ਨ ਪੁੱਤਰ ਸਵ. ਸ੍ਰੀ ਮਦਨ ਲਾਲ ਦੇ ਹੱਕ ਵਿੱਚ ਛੱਡ ਦਿੱਤਾ ਹੈ ਅਤੇ ਲਿਖ ਦਿੱਤਾ ਹੈ ਕਿ ਉਨ੍ਹਾਂ ਦਾ ਭਰਾ ਭਾਰਤ ਭੂਸ਼ਨ ਪੁੱਤਰ ਸਵਰਗੀ ਸ੍ਰੀ ਮਦਨ ਲਾਲ ਉਪਰੋਕਤ ਪ੍ਰਾਪਰਟੀ ਨੂੰ ਬੈ-ਕਰੇ, ਰਹਿਣ ਕਰੇ ਜਾਂ ਅੰਦਰਾਜ਼ ਨਗਰ ਨਿਗਮ, ਪਠਾਨਕੋਟ ਦੇ ਰਿਕਾਰਡ ਵਿੱਚ ਆਪਣੇ ਨਾਂਅ 'ਤੇ ਤਬਦੀਲ ਕਰਵਾਏ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਹਲਫੀਆ ਬਿਆਨ ਨਾਲ ਨੱਥੀ ਹਨ। ਇਸ ਲਈ ਉਪਰੋਕਤ ਪ੍ਰਾਪਰਟੀ ਦਾ ਅੰਦਰਾਜ਼ ਹਲਫੀਆ ਬਿਆਨ ਮੁਤਾਬਕ ਉਸ ਦੇ ਭਾਰਤ ਭੂਸ਼ਨ ਪੁੱਤਰ ਸਵਰਗੀ ਸ੍ਰੀ ਮਦਨ ਲਾਲ ਦੇ ਨਾਂਅ 'ਤੇ ਤਬਦੀਲ ਕੀਤਾ ਜਾਵੇ। ਪ੍ਰਾਰਥੀ ਨੇ ਹਲਫੀਆ ਬਿਆਨ ਵੀ ਦਿੱਤਾ ਹੈ ਕਿ ਉਪਰੋਕਤ ਪ੍ਰਾਪਰਟੀ ਬਾਬਤ ਕੋਈ ਕੋਰਟ ਕੇਸ ਘਰੇਲੂ ਝਗੜਾ ਵਗੈਰਾ ਨਹੀਂ ਹੈ ਜੇਕਰ ਹੋਵੇਗਾ ਤਾਂ ਇਸ ਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਉਪਰੋਕਤ ਪ੍ਰਾਪਰਟੀ 'ਤੇ ਕਬਜ਼ਾ ਵੀ ਉਸ ਦਾ ਖੁਦ ਦਾ ਹੀ ਹੈ। ਇਸ ਲਈ ਉਪਰੋਕਤ ਪ੍ਰਾਪਰਟੀ ਦਾ ਅੰਦਰਾਜ਼ ਹਲਫੀਆ ਬਿਆਨ ਮੁਤਾਬਕ ਉਸ ਦੇ ਨਾਂਅ 'ਤੇ ਤਬਦੀਲ ਕੀਤਾ ਜਾਵੇ। ਨਗਰ ਨਿਗਮ, ਪਠਾਨਕੋਟ ਦੇ ਰਿਕਾਰਡ ਮੁਤਾਬਿਕ ਉਪਰੋਕਤ ਪ੍ਰਾਪਰਟੀ ਨੰਬਰ ਬ-39/7, ਮਕਾਨ ਵਾਕਿਆ ਮੁਹੱਲਾ ਰਾਜਝਿਆਂ ਜੋ ਕਿ ਸ੍ਰੀ ਮਦਨ ਲਾਲ ਪੁੱਤਰ ਵੀਰੋ ਸ਼ਾਹ ਦੇ ਨਾਂਅ 'ਤੇ ਦਰਜ ਹੈ। ਹਲਫੀਆ ਬਿਆਨ ਮੁਤਾਬਿਕ ਪ੍ਰਾਪਰਟੀ ਨੰਬਰ ਬ-39/7 ਦੇ ਅੰਦਰਾਜ਼ ਦੀ ਤਬਦੀਲੀ ਸੰਬੰਧੀ ਜੇਕਰ ਕਿਸੇ ਨੂੰ ਕਿਸੇ ਕਿਸਮ ਦਾ ਇਤਰਾਜ਼ ਹੋਵੇ ਤਾਂ ਇਸ ਨੋਟਿਸ ਦੇ ਅਖਬਾਰ ਵਿੱਚ ਛਪਣ ਦੇ 15 ਦਿਨਾਂ ਦੇ ਅੰਦਰ- ਅੰਦਰ ਆਪਣਾ ਲਿਖਤੀ ਇਤਰਾਜ਼ ਦਫਤਰ ਨਗਰ ਨਿਗਮ, ਪਠਾਨਕੋਟ ਵਿੱਚ ਪੇਸ਼ ਕਰੇ। ਮਿਥੇ ਸਮੇਂ ਤੋਂ ਬਾਅਦ ਵਿੱਚ ਆਏ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ। ਸਮਾਂ ਬੀਤ ਜਾਣ ਤੋਂ ਬਾਅਦ ਉਪਰੋਕਤ ਪ੍ਰਾਪਰਟੀ ਨੰਬਰ ਬ-39/7 ਦਾ ਅੰਦਰਾਜ਼ ਕੇਵਲ ਟੈਕਸ ਮੰਤਵ ਲਈ ਹਲਫੀਆ ਬਿਆਨ ਮੁਤਾਬਿਕ ਸ੍ਰੀ ਮਦਨ ਲਾਲ ਪੁੱਤਰ ਫੀਰੋ ਸ਼ਾਹ ਦੇ ਨਾਂਅ ਤੋਂ ਤਬਦੀਲ ਕਰਕੇ ਸ੍ਰੀ ਭਾਰਤ ਭੂਸ਼ਨ ਪੁੱਤਰ ਸਵਰਗੀ ਸ੍ਰੀ ਮਦਨ ਲਾਲ ਦੇ ਨਾਂਅ 'ਤੇ ਤਬਦੀਲ ਕਰ ਦਿੱਤਾ ਜਾਵੇਗਾ।

ਨੰ: 314 ਮਿਤੀ : 28-04-2025 ਸਹੀ/-ਸੁਪਰਡੈਂਟ ਨਗਰ ਨਿਗਮ, ਪਠਾਨਕੋਟ।

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਅਨੁਪਮ ਕੁਮਾਰੀ ਉਰਫ ਅਨੁਪਮਾ ਪਤਨੀ ਸ਼੍ਰੀ ਅਸ਼ੋਕ ਕੁਮਾਰ, ਵਾਸੀ ਮਕਾਨ ਨੰਬਰ : 281, ਗੁਰੂ ਨਗਰ, ਵੇਰਕਾ, ਅੰਮ੍ਰਿਤਸਰ ਇਕ ਲੋਨ ਫ਼ਸਿਲਿਟੀ ਲੈਣ ਜਾ ਰਹੇ ਹਨ ਅਤੇ ਆਪਣੀ ਇਕ ਜਾਇਦਾਦ ਜਿਸਦਾ ਕੁਲ ਰਕਬਾ 92 ਵਰਗ ਗਜ਼, ਖਸਰਾ ਨੰਬਰ : 92//9 ਮਿੰਨ, ਵਾਕਿਆ ਰਕਬਾ ਪਿੰਡ ਵੇਰਕਾ, ਆਬਾਦੀ ਗੁਰੂ ਨਗਰ, ਤਹਿਸੀਲ ਅਤੇ ਜਿਲਾ ਅੰਮ੍ਰਿਤਸਰ ਤਸਦੀਕ ਸੁਦਾ ਬੈਨਾਮਾ ਮਿਤੀ: 14.6.2010 ਦਸਤਾਵੇਜ ਨੰਬਰ : 3757, ਬਹੀ ਨੰਬਰ: 1, ਜਿਲਦ ਨੰਬਰ: 4037, ਸਫ਼ਾ ਨੰਬਰ: 39/40 ਤਸਦੀਕ ਸੁਦਾ ਮਹਿਕਮਾ ਸਬ ਰਜਿਸਟਰਾਰ ਅੰਮ੍ਰਿਤਸਰ ਨੂੰ ਗਿਰਵੀ ਰਖਣਾ ਚਾਹੁੰਦੀ ਹਾਂ। ਇਹ ਕਿ ਜਾਇਦਾਦ ਦੀ ਮਾਲਕ ਸ਼੍ਰੀਮਤੀ ਅਨੁਪਮ ਕੁਮਾਰੀ ਉਰਫ ਅਨੁਪਮਾ ਪਤਨੀ ਸ਼੍ਰੀ ਅਸ਼ੋਕ ਕੁਮਾਰ ਨੇ ਦਸਿਆ ਉਕਤ ਜਾਇਦਾਦ ਦੀ ਫਾਇਲ ਜਿਸ ਵਿੱਚ ਉਕਤ ਪਲਾਟ ਦੀ ਪੁਰਾਣੀ ਰਜਿਸਟਰੀਆਂ ਜੋ ਕਿ (1) ਬੈਨਾਮਾ ਮਿਤੀ : 4.1.1999 ਦਸਤਾਵੇਜ ਨੰਬਰ : 8826, ਬਹੀ ਨੰਬਰ : 1, ਜਿਲਦ ਨੰਬਰ: 595, ਸਫ਼ਾ ਨੰਬਰ: 63/64 ਅਤੇ (2) ਬੈਨਾਮਾ ਮਿਤੀ : 17.3.1986 ਦਸਤਾਵੇਜ ਨੰਬਰ : 13874, ਬਹੀ ਨੰਬਰ : 1, ਜਿਲਦ ਨੰਬਰ: 943, ਸਫ਼ਾ ਨੰਬਰ: 65 ਅਤੇ ਜਿਲਦ ਨੰਬਰ: 4422, ਸਫ਼ਾ ਨੰਬਰ: 88 ਅਤੇ (3) ਬੈਨਾਮਾ ਮਿਤੀ : 29.7.1981 ਦਸਤਾਵੇਜ ਨੰਬਰ : 10249, ਬਹੀ ਨੰਬਰ: 1, ਜਿਲਦ ਨੰਬਰ: 896, ਸਫ਼ਾ ਨੰਬਰ: 47 ਅਤੇ ਜਿਲਦ ਨੰਬਰ: 3282, ਸਫ਼ਾ ਨੰਬਰ : 81 ਅਤੇ ਬੈਨਾਮਾ ਮਿਤੀ : 12.12.1973 ਦਸਤਾਵੇਜ ਨੰਬਰ : 7680, ਬਹੀ ਨੰਬਰ: 1, ਜਿਲਦ ਨੰਬਰ: 800, ਸਫ਼ਾ ਨੰਬਰ : 82 ਅਤੇ ਜਿਲਦ ਨੰਬਰ: 2146, ਸਫ਼ਾ ਨੰਬਰ: 84 ਅਤੇ ਬੈਨਾਮਾ ਮਿਤੀ : 2.3.1973 ਦਸਤਾਵੇਜ ਨੰਬਰ : 9141, ਬਹੀ ਨੰਬਰ : 1, ਜਿਲਦ ਨੰਬਰ: 845, ਸਫ਼ਾ ਨੰਬਰ: 15 ਅਤੇ ਜਿਲਦ ਨੰਬਰ: 2014, ਸਫ਼ਾ ਨੰਬਰ: 100 ਤਸਦੀਕ ਸੁਦਾ ਮਹਿਕਮਾ ਸਬ ਰਜਿਸਟਰਾਰ ਅੰਮ੍ਰਿਤਸਰ ਉਸ ਤੋਂ ਗੁਮ ਹੋ ਗਈਆਂ ਹਨ। ਇਹ ਕਿ ਉਹਨਾਂ ਨੇ ਇਹ ਦਸਿਆ ਕਿ ਪੁਲਿਸ ਸਟੇਸ਼ਨ PSOC ਵੇਰਕਾ ਨੇ ਗਵਾਚੀ ਰਿਪੋਰਟ Lost Information ਰਿਪੋਰਟ bearing S.No.595262/2025 Punjab Police dt. 7.5.2025 ਨੂੰ ਦਰਜ ਕਰ ਲਈ ਹੈ। ਇਹ ਕਿ ਹੁਣ ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮ ਦਾਸ ਹਸਪਤਾਲ, ਅੰਮ੍ਰਿਤਸਰ ਤੋਂ ਸ਼੍ਰੀਮਤੀ ਅਨੁਪਮ ਕੁਮਾਰੀ ਉਰਫ ਅਨੁਪਮਾ ਪਤਨੀ ਸ਼੍ਰੀ ਅਸ਼ੋਕ ਕੁਮਾਰ ਇਸ ਜਾਇਦਾਦ ਨੂੰ ਗਹਿਣੇ ਰਖ ਕੇ ਲੋਨ ਲੈਣ ਜਾ ਰਹੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਦੱਸੀ ਗਈ ਜਾਇਦਾਦ ਦੇ ਖਿਲਾਫ ਕੋਈ ਇਤਰਾਜ ਹੋਵੇ ਤਾਂ ਉਹ ਬਰਾਂਚ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮ ਦਾਸ ਹਸਪਤਾਲ, ਅੰਮ੍ਰਿਤਸਰ ਨੂੰ ਪੰਦਰਾਂ ਦਿਨਾਂ ਦੇ ਵਿਚ-ਵਿਚ ਇਤਲਾਹ ਦੇ ਸਕਦੇ ਹਨ। ਨਹੀਂ ਤਾਂ ਇਸ ਤੋ ਬਾਅਦ ਬੈਂਕ ਪਾਰਟੀ ਨੂੰ ਲੋਨ ਜਾਰੀ ਕਰ ਦੇਵੇਗਾ ਅਤੇ ਇਹ ਸਮਝਿਆ ਜਾਏਗਾ ਕਿ ਉਕਤ ਪੁਰਾਣਿਆ ਬੈਨਾਮੇ ਗੁਮ ਹੋ ਗਏ ਹਨ ਅਤੇ ਇਹ ਕੀਤੇ ਵੀ private agency/bank ਕੋਲ ਗਹਿਣੇ ਨਹੀ ਹਨ। ਦਿੱਤੇ ਹੋਏ ਸਮੇ ਤੋਂ ਬਾਅਦ ਕੋਈ objections ਨਹੀ ਮੰਨੇ ਜਾਨਗੇ।

ਪੰਜਾਬ ਐਂਡ ਸਿੰਧ ਬੈਂਕ,
ਗੁਰੂ ਰਾਮ ਦਾਸ ਹਸਪਤਾਲ, ਅੰਮ੍ਰਿਤਸਰ।




## Change of Name

I Meenakshi w/o Ashutosh Malhotra R/O N.F. 78, Quilla Mohalla,Near Durga Mandir, Jalandhar have Changed my name to Meenakshi alias Meenakshi Malhotra Please note all concerned.

I, Inderjeet Kaur W/O Daljit Singh Matharoo R/o H.No. 4387, Ranjitpura, Post Office Khalsa College, Putlighar, Amritsar have changed my name from Inderjeet Kaur to Inderjit Kaur Matharoo.

I, Lizalin Bihari W/o Sh. Sunil Bihari R/o House No. 147, Tilak Nagar, Jalandhar, Punjab have changed my name from Lizalin Behera to Lizalin Bihari after marriage. All concerned please note.

I, Pushpa Lata Bihari W/o Sh. Bibhuti Bhushan Bihari R/o House No. 147, Tilak Nagar, Jalandhar, Punjab have changed my name from Pushap Lata Bihari to Pushpa Lata Bihari. All concerned please note.

I, hitherto known as Manjit Kaur wife of Sukhwinder Singh resident of Village Gehlaran, PO. Behram Sarishta, District Jalandhar, Punjab 144201, have changed my name from Manjit Kaur to Manjeet Kaur.

I, Rabinder Kaur W/O Surinder Singh R/O VPO Shahpur Goraya, Distt. Gurdaspur, Punjab have changed my name from Rabinder Kaur to Davinder Kaur. Concerned note.

I, Surjeet Singh S/o Sukhwinder Singh R/o Fatehpur, PO Majra Jattan, Teh. Balachaur, Distt. SBS Nagar, Punjab Have changed my name to Singh Surjit. All please.

I, Ashok Pathak S/o Brij Lal R/o H.No. 38, Phagwara Road Ward No. 11, Village Mahilpur Chandeli Tehsil Garhshankar Distt. Hoshiarpur Punjab have changed my name from Ashok Pathak to Ashok Kumar Pathak. Concerned note.

I, Awtar s/o Harbans Lal resident of Patti Dhuni Ki, VPO Jandiala,Tehsil Phillaur, Distt. Jalandhar (Pb.)-144033 have changed my name as Avtar and henceforth I will be known as Avtar. All concerned note please.

I, Bharpur Kaur W/o Satnam Singh R/o VPO. Munak Kalan, Teh. Tanda (Hoshiarpur) Punjab-144204 have changed my name and shall hereafter be known as Kaur Bharpur. Please note.

I, Dilawar Singh So Satnam Singh R/o VPO. Bhorchhi Rajputan, Tehsil Baba Bakala Sahib, Distt. Amritsar (Pb) India. Hereby Solemnly declere that My Mother name, Aadhar Card No. 5775 0672 5354, Pan Card, other related documents is Pawandip Kaur. But in College of Veterinary Science, Rampura Paul (GADVASU) my mother name has been written as Pawandip Kaue, Which is Wrong. But correct my mother real name from Pawandip Kaue to Pawandip Kaur. In College Record.

I Sudhir Choudhary S/o Swaraj Choudhary, R/o H.No. 289-A, Adarsh Nagar, Jalandhar have changed my minor son's name from Kabir Choudhary to Chirag Choudhary.

I, Khusvinder Kumar Bhagi S/o Ram Lubhaya Bhagi R/o Village Ahiyapur, Krishna Street, Distt. Hoshiarpur, Punjab have changed my name from Khushwinder Kumar Bhagi to Khusvinder Kumar Bhagi & my date of birth from 31-08-1972 to 23-08-1972.

I, Abhishek son of Surinder Pal resident of V. Alamgir, Jalandhar-144303, Punjab have changed my name from Abhishek to Abhishek Ahir. All concerned please note.

I, Inderjeet Singh S/o Kuldeep Singh R/o H.No. 151, VPO. Raipur Pir Bux Wala, Distt. Kapurthala, Punjab have changed my name from Inderjeet Singh Baria to Inderjeet Singh. All concerned please note.

I, Seema Sharma W/o Ajay Sharma R/o H.No.8, Gali No.1, Tagore Avenue, Majitha Road, Amritsar have changed my name from Seema Sharma to Seema Devi.

I Arshdeep Singh S/O Harpal Singh R/O Vpo. Chak Misri Khan Tehsil Ajnala Distt Amritsar That Declare Singh Is My Surname And Arshdeep is My Given Name.

I Sawinder Kaur W/O Santokh Singh R/O Vill.Ram Dewali Musalmana Teh Baba Bakala Amritsar Have Changed My Name To Savinder Kaur.

I, Neelam and Neelam Kumari W/o Sandeep Pal R/o H.No.43/13, Albert Road, Ahata Maya Ram Amritsar have declare that above both names are mine one and same person.

I, Harbinder Kaur W/o Davinder Singh Randhawa R/o 27, Gali No.11, Gurdwara Plah Sahib Road, Hargobind Avenue, Amritsar have changed my name from Harbinder Kaur to Harbinder Kaur Randawa.

I Gurdip Singh S/o Madanjit Singh Resident of L-13/1333/1, Gali No.6, Sultanwind Road, Kot Baba Deep Singh, Amritsar. I have changed my name from Gurdip Singh to Gurdeep Singh. All concerned please note.

I, Akvir Kaur D/o Niranjan Singh W/o Tarsem Singh R/o Village Kangmai, P.O. Hariana, Hoshiarpur, Punjab, 144208 changed my name from Akbir Kaur to Akvir Kaur.

I, Akshay Bhatia S/o Apprajeet Kanwar Bhatia R/o H. No. 68, Badri Das Colony, Near BMC Chowk, New Jawahar Nagar, Jalandhar have changed my name from Akshay Kumar Bhatia to Akshay Bhatia. All Please Note.

I, Jai Singh s/o Jasvir Singh r/o Street No.1, Parshuram Nagar, Bulandpur Road, Near Gaushalla, Transport Nagar, Jalandhar have changed my name to Jai Singh Osahan (Surname as Osahan). All Please Note.

I, Gurpreet Singh Badwal s/o Bhagwant Singh r/o Vill. Akalgarh, Distt.Kapurthala have changed my name to Gurpreet Singh. All Please Note.

I, Sukhraj Kaur w/o Kamaljit Singh r/o Vill. Bhoolpur, Po. Miani, Tehsil Dasuya, Hoshiarpur have changed my minor daughter name from Manmeet Kaur to Kaur Manmeet (Surname as Kaur). All Please Note.

I, Gogi Ram S/o Nama Ram R/o H.No.506/11, Mohalla Arya Nagar, Kartarpur, District Jalandhar, Punjab have changed my name from Gogi Ram to Gogi Ram Bains. All Please Note.

## Change of Name

I, Sonia Sarharwal W/o Rajiv Sabharwal R/o H.No. B 34/5768, Street No. 9, Ward No. 31, Rughubir Park, Ludhiana, Punjab have changed my name from Sonia Sarharwal to Sonia Sabharwal. All Please Note.

I, hitherto known as Jatin S/o Hari Om R/o H.No. 17/13, Avtar Nagar, Jalandhar, Punjab-144001 have changed my name and shall hereafter be known as Gagandeep Singh.

I, hitherto known as Harwinder Kaur W/o Avtar Chand R/o VPO. Kotli Than Singh, Jalandhar, Punjab-144101 have changed my name and shall hereafter be known as Harinder Kaur.

I, Young Raj Singh Bhogal S/o Surjit Singh R/o H.No.82, Near Lamba Pind Chowk, Vinay Nagar, Jalandhar-144004 have changed my name from Youg Raj Singh Bhogal to Yog Raj Singh Bhogal. All Please Note.

## PUBLIC NOTICE

I Prem Singh son of Ram Chand resident of village Nurpur Dona, Tehsil & District Kapurthala, Punjab, India declare that my name has been wrongly mentioned as Premi on my driving licence No. PB-0919960037915 while my correct name is PREM SINGH as mentioned on other documents including Aadhar Card. The same may be corrected accordingly.

I Joginder Kaur W/o Saun Singh R/o Village Zahura Teh. Dasuya (Hoshiarpur) Punjab 144203, declare that my Passport No. H5674276 in my Husband Name wrongly written as Sawan Singh. But my Husband Correct name is Saun Singh. I want to renew my above Passport with correct name of my husband as Saun Singh.

## ਆਮ ਸੂਚਨਾ

ਮੈਂ ਹਰੀਸ਼ ਕੁਮਾਰ ਨੰਬਰਦਾਰ ਪੁੱਤਰ ਤਰਸੇਮ ਲਾਲ ਵਾਸੀ ਪਿੰਡ ਤੇ ਡਾਕਖਾਨਾ ਕੋਟ ਬਾਦਲ ਖਾਂ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਦੇਵ ਰਾਜ ਪੁੱਤਰ ਜਗਤ ਰਾਮ ਵਾਸੀ ਕੋਟ ਬਾਦਲ ਖਾਂ ਨੂੰ ਜਾਣਦਾ ਹਾਂ ਕਿ ਦੇਵ ਰਾਜ ਤੇ ਬਲਦੇਵ ਰਾਮ ਦੋਵੇਂ ਨਾਂਮ ਇਸ ਵਿਅਕਤੀ ਦੇ ਹਨ।

ਮੈਂ, ਜਸਵੀਰ ਕੌਰ ਪਤਨੀ ਸ੍ਰੀ ਲਖਵੀਰ ਸਿੰਘ ਵਾਸੀ ਮਕਾਨ ਨੰਬਰ ਬੀ 30/246 ਰੋਜ਼ ਪਾਰਕ, ਗੁਲਾਬ ਦੇਵੀ ਰੋਡ ਜਲੰਧਰ ਬਿਆਨ ਕਰਦੀ ਹਾਂ ਕਿ ਜੁਲਾਈ 2014 ਨੂੰ ਇਕ ਅਖਬਾਰ ਰਾਹੀਂ ਆਪਣੇ ਲੜਕੇ ਸਤਨਾਮ ਸਿੰਘ ਨੂੰ ਕਹਿਣੇਕਾਰ ਨਾਲ ਹੋਣ ਕਰਕੇ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿਚ ਹੈ ਅਤੇ ਮੇਰੀ ਸੇਵਾ-ਸੰਭਾਲ ਕਰਦਾ ਹਾਂ। ਹੁਣ ਮੈਂ ਆਪਣੇ ਵੱਲੋਂ ਦਿੱਤੇ ਬੇਦਖਲੀ ਨੋਟਿਸ ਨੂੰ ਵਾਪਸ ਲੈਂਦੀ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਦਾ ਬਰਾਬਰ ਦਾ ਹੱਕਦਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਹਰਬੰਸ ਲਾਲ ਪੁੱਤਰ ਬਹਾਦਰ ਚੰਦ ਵਾਸੀ ਮਕਾਨ ਨੰ. 164, ਗੜ੍ਹਾ, ਨੇੜੇ ਚਿੰਤਪੂਰਨੀ ਮੰਦਿਰ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੌਰਵ ਕਵਾਤਰਾ ਅਤੇ ਉਸਦੀ ਪਤਨੀ ਮਮਤਾ ਕਵਾਤਰਾ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 10-02-2022 ਨੂੰ ਅਖ਼ਬਾਰ ਵਿੱਚ ਦਿੱਤੇ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਸੌਰਵ ਕਵਾਤਰਾ ਅਤੇ ਉਸਦੀ ਪਤਨੀ ਮਮਤਾ ਕਵਾਤਰਾ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖ਼ਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ, ਮੋਹਨ ਸਿੰਘ ਪੁੱਤਰ ਲੇਟ ਬੰਤਾ ਸਿੰਘ ਵਾਸੀ ਪਿੰਡ ਭਾਗੋਕਾਵਾਂ, ਡਾਕਖਾਨਾ ਮਗਰਮੂੰਦੀਆਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਇਕ ਟਿਊਬਵੈੱਲ ਕੁਨੈਕਸ਼ਨ ਜਿਸ ਦਾ ਖਾਤਾ ਨੰਬਰ ਏ ਪੀ /10/0772 ਐੱਫ ਵਾਕਿਆ ਭਾਗੋਕਾਵਾਂ ਵਿਖੇ ਮੇਰੇ ਭਰਾ ਮ੍ਰਿਤਕ ਕਸ਼ਮੀਰ ਸਿੰਘ ਪੁੱਤਰ ਲੇਟ ਬੰਤਾ ਸਿੰਘ ਦੇ ਨਾਂਅ 'ਤੇ ਲੱਗਾ ਹੋਇਆ ਹੈ। ਜਿਸ ਨੂੰ ਮੈਂ ਆਪਣੇ ਨਾਂਅ 'ਤੇ ਬਦਲੀ ਕਰਵਾ ਰਿਹਾ ਹਾਂ। ਮ੍ਰਿਤਕ ਦੇ ਬਾਕੀ ਵਾਰਸਾਂ ਵੱਲੋਂ ਨੋ ਅਬਜੈਕਸ਼ਨ ਹਲਫੀਆ ਬਿਆਨ ਤਸਦੀਕਸ਼ੁਦਾ ਮੈਜਿਸਟਰੇਟ ਨਾਲ ਨੱਥੀ ਹੈ।

ਮੈਂ, ਸੁਖਵਿੰਦਰ ਕੌਰ ਪਤਨੀ ਸਤਬੀਰ ਸਿੰਘ ਵਾਸੀ ਪਿੰਡ ਦਈਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰੇ ਪੁੱਤਰ ਆਕਾਸ਼ਦੀਪ ਸਿੰਘ ਨੇ ਮੇਰੀ ਮਰਜੀ ਤੋਂ ਬਿਨਾ ਵਿਦੇਸ਼ ਵਿੱਚ ਵਿਆਹ ਕਰਵਾ ਲਿਆ ਹੈ। ਮੇਰਾ ਅੱਜ ਤੋਂ ਉਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਜੇਕਰ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਵਾ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਇਸ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੁਰਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਜੰਡੋਲੀ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਅਰਾਜੀ ਵਾਕਿਆ ਰਕਬਾ ਪਿੰਡ ਜੰਡੋਲੀ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਮਾਲਕੀ ਮੇਰੇ ਚਾਚਾ ਸ੍ਰੀ ਯੁਧਪਾਲ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਜੰਡੋਲੀ, ਜ਼ਿਲ੍ਹਾ ਹੁਸ਼ਿਆਰਪੁਰ ਦੀ ਹੈ। ਜਿਸ ਦੀ ਮੌਤ ਮਿਤੀ 03-02-2015 ਨੂੰ ਹੋ ਚੁੱਕੀ ਹੈ। ਪਰ ਉਕਤ ਅਰਾਜੀ ਦੇ ਰਿਕਾਰਡ ਵਿੱਚ ਮੇਰੇ ਚਾਚਾ ਜੀ ਦਾ ਨਾਮ ਰਛਪਾਲ ਸਿੰਘ ਗਲਤ ਲਿਖਿਆ ਗਿਆ ਹੈ। ਜਦਕਿ ਇਨ੍ਹਾਂ ਦਾ ਸਹੀ ਨਾਮ ਯੁਧਪਾਲ ਸਿੰਘ ਹੈ।

ਮੈਂ ਪਰਦੀਪ ਸਹਿਗਲ ਪੁੱਤਰ ਰਮੇਸ਼ ਸਹਿਗਲ ਨਿਵਾਸੀ ਪਲਾਟ ਨੰਬਰ 10, ਇਸਲਾਮ ਗੰਜ, ਜਲੰਧਰ, ਪੰਜਾਬ ਨੇ ਐਲਾਨ ਕੀਤਾ ਹੈ ਕਿ ਮੇਰਾ ਲਾਡੋਵਾਲੀ ਰੋਡ, ਜਲੰਧਰ ਵਿਖੇ ਅਮਰੀਕ ਸਿੰਘ ਦੇ ਨਾਮ 'ਤੇ HDFC ਬੈਂਕ ਆਈਡੀ ਕਾਰਡ ਨੰਬਰ 240401742100812 ਗੁੰਮ ਹੋ ਗਿਆ ਹੈ। DDR ਨੰਬਰ 3211778 ਮਿਤੀ 05.05.2025। ਜੇਕਰ ਕੋਈ ਵੀ ਮਿਲੇ ਤਾਂ ਕਿਰਪਾ ਕਰਕੇ 9888999220 'ਤੇ ਸੂਚਿਤ ਕਰੋ।

ਸਰਵਣ ਸਿੰਘ ਪੁੱਤਰ ਭਾਨਾ (ਭਗਵਾਨ ਸਿੰਘ ) ਵਾਸੀ ਪਿੰਡ ਕੁਲਾਰ ਜ਼ਿਲ੍ਹਾ ਜਲੰਧਰ ਦੇ ਨਾਂਅ 'ਤੇ ਰਕਬਾ ਗੋਬਿੰਦਗੜ੍ਹ ਵਿਖੇ ਚਲਦਾ ਸਾਡੇ 12 ਹਾਰਸ ਪਾਵਰ ਦਾ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ. ਪੀ. 01/ 1021 ਜੋ ਹੁਣ ਪਵਿੱਤਰ ਸਿੰਘ ਕੁਲਾਰੀਆ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਕੁਲਾਰ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ ਕਰਵਾਉਣ ਲਈ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰਕਾਮ ਖੇੜਾ ਦੋਨਾਂ ਪਾਸ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਇਸ ਦਫਤਰ ਨਾਲ ਸੰਪਰਕ ਕਰ ਸਕਦਾ ਹੈ।

ਇਸ ਦਫਤਰ ਅਧੀਨ ਪਰਗਟ ਸਿੰਘ ਪੁੱਤਰ ਸ੍ਰੀ ਰਾਜਾ ਸਿੰਘ ਵਾਸੀ ਪਿੰਡ ਤਾਲਬਵਾਲਾ , ਤਹਿ. ਬੁਢਲਾਡਾ, ਜਿਲਾ ਮਾਨਸਾ ਦੇ ਨਾਮ ਤੇ ਰਕਬਾ ਪਿੰਡ ਤਾਲਬਵਾਲਾ ਵਿਖੇ ਟਿਊਬਵੈਲ ਕੁਨੈਕਸ਼ਨ ਚਲ ਰਿਹਾ ਹੈ। ਜਿਸ ਦਾ ਖਾਤਾ ਨੰਬਰ ਏ.ਪੀ 32/112 ਹੈ। ਜਿਸ ਨੂੰ ਜਗਸੀਰ ਸਿੰਘ ਪੁੱਤਰ ਸ੍ਰੀ ਮਲਕੀਤ ਸਿੰਘ ਵਾਸੀ ਪਿੰਡ ਤਾਲਬਵਾਲਾ , ਤਹਿ ਬੁਢਲਾਡਾ, ਜਿਲਾ ਮਾਨਸਾ ਆਪਣੇ ਨਾਮ ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ। ਇਸ ਸਬੰਧੀ ਜੇਕਰ ਕਿਸੇ ਨੂੰ ਇਤਰਾਜ ਹੈ ਤਾਂ ਉਹ 15 ਦਿਨਾ ਦੇ ਅੰਦਰ-ਅੰਦਰ ਸਹਾਇਕ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਬੋਹਾ ਦਫਤਰ ਵਿਖੇ ਇਤਰਾਜ਼ ਕਰ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ T61AP140468K ਜੋ ਕਿ ਭਗਵੰਤ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਭੋਈਆਂ ਦੇ ਨਾਮ ਤੇ ਚੱਲਦਾ ਹੈ। ਇਸਨੂੰ ਬਲਵਿੰਦਰ ਕੌਰ ਪਤਨੀ ਅਮਰੀਕ ਸਿੰਘ ਵਾਸੀ ਭੋਈਆਂ ਆਪਣੇ ਨਾਮ ਕਰਵਾ ਰਹੀ ਹੈ । ਜੇਕਰ ਕਿਸੇ ਨੂੰ ਇਤਰਾਜ ਹੋਵੇ ਤਾਂ ਉਹ ਉਪ ਮੰਡਲ ਅਫਸਰ ਫਤਿਆਬਾਦ ਪੀ ਐਸ ਪੀ ਸੀ ਐਲ ਦਫਤਰ ਵਿਖੇ ਇੱਕ (1) ਮਹੀਨੇ ਦੇ ਅੰਦਰ-ਅੰਦਰ ਦਰਜ ਕਰਵਾ ਸਕਦਾ ਹੈ ।

ਇਸ ਦਫਤਰ ਅਧੀਨ ਕੁਲਵਿੰਦਰ ਸਿੰਘ ਪੁੱਤਰ ਗੁਰਭੇਜ ਸਿੰਘ ਵਾਸੀ ਪਿੰਡ ਸ਼ਤਰਾਣਾ ਤਹਿ ਪਾਤੜਾਂ, ਜਿਲਾ ਪਟਿਆਲਾ ਦੇ ਨਾਮ ਤੇ ਰਕਬਾ ਸ਼ਾਦੀਪੁਰ ਮੋਮੀਆਂ ਤਹਿਸੀਲ ਪਾਤੜਾਂ ਜਿਲ੍ਹਾ ਪਟਿਆਲਾ ਵਿਖੇ ਮੇਰੇ ਨਾਮ ਤੇ ਇੱਕ ਟਿਊਬਵੈਲ ਕੁਨੈਕਸ਼ਨ ਚਲ ਰਿਹਾ ਹੈ। ਜਿਸ ਦਾ ਖਾਤਾ ਨੰਬਰ ਐਸ.ਏ. 1403 ਹੈ। ਜੋ ਕਿ 15 ਹਾਰਸ ਪਾਵਰ ਹੈ । ਉਕਤ ਕੁਨੈਕਸ਼ਨ ਮੈ ਸਮੇਤ ਜਮੀਨ ਗੁਰਮੀਤ ਕੌਰ ਪਤਨੀ ਸੱਤਪਾਲ ਸਿੰਘ ਵਾਸੀ ਡਬਵਾਲੀ ਢਾਬ ਤਹਿ. ਮਲੋਟ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਦੇ ਦਿੱਤਾ ਹੈ । ਇਸ ਲਈ ਇਹ ਕੁਨੈਕਸ਼ਨ ਹੁਣ ਗੁਰਮੀਤ ਕੌਰ ਦੇ ਨਾਮ ਕੀਤਾ ਜਾਵੇ । ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ ਹੈ ਤਾਂ ਉਹ 15 ਦਿਨਾ ਦੇ ਅੰਦਰ ਅੰਦਰ ਬਿਜਲੀ ਦਫਤਰ ਸ਼ਤਰਾਣਾ ਵਿਖੇ ਇਤਰਾਜ ਕਰ ਸਕਦਾ ਹੈ।

## ਨਾਂਅ ਦੀ ਬਦਲੀ

ਮੈਂ ਬਲਵੀਰ ਪੁੱਤਰ ਸੁਲੱਖਣ ਸਿੰਘ ਵਾਸੀ ਉੱਪਲ ਨਿਵਾਸ ਗੁਰੂਹਰਸਹਾਏ ਰੋਡ ਸ੍ਰੀ ਮੁਕਤਸਰ ਸਾਹਿਬ ਨੇ ਆਪਣਾ ਨਾਮ ਬਦਲ ਕੇ ਬਲਬੀਰ ਸਿੰਘ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਹਰਜਿੰਦਰ ਸਿੰਘ ਪੁੱਤਰ ਸੋਹਨ ਸਿੰਘ, ਵਾਸੀ ਮਕਾਨ ਨੰਬਰ 59, ਰੋਜ ਇਨਕਲੇਵ, ਪਿੰਡ ਬੁਲਾਰਾ (ਲੁਧਿਆਣਾ) ਆਪਣੀ ਲੜਕੀ ਰਾਜ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਬਲਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਕਾਉਂਕੇ, ਅਟਾਰੀ, ਅੰਮ੍ਰਿਤਸਰ ਆਪਣੇ ਲੜਕੇ ਜਰਨੈਲ ਸਿੰਘ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਪਰਿਵਾਰ ਸਮੇਤ ਆਪਣੀ ਚੱਲ ਅਚੱਲ, ਜੁੱਧਵੀ ਅਣਜੁੱਧਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਜਰਨੈਲ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ, ਪਰਵਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਹੈਰੇ ਕੈਰੇ ਪੱਤੀ, ਪਿੰਡ ਹਿੰਮਤਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨਵਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੀ ਕੋਈ ਗੱਲ ਨਹੀਂ ਮੰਨਦੀ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਤੇਜ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਭਲੂਰ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ (ਪੰਜਾਬ) ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕਰਮਵੀਰ ਕੌਰ ਉਰਫ ਕਿਰਨ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੀ ਕੋਈ ਗੱਲ ਨਹੀਂ ਮੰਨਦੀ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਲਖਵਿੰਦਰ ਕੌਰ ਵਿਧਵਾ ਸ੍ਰੀ ਕੁਲਵੰਤ ਸਿੰਘ ਵਾਸੀ ਪਿੰਡ ਰਾਣੀ ਪਿੰਡ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਮਨਪ੍ਰੀਤ ਸਿੰਘ (42 ਸਾਲ) ਅਤੇ ਨੂੰਹ ਕਿੰਦਰਜੀਤ ਕੌਰ (40 ਸਾਲ) ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਮੇਰਾ ਅਤੇ ਮੇਰੇ ਪਰਵਾਰ ਦਾ ਕੋਈ ਰਿਸ਼ਤਾ ਨਹੀਂ ਹੈ ਅਤੇ ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਬਹਿਲ)

ਮੈਂ ਸੁਰਿੰਦਰ ਪਾਲ ਪੁੱਤਰ ਧੰਨ ਰਾਜ ਵਾਸੀ ਬੁਢਲਾਡਾ ਜ਼ਿਲ੍ਹਾ ਮਾਨਸਾ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੋਣ ਕਰਕੇ ਬੁਰੀ ਸੰਗਤ ਦਾ ਸ਼ਿਕਾਰ ਹੋ ਚੁੱਕਾ ਹੈ । ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ, ਇਸ ਨਾਲ ਲੈਣ ਦੇਣ ਕਰਨ ਵਾਲਾ ਹਰ ਵਿਅਕਤੀ ਖੁਦ ਜ਼ੁੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾ ਮੇਰੇ ਪਰਿਵਾਰ ਦੀ ਕੋਈ ਵੀ ਜ਼ੁੰਮੇਵਾਰੀ ਨਹੀ ਹੋਵੇਗੀ। ਸਬੰਧਤ ਨੋਟ ਕਰਨ।

ਮੈਂ, ਹਰਬੰਸ ਲਾਲ ਪੁੱਤਰ ਸ੍ਰੀ ਹਰੀ ਰਾਮ ਵਾਸੀ ਪਿੰਡ ਦਬੁਰਜੀ, ਡਾਕਖਾਨਾ ਲੱਖਣ ਕਲਾਂ, ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੂਰਜ, ਮੇਰੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਸੂਰਜ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਰਣਜੀਤ ਸਿੰਘ ਪੁੱਤਰ ਨਸੀਬ ਚੰਦ ਅਤੇ ਪਲਵਿੰਦਰ ਕੌਰ ਪਤਨੀ ਰਣਜੀਤ ਸਿੰਘ, ਵਾਸੀ ਪਿੰਡ ਗੋਬਿੰਦਪੁਰ, ਪੋਸਟ ਆਫਿਸ ਨਿਜਰਾਂ ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਪਿੰਦਰ ਸਿੰਘ ਅਤੇ ਉਸ ਦੀ ਪਤਨੀ ਸਿਮਰਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰਕ ਮੈਂਬਰਾਂ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ ਹੈ। ਇਹਨਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਰਤਨ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਵਾਰਡ ਨੰਬਰ 12, ਗੜ੍ਹਸ਼ੰਕਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਹੇਸ਼ ਠਾਕੁਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਅਸੀਂ ਦੇਵ ਰਾਜ ਪੁੱਤਰ ਲੇਟ ਸੰਤ ਰਾਮ ਅਤੇ ਕਮਲੇਸ਼ ਰਾਣੀ ਪਤਨੀ ਦੇਵ ਰਾਜ ਵਸੀਆਨ ਸਾਈ ਕਾਲੋਨੀ ਕੋਟ ਸਦੀਕ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਹਰਨੇਕ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਹਰੀਸ਼ ਖੁਰਾਨਾ ਪੁੱਤਰ ਚਮਨ ਲਾਲ ਵਾ ਰੇਨੂੰ ਖੁਰਾਨਾ ਪਤਨੀ ਹਰੀਸ਼ ਖੁਰਾਨਾ ਵਾਸੀਆਨ ਮਕਾਨ ਨੰਬਰ 60-ਬੀ, ਕਾਲਾ ਸਿੰਘਾ ਰੋਡ, ਨਿਊ ਦਸ਼ਮੇਸ਼ ਨਗਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਵੈਭਵ ਖੁਰਾਨਾ ਵਾ ਉਸਦੀ ਪਤਨੀ ਸੁਰਭੀ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਆਸ਼ਾ ਦੇਵੀ ਪਤਨੀ ਭੁਪਿੰਦਰ ਸਿੰਘ ਵਾਸੀ ਮਕਾਨ ਨੰਬਰ 789, ਅਬਾਦੀ ਮਲਾਵੇ ਦੀ ਕੋਠੀ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗਗਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀ ਬਲਵਿੰਦਰ ਸਿੰਘ ਪੁਤਰ ਮਲੂਕ ਸਿੰਘ ਅਤੇ ਰੇਖਾ ਪਤਨੀ ਬਲਵਿੰਦਰ ਸਿੰਘ ਵਾਸੀ ਮਕਾਨ ਨੰਬਰ 3553, ਗਲੀ ਨੰਬਰ 4 ਮਕਬੂਲਪੁਰਾ ਮਹਿਤ ਰੋਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ ਸਾਡੇ ਕਹਿਣੇ ਤੋਂ ਬਾਹਰ ਹੈ ਅਸੀ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁਰ ਜਿਮੇਵਾਰ ਹੋਵੇਗਾ।

ਮੈਂ ਛਤਰਪਾਲ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ 22 ਸੁਲਤਾਨਵਿੰਡ ਰੋਡ, ਨੇੜੇ ਅਜੀਤ ਨਗਰ, ਰਜਿੰਦਰ ਨਗਰ ਅੰਮ੍ਰਿਤਸਰ ਆਪਣੇ ਲੜਕੇ ਮਸਤਕਨੂਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਰਸ਼ਪਾਲ ਸਿੰਘ ਪੁੱਤਰ ਰਣ ਸਿੰਘ ਵਾਸੀ ਮਕਾਨ ਨੰ. 143 ਗਲੀ ਨੰ.3, ਬਟਾਲਾ ਰੋਡ, ਵਿਜੇ ਨਗਰ, ਅੰਮ੍ਰਿਤਸਰ। ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਜੋਗਿੰਦਰ ਸਿੰਘ ਮੇਰੇ ਕਹਿਣੇ ਵਿੱਚ ਨਹੀਂ । ਮੈਂ ਉਸ ਨਾਲ ਆਪਣੇ ਸਾਰੇ ਸਬੰਧ ਤੋੜਦਾ ਹਾਂ । ਮੈਂ ਅਤੇ ਮੇਰਾ ਬਾਕੀ ਪਰਿਵਾਰ ਉਸ ਦੇ ਕਿਸੇ ਚੰਗੇ ਮਾੜੇ ਕੰਮ ਦਾ ਜਿੰਮੇਵਾਰ ਨਹੀਂ ਹੋਵੇਗਾ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ, ਤਰਸੇਮ ਸਿੰਘ ਪੁੱਤਰ ਜਗੀਰ ਸਿੰਘ ਅਤੇ ਨਿਰਮਲ ਕੌਰ ਪਤਨੀ ਤਰਸੇਮ ਸਿੰਘ ਵਾਸੀ ਪਿੰਡ ਲੱਖੋਵਾਲ, ਡਾਕਖਾਨਾ ਹੇਮਰਾਜਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਸਾਡਾ ਪੁੱਤਰ ਹਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਕਿਰਨ ਕੌਰ, ਜੋ ਸਾਡੇ ਅਤੇ ਸਾਡੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਸ਼ਮੀਰ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਨਵਾਂ ਪਿੰਡ ਬਹਾਦਰ, ਥਾਣਾ ਪੁਰਾਣਾ ਸ਼ਾਲਾ, ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਨੂੰਹ ਨਵਜੋਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਰਸ਼ਨ ਮਸੀਹ ਪੁੱਤਰ ਗਫੂਰ ਮਸੀਹ ਵਾਸੀ ਪਿੰਡ ਅਲੀਸ਼ੇਰ, ਡਾਕਖਾਨਾ ਭੋਪਰ ਸੈਦਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਜੋਹਨ ਮਸੀਹ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਕੁਮਾਰ ਪੁੱਤਰ ਰਾਮ ਲਾਲ ਵਾਸੀ ਮਕਾਨ ਨੰ. 888, ਵਹੀਂਦਾ ਗੜ੍ਹਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਭਿਨਵ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਿਕੋਸਰਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਮਿਡ ਡੇ ਮੀਲ ਰਾਸ਼ਨ ਚੋਰੀ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੁਲਸ ਥਾਣਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਪਿੰਡ ਨਿਕੋਸਰਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਬੀਤੀ ਰਾਤ ਚੋਰਾਂ ਨੇ ਸਕੂਲ ਦੀ ਕੰਧ ਪਾੜ ਕੇ ਬੱਚਿਆਂ ਨੂੰ ਦਿੱਤਾ ਜਾਂਦਾ ਮਿਡ ਡੇ ਮੀਲ ਰਾਸ਼ਨ ਅਤੇ ਕੀਮਤੀ ਸੌਦਾ ਚੋਰੀ ਹੋਣ ਦਾ ਮਾਮਲਾ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਧਿਆਪਕ ਰਾਜਵਿੰਦਰ ਸਿੰਘ, ਮੈਡਮ ਕਵਲਜੀਤ ਕੌਰ, ਮੈਡਮ ਮਨਦੀਪ ਕੌਰ ਅਤੇ ਗੁਰਜੀਤ ਕੌਰ ਇੰਚਾਰਜ ਮਿਡਲ ਸਕੂਲ ਨਿਕੋਸਰਾਂ, ਮਾਸਟਰ ਪ੍ਰਗਟ ਸਿੰਘ, ਇੰਦਰਜੀਤ ਕੌਰ, ਰਜਿੰਦਰ ਕੌਰ ਆਦਿ ਨੇ ਦੱਸਿਆ ਕਿ ਜਦ ਅਸੀਂ ਸਕੂਲ ਆਏ ਤਾਂ ਵੇਖਿਆ ਕਿ ਚੋਰਾਂ ਨੇ ਸਕੂਲ ਦੇ ਕਮਰੇ ਦੀ ਕੰਧ ਪਾੜੀ ਹੋਈ ਸੀ ਤੇ ਜਦੋਂ ਅੰਦਰ ਜਾ ਕੇ ਦੇਖਿਆ ਤਾਂ ਬੱਚਿਆਂ ਨੂੰ ਦਿੱਤਾ ਜਾਂਦਾ ਮਿਡ ਡੇ ਮੀਲ ਰਾਸ਼ਨ ਜਿਸ ਵਿੱਚ ਕਰੀਬ ਦੋ ਕੁਇੰਟਲ ਚਾਵਲ, ਡੇਢ ਕੁਇੰਟਲ ਕਣਕ ਅਤੇ ਖਾਣਾ ਬਣਾਉਣ ਸਾਰਾ ਸੌਦਾ ਚੋਰੀ ਹੋ ਚੁੱਕਿਆ ਸੀ ਤੇ ਉੱਥੇ ਹੀ ਸਕੂਲ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦਾ ਮੂੰਹ ਚੋਰਾਂ ਵੱਲੋਂ ਉੱਪਰ ਨੂੰ ਕੀਤੇ ਹੋਏ ਸਨ ਤੇ ਇੱਕ ਕੈਮਰਾ ਟੁੱਟਾ ਲਟਕ ਰਿਹਾ ਸੀ।ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਸਾਡੇ ਵੱਲੋਂ ਪਿੰਡ ਦੇ ਸਰਪੰਚ ਮਹਿੰਦਰ ਸਿੰਘ ਅਤੇ ਪੁਲਸ ਥਾਣਾ ਡੇਰਾ ਬਾਬਾ ਨਾਨਕ ਨੂੰ ਸੂਚਿਤ ਕੀਤਾ ਗਿਆ ਹੈ।ਸਰਪੰਚ ਮਹਿੰਦਰ ਸਿੰਘ ਅਤੇ ਪੁਲਸ ਪਾਰਟੀ ਸਮੇਤ ਪਹੁੰਚੇ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐਸ ਐਚ ਓ ਸਤਪਾਲ ਸਿੰਘ ਵੱਲੋਂ ਮੌਕਾ ਦੇਖਿਆ ਗਿਆ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਬ ਇੰਸਪੈਕਟਰ ਸੁੱਚਾ ਸਿੰਘ ਨੇ ਦੱਸਿਆ ਕਿ ਸਾਨੂੰ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਨਿਕੋਸਰਾਂ ਵਿੱਚ ਚੋਰੀ ਦੀ ਘਟਨਾ ਸਬੰਧੀ ਇਤਲਾਹ ਮਿਲੀ ਸੀ ਤੇ ਇੱਥੇ ਮੌਕਾ ਦੇਖਣ ਉਪਰੰਤ ਇਨ੍ਹਾਂ ਦੇ ਸਕੂਲ ਵਿੱਚੋਂ ਮਿਡ ਡੇ ਮੀਲ ਰਾਸ਼ਨ ਚੋਰੀ ਹੋਇਆ ਹੈ ਪਰ ਸਕੂਲ ਵੱਲੋਂ ਕੋਈ ਵੀ ਰਾਤ ਨੂੰ ਰਾਖੀ ਰੱਖਣ ਲਈ ਚੌਂਕੀਦਾਰ ਨਹੀਂ ਰੱਖਿਆ ਹੋਇਆ ਪਰ ਫਿਰ ਵੀ ਸਾਡੇ ਵੱਲੋਂ ਸਕੂਲ ਅਤੇ ਆਸ ਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਤੇ ਜਲਦੀ ਹੀ ਚੋਰਾਂ ਨੂੰ ਫੜ ਕੇ ਸਲਾਖਾਂ ਪਿੱਛੇ ਕੀਤਾ ਜਾਵੇਗਾ।

# 'ਆਈਡੀਆ ਰਾਈਜ਼' ਪ੍ਰੋਗਰਾਮ ਮਿਨੀ ਸ਼ਾਰਕ ਟੈਂਕ ਈਵੈਂਟ ਨਾਲ ਸਮਾਪਤ



ਬਠਿੰਡਾ, (ਪਰਵਿੰਦਰ ਜੀਤ ਸਿੰਘ) ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਇੱਕ ਪ੍ਰਭਾਵਸ਼ਾਲੀ ਮਿਨੀ ਸ਼ਾਰਕ ਟੈਂਕ ਈਵੈਂਟ ਨਾਲ ਆਪਣੇ 3 ਮਹੀਨੇ ਲੰਬੇ ਆਈਡੀਆ ਰਾਈਜ਼ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਸਮਾਪਤ ਕੀਤਾ।ਬਾਬਾ ਫ਼ਰੀਦ ਸਕੂਲ ਆਫ਼ ਇੰਟਰਪ੍ਰੀਨਿਓਰਸ਼ਿਪ (ਦੁਆਰਾ ਏਂਜਲਬਲੂ ਹੋਲਡਿੰਗ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਟਾਰਟਅੱਪ ਸੋਚ ਤੇ ਨਵੀਨਤਾ ਨੂੰ ਉਤਸ਼ਾਹਤ ਕਰਨਾ ਸੀ।

200 ਤੋਂ ਵੱਧ ਬਿਨੈਕਾਰਾਂ ਵਿੱਚੋਂ 30 ਹੋਣਹਾਰ ਵਿਦਿਆਰਥੀਆਂ ਨੂੰ ਚੁਣਿਆ ਗਿਆ ਅਤੇ ਅਸਲ-ਸੰਸਾਰ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਅੱਠ ਟੀਮਾਂ ਬਣਾਈਆਂ ਗਈਆਂ।ਡਿਜ਼ਾਈਨ ਥਿੰਕਿੰਗ ਅਤੇ ਬਿਜ਼ਨਸ ਮਾਡਲ ਕੈਨਵਸ ਵਰਗੇ ਤੀਬਰ ਸਲਾਹ ਸੈਸ਼ਨਾਂ, ਵਰਕਸ਼ਾਪਾਂ ਅਤੇ ਉੱਦਮੀ ਸਾਧਨਾਂ ਰਾਹੀਂ ਭਾਗੀਦਾਰਾਂ ਨੇ ਰਚਨਾਤਮਕ ਸਟਾਰਟਅੱਪ ਆਈਡੀਆ ਵਿਕਸਤ ਕੀਤੇ।ਇਹ ਪ੍ਰੋਗਰਾਮ ਇੱਕ ਡੈਮੋ ਡੇਅ ਨਾਲ ਸਮਾਪਤ ਹੋਇਆ, ਜਿੱਥੇ ਵਿਦਿਆਰਥੀਆਂ ਨੇ ਆਪਣੇ ਕਾਰੋਬਾਰੀ ਵਿਚਾਰ ਨਿਵੇਸ਼ਕਾਂ ਤੇ ਉਦਯੋਗਿਕ ਮਾਹਿਰਾਂ ਦੇ ਇੱਕ ਵਿਸ਼ੇਸ਼ ਪੈਨਲ ਦੇ ਸਾਹਮਣੇ ਪੇਸ਼ ਕੀਤੇ।ਇਸ ਵੱਕਾਰੀ ਪੈਨਲ ਵਿੱਚ ਸ੍ਰੀ ਪਿਊਸ਼ ਗੋਇਲ, ਸਹਿ-ਸੰਸਥਾਪਕ, ਏਂਜਲਬੇ ਹੋਲਡਿੰਗਜ਼ ਪ੍ਰਾਈਵੇਟ ਲਿਮਟਿਡ, ਸ਼੍ਰੀਮਤੀ ਨੇਹਾ ਅਰੋੜਾ, ਸੀ.ਓ.ਓ., ਪੀਆਈ ਰਾਹੀਂ ਨਾਰਥ ਰੀਜਨ, ਸ੍ਰੀ ਸਤਿੰਦਰ ਚੌਧਰੀ, ਸੀ.ਈ.ਓ, ਟੀਬੀਆਈ-ਆਈ.ਆਈ.ਐਸ.ਈ.ਆਰ, ਮੋਹਾਲੀ ਅਤੇ ਸ੍ਰੀ ਮਨੀਸ਼ ਵਰਮਾ, ਸਹਿ-ਸੰਸਥਾਪਕ ਤੇ ਸੀ.ਈ.ਓ, ਏਂਜਲਬਲੂ ਹੋਲਡਿੰਗਜ਼ ਪ੍ਰਾਈਵੇਟ ਲਿਮ: ਸ਼ਾਮਲ ਸਨ। ਰਚਨਾਤਮਕ ਸਟਾਰਟਅੱਪ ਵਿਚਾਰਾਂ ਦੀ ਪੇਸ਼ਕਾਰੀ ਤੋਂ ਬਾਅਦ ਸਿਖਰਲੀਆਂ ਤਿੰਨ ਜੇਤੂ ਟੀਮਾਂ ਵਜੋਂ ਦ ਡਿਜ਼ਾਸਟਰ ਕੰਟਰੋਲਰ (ਐਗਰੀਟੈਕ ਇਨੋਵੇਸ਼ਨ), ਨਿਰਵਾਣ-ਮਾਨਸਿਕ ਤੰਦਰੁਸਤੀ ਪਲੇਟਫਾਰਮ ਤੇ ਈਕੋਸਟਾਈਲ ਕ੍ਰੀਏਟਰ-ਟਿਕਾਊ ਫੈਸ਼ਨ ਬ੍ਰਾਂਡ ਆਦਿ ਨੂੰ ਚੁਣਿਆ ਗਿਆ।ਇਨ੍ਹਾਂ ਸਟਾਰਟਅੱਪ ਨੂੰ ਉਨ੍ਹਾਂ ਦੀ ਨਵੀਨਤਾ ਤੇ ਸਮਾਜਿਕ ਪ੍ਰਭਾਵ ਲਈ ਮਾਨਤਾ ਦਿੱਤੀ ਗਈ।ਆਈਡੀਆ ਰਾਈਜ਼ ਪ੍ਰੋਗਰਾਮ ਪੰਜਾਬ ਵਿੱਚ ਇੱਕ ਸਟਾਰਟਅੱਪ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

# ਇੰਟਰ ਸਕੂਲ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਮੁਲਤਵੀ

ਪਠਾਨਕੋਟ (ਦਵਿੰਦਰ ਸਿੰਘ) ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸੀਏਸ਼ਨ ਪਠਾਨਕੋਟ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿਆਲ ਅਤੇ ਜ਼ਿਲ੍ਹਾ ਕੋਚ ਭੁਪਿੰਦਰ ਸਿੰਘ ਨੇ ਦੱਸਿਆ ਕਿ 9 ਮਈ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਮਿਸ਼ਨ ਰੋਡ ਪਠਾਨਕੋਟ ਵਿੱਚ ਹੋਣ ਵਾਲੀ ਇੰਟਰ ਸਕੂਲ ਰੋਲਰ ਸਕੇਟਿੰਗ ਚੈਂਪੀਅਨਸ਼ਿਪ-2025 ਨੂੰ ਭਾਰਤ-ਪਾਕ ਵਿਚਕਾਰ ਪੈਦਾ ਹੋਏ ਤਣਾਅ ਅਤੇ ਸਕੂਲਾਂ ਵਿੱਚ ਪਈਆਂ ਛੁੱਟੀਆਂ ਕਾਰਨ ਆਗਾਮੀ ਸਮੇਂ ਲਈ ਸਥਗਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਟੂਰਨਾਮੈਂਟ ਬਾਰੇ ਜਾਣਕਾਰੀ ਹਾਲਾਤ ਸੁਧਾਰਨ ਹੋਣ ਤੋਂ ਬਾਅਦ ਜਲਦੀ ਦਿੱਤੀ ਜਾਵੇਗੀ।

# ਅੱਜ ਬਿਜਲੀ ਬੰਦ ਰਹੇਗੀ

ਭੀਖੀ (ਗੁਰਿੰਦਰ ਸਿੰਘ ਔਲਖ) 66 ਕੇ ਵੀ ਗ੍ਰਿਡ ਪਿੰਡ ਮੱਤੀ ਤੋਂ ਚੱਲਣ ਵਾਲੇ ਸਾਰੇ ਫੀਡਰਾਂ ਦੀ ਸਪਲਾਈ ਜ਼ਰੂਰੀ ਮੁਰੰਮਤ ਦੇ ਚਲਦਿਆਂ 9 ਮਈ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ। ਇਹ ਜਾਣਕਾਰੀ ਮਲਕੀਤ ਸਿੰਘ ਐਸਡੀਓ ਜੋਗਾ ਨੇ ਦਿੱਤੀ।

# ਭਾਜਪਾ ਆਗੂ ਢਿੱਲੋਂ ਨੇ ਪੀੜਤ ਪਰਵਾਰਾਂ ਨਾਲ ਕੀਤਾ ਦੁੱਖ ਸਾਂਝਾ



ਨਾਭਾ (ਵਰਿੰਦਰ ਵਰਮਾ) ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਕਾਰਜਕਾਰਨੀ ਮੈਂਬਰ ਤੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਗੁਰਤੇਜ ਸਿੰਘ ਢਿੱਲੋਂ ਨੇ ਸਮਾਣਾ-ਪਟਿਆਲਾ ਰੋਡ 'ਤੇ ਹੋਏ ਭਿਆਨਕ ਸੜਕ ਹਾਦਸੇ ਵਿੱਚ ਵਿਦਿਆਰਥੀਆਂ ਤੇ ਡਰਾਇਵਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।ਮ੍ਰਿਤਕਾਂ ਦੇ ਸਸਕਾਰ 'ਚ ਸ਼ਾਮਲ ਹੋ ਕੇ ਗੁਰਤੇਜ ਸਿੰਘ ਢਿੱਲੋਂ ਨੇ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਬੱਚੇ ਪਰਵਾਰ ਤੇ ਦੇਸ਼ ਦਾ ਭਵਿੱਖ ਹੁੰਦੇ ਹਨ, ਜਿਨ੍ਹਾਂ ਪਰਿਵਾਰਾਂ ਦੇ ਬੱਚਿਆਂ ਦੀ ਇਸ ਹਾਦਸੇ ਵਿੱਚ ਮੌਤ ਹੋਈ ਹੈ, ਉਨ੍ਹਾਂ ਦੀਆਂ ਤਾਂ ਖੁਸ਼ੀਆਂ ਹੀ ਖਤਮ ਹੋ ਗਈਆਂ ਹਨ।ਪੀੜਤ ਪਰਵਾਰਾਂ ਨੂੰ ਦੇਖ ਬਹੁਤ ਗਹਿਰਾ ਦੁੱਖ ਪਹੁੰਚਿਆ ਹੈ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਣ ਤੇ ਪਰਵਾਰਾਂ ਨੂੰ ਇਸ ਦੁੱਖ ਨੂੰ ਸਹਿਣ ਦਾ ਬਲ ਦੇਣ।ਇਸ ਤੋਂ ਬਾਅਦ ਢਿੱਲੋਂ ਨੇ ਰਜਿੰਦਰ ਹਸਪਤਾਲ ਵਿੱਚ ਜਾ ਕੇ ਦਾਖਲ ਬੱਚਿਆਂ ਦਾ ਹਾਲ ਚਾਲ ਜਾਣਿਆ।ਇਸ ਮੌਕੇ ਅਸ਼ਵਨੀ ਅਰੋੜਾ ਵੀ ਮੌਜੂਦ ਰਹੇ।ਇਸ ਤੋਂ ਬਾਅਦ ਗੁਰਤੇਜ ਸਿੰਘ ਢਿੱਲੋਂ ਨੇ ਪੰਜਾਬ ਦੇ ਸਿਹਤ ਸਿਸਟਮ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਦੇ ਸਿਹਤ ਮੰਤਰੀ ਪਟਿਆਲਾ ਤੋਂ ਹਨ, ਇਸ ਦੇ ਬਾਵਜੂਦ ਰਾਜਿੰਦਰਾ ਹਸਪਤਾਲ ਵਿੱਚ ਸਿਹਤ ਸਹੂਲਤਾਂ ਦੇਣ ਦੇ ਨਾਂਅ 'ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।ਰਾਜਿੰਦਰਾ ਹਸਪਤਾਲ 'ਚ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਸੁਪਰ ਸਪੈਸ਼ਲਿਟੀ ਹਸਪਤਾਲ ਬਣਿਆ ਹੋਇਆ ਹੈ, ਜਿੱਥੇ ਆਧੁਨਿਕ ਮਸ਼ੀਨਾਂ ਵੀ ਲੱਗੀਆਂ ਹੋਈਆਂ ਹਨ, ਪਰ ਇਸ ਦੇ ਬਾਵਜੂਦ, ਪੰਜਾਬ ਸਰਕਾਰ ਸਟਾਫ ਦੀ ਭਰਤੀ ਨਹੀਂ ਕਰ ਰਹੀ, ਜਿਸ ਕਾਰਨ ਲੋਕ ਉਸ ਮਸ਼ੀਨਰੀ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਹਨ।

# ਬਲੌਜ਼ਮਜ਼ ਕਾਨਵੈਂਟ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਾਇਆ




ਜਗਰਾਉਂ (ਅਮਿਤ ਖੰਨਾ) ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਾਇਆ ਗਿਆ, ਜਿਸ ਵਿੱਚ ਪਿਛਲੀਆਂ ਜਮਾਤਾਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਜਿੱਥੇ ਟਰਾਫ਼ੀਆਂ ਦਿੱਤੀਆਂ ਗਈਆਂ, ਉਸ ਦੇ ਨਾਲ ਹੀ ਉਨ੍ਹਾਂ ਨੂੰ ਕੈਸ਼ ਰਾਸ਼ੀ ਵਜੋਂ ਵਾਊਚਰ ਦੇ ਕੇ ਉਨ੍ਹਾਂ ਦੀ ਕੀਤੀ ਮਿਹਨਤ ਨੂੰ ਬਾਕੀ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਬਣਾਇਆ।ਇਸ ਮੌਕੇ ਕਿੰਡਰ ਗਾਰਡਨ ਦੇ ਵਿਦਿਆਰਥੀਆਂ ਤੋਂ ਲੈ ਕੇ ਵੱਡੀਆਂ ਜਮਾਤਾਂ ਦੇ ਸਾਰੇ ਵਿਦਿਆਰਥੀਆਂ ਨੂੰ ਇੱਕੋ ਲੜੀ ਤਹਿਤ ਪਰੋਇਆ।ਇਸ ਮੌਕੇ ਸਕੂਲ ਦੇ ਪ੍ਰਿੰ. ਡਾ. ਨਵਨੀਤ ਕੌਰ ਨੇ ਸਾਰੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦੇ ਪਾਤਰ ਦੱਸਦੇ ਹੋਏ ਕਿਹਾ ਕਿ ਇਹ ਹੱਥਾਂ ਵਿੱਚ ਫੜੇ ਇਨਾਮ ਇਨ੍ਹਾਂ ਲਈ ਵੱਡੇ ਹੌਸਲੇ ਹਨ, ਜੋ ਇਨ੍ਹਾਂ ਬੱਚਿਆਂ ਨੂੰ ਆਪਣੀਆਂ ਮੰਜ਼ਲਾਂ ਸਰ ਕਰਨ ਵਿੱਚ ਵੱਡਾ ਯੋਗਦਾਨ ਬਣਨਗੇ। ਬਾਕੀ ਵਿਦਿਆਰਥੀ ਇਹਨਾਂ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਚੱਲ ਰਹੀਆਂ ਜਮਾਤਾਂ ਵਿੱਚ ਚੰਗੀ ਮਿਹਨਤ ਕਰਨਗੇ ਤਾਂ ਜੁ ਆਉਣ ਵਾਲੇ ਦਿਨਾਂ ਵਿੱਚ ਉਹ ਅਜਿਹੇ ਸਮਾਰੋਹ ਦਾ ਹਿੱਸਾ ਬਣ ਸਕਣ।ਇਹ ਪ੍ਰੋਗਰਾਮ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਦੀ ਦੇਖ-ਰੇਖ ਵਿੱਚ ਹੋਇਆ।

9-MAY-PAGE-7.qxd 5/9/2025 1:00 AM Page 1



## ਇਮਾਮਾਂ ਦਾ ਵਫ਼ਦ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਨੂੰ ਮਿਲਿਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਦੇ ਇਮਾਮਾਂ ਦੀ ਸੰਸਥਾ ਦੇ ਉਪ ਪ੍ਰਧਾਨ ਤੇ ਮਰਕਜ਼ੀ ਜਾਮਾ ਮਸਜਿਦ ਰੋਪੜ ਦੇ ਇਮਾਮ ਸਈਅਦ ਅਜ਼ਹਰ ਹੁਸੈਨ ਦੀ ਅਗਵਾਈ 'ਚ ਇਮਾਮਾਂ ਦਾ ਇੱਕ ਵਫ਼ਦ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਹਾਜੀ ਮੁਹੰਮਦ ਉਵੈਸ ਨੂੰ ਮਿਲਿਆ।ਉਨ੍ਹਾਂ ਚੇਅਰਮੈਨ ਦੇ ਚੰਗੇ ਕਾਰਜਕਾਲ ਦੀ ਕਾਮਨਾ ਕਰਦੇ ਹੋਏ ਹਾਜੀ ਮੁਹੰਮਦ ਉਵੈਸ ਨੂੰ ਮੁਬਾਰਕਬਾਦ ਦਿੱਤੀ।ਇਸ ਸਬੰਧ 'ਚ ਮੌਲਵੀ ਸਈਅਦ ਅਜ਼ਹਰ ਹੁਸੈਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਪੰਜਾਬ ਵਕਫ਼ ਬੋਰਡ ਦੀ ਵਾਗਡੋਰ ਇੱਕ ਮਿਹਨਤੀ, ਇਮਾਨਦਾਰ ਤੇ ਸੂਝਵਾਨ ਵਿਅਕਤੀ ਦੇ ਹੱਥ 'ਚ ਆ ਗਈ ਹੈ, ਜਿਸ ਦੇ ਮਨ ਵਿੱਚ ਕੌਮ ਦੀ ਸੇਵਾ ਕਰਨ ਦਾ ਜਜ਼ਬਾ ਹੈ।ਹਾਜੀ ਮੁਹੰਮਦ ਉਵੈਸ ਦੇ ਕਾਰਜਕਾਲ ਦੌਰਾਨ ਵਕਫ਼ ਬੋਰਡ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਵੱਲ ਵਧੇਗਾ।ਸ੍ਰੀ ਅਜ਼ਹਰ ਹੁਸੈਨ ਨੇ ਕਿਹਾ ਕਿ ਪੰਜਾਬ ਵਕਫ਼ ਬੋਰਡ ਵੱਲੋਂ ਬਹੁਤ ਘੱਟ ਮਿਹਨਤਾਨਾ ਦਿੱਤਾ ਜਾ ਰਿਹਾ ਹੈ।ਮਹਿੰਗਾਈ ਦੇ ਇਸ ਦੌਰ 'ਚ ਇਮਾਮਾਂ ਨੂੰ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰਨ 'ਚ ਬਹੁਤ ਮੁਸ਼ਕਲ ਆ ਰਹੀ ਹੈ।ਘੱਟ ਆਮਦਨ ਹੋਣ ਦੇ ਕਾਰਨ ਇਮਾਮ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਨਹੀਂ ਦਿਲਾ ਸਕਦੇ।ਉਨ੍ਹਾਂ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਤੋਂ ਮੰਗ ਕੀਤੀ ਕਿ ਇਮਾਮਾਂ ਦੀਆਂ ਤਨਖਾਹਾਂ 'ਚ ਕੀਤਾ ਜਾ ਰਿਹਾ ਸਾਲਾਨਾ ਵਾਧਾ 5 ਪ੍ਰਤੀਸ਼ਤ ਦੀ ਬਜਾਏ 20 ਪ੍ਰਤੀਸ਼ਤ ਕੀਤਾ ਜਾਵੇ।ਰਿਟਾਇਰਮੈਂਟ ਦੇ ਸਮੇਂ ਦਿੱਤੀ ਜਾਣ ਵਾਲੀ ਰਾਸ਼ੀ ਦਸ ਲੱਖ ਰੁਪਏ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਇਮਾਮ 24 ਘੰਟੇ ਡਿਊਟੀ ਕਰਦੇ ਹਨ, ਇਸ ਲਈ ਉਨ੍ਹਾਂ ਦੀਆਂ ਛੁੱਟੀਆਂ 'ਚ ਵੀ ਵਾਧਾ ਕੀਤਾ ਜਾਵੇ।ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਹਾਜੀ ਮੁਹੰਮਦ ਉਵੈਸ ਨੇ ਇਮਾਮਾਂ ਦੇ ਵਫ਼ਦ ਨੂੰ ਭਰੋਸਾ ਦਿਲਾਇਆ ਕਿ ਇਨ੍ਹਾਂ ਸਾਰੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।ਵਫ਼ਦ 'ਚ ਇਮਾਮ ਹਾਫਿਜ਼ ਮੁਹੰਮਦ ਨਾਜਿਮ ਬਠਿੰਡਾ, ਕਾਰੀ ਮੁਹੰਮਦ ਸਲਮਾਨ ਛੱਤ ਮੁਹਾਲੀ, ਹਾਫਿਜ਼ ਵਲੀ ਉਦ ਦੀਨ, ਹਾਫਿਜ਼ ਮੁਹੰਮਦ ਨਾਸਿਰ, ਹਾਫਿਜ਼ ਮੁਹੰਮਦ ਇਸ਼ਰਾਕ ਤੇ ਇਮਾਮ ਮੁਹੰਮਦ ਇਰਸ਼ਾਦ ਸ਼ਾਮਲ ਸਨ।

## ਨਗਰ ਪੰਚਾਇਤ ਭਗਤਾ ਦਾ ਸੁਪਰਡੈਂਟ ਉਡਾ ਰਿਹੈ ਸਰਕਾਰੀ ਹੁਕਮਾਂ ਦੀਆਂ ਧੱਜੀਆਂ

**ਬਠਿੰਡਾ (ਰਾਜੀਵ ਗੋਇਲ)**

ਇੱਕ ਪਾਸੇ ਤਾਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਦਫਤਰਾਂ ਵਿੱਚ ਆਮ ਲੋਕਾਂ ਦੀ ਖੱਜਲ ਖੁਆਰੀ ਨੂੰ ਲੈ ਕੇ ਵੱਖ-ਵੱਖ ਕਦਮ ਚੁੱਕੇ ਜਾ ਰਹੇ ਹਨ, ਇੱਥੋਂ ਤੱਕ ਸਰਕਾਰੀ ਬਾਬੂਆਂ ਦੇ ਡਿਊਟੀ 'ਤੇ ਆਉਣ ਜਾਣ ਨੂੰ ਲੈ ਕੇ ਸਮੇਂ-ਸਮੇਂ 'ਤੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ, ਸਗੋਂ ਪਿਛਲੇ ਦਿਨੀਂ ਟਰਾਂਸਪੋਰਟ ਦਫਤਰਾਂ ਵਿੱਚ ਇਨ੍ਹਾਂ ਅਧਿਕਾਰੀਆਂ ਦੀ ਡਿਜੀਟਲ ਹਾਜ਼ਰੀ ਯਕੀਨੀ ਬਣਾਉਣ ਲਈ ਮਸ਼ੀਨਾਂ ਲਗਾਉਣ ਬਾਰੇ ਕਿਹਾ ਗਿਆ ਹੈ, ਇੱਥੋਂ ਤੱਕ ਇਹ ਮਸ਼ੀਨਾਂ ਤਹਿਸੀਲਦਾਰ ਦਫਤਰਾਂ ਵਿੱਚ ਵੀ ਲਗਾਏ ਜਾਣ ਦੀ ਗੱਲ ਆਖੀ ਜਾ ਰਹੀ ਹੈ, ਪਰ ਦੂਜੇ ਪਾਸੇ ਨਗਰ ਪੰਚਾਇਤ ਭਗਤਾ ਵਿਖੇ ਤਾਇਨਾਤ ਸੁਪਰਡੈਂਟ ਸਾਹਿਬ ਇਨ੍ਹਾਂ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸ਼ਰੇਆਮ ਨਜ਼ਰ ਆ ਰਹੇ ਹਨ। ਉਕਤ ਅਧਿਕਾਰੀ ਦਾ ਡਿਊਟੀ 'ਤੇ ਆਉਣ ਜਾਣ ਦਾ ਕੋਈ ਸਮਾਂ ਸਾਰਨੀ ਨਹੀਂ ਹੈ। ਕੁਝ ਦਿਨ ਪਹਿਲਾਂ ਵੀ

### ■ ਨੋਟਿਸ ਜਾਰੀ ਕਰਕੇ ਵਿਭਾਗੀ ਕਾਰਵਾਈ ਕਰਾਂਗੇ : ਐੱਸ ਡੀ ਐੱਮ



ਇਹ ਮਾਮਲਾ ਉੱਚ-ਅਧਿਕਾਰੀਆਂ ਦੇ ਧਿਆਨ ਹਿੱਤ ਕਰਵਾਇਆ ਗਿਆ ਸੀ, ਜਿਸ ਤੋਂ ਬਾਅਦ ਉਕਤ ਅਧਿਕਾਰੀ 'ਤੇ ਕੁਝ ਕੁ ਦਿਨ ਤਾਂ ਅਸਰ ਰਿਹਾ ਪਰ ਪਰਨਾਲਾ ਮੁੜ ਉੱਥੇ ਦਾ ਉੱਥੇ ਨਜ਼ਰ ਆਇਆ। ਅੱਜ ਜਦੋਂ ਨਗਰ ਪੰਚਾਇਤ ਭਗਤਾ ਦੇ ਦਫਤਰ ਜਾ ਕੇ ਦੇਖਿਆ ਤਾਂ ਉਕਤ ਸੁਪਰਡੈਂਟ ਕਰੀਬ 09.15 ਮਿੰਟ ਦਾ ਸਮਾਂ ਹੋਣ ਦੇ ਬਾਵਜੂਦ ਉੱਥੇ ਡਿਊਟੀ 'ਤੇ ਹਾਜ਼ਰ ਨਹੀਂ ਸੀ ਅਤੇ ਨਾਲ ਦੇ ਕਰਮਚਾਰੀਆਂ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬਸ ਛੇਤੀ ਆ ਜਾਣਗੇ। ਪਰ ਜਦੋਂ ਅਸਲੀਅਤ ਸਾਫ ਕੀਤੀ ਗਈ ਤਾਂ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਕਿ ਜਨਾਬ ਨਿਸ਼ਚਿਤ ਸਮੇਂ ਤੋਂ ਕਰੀਬ 45 ਮਿੰਟ ਦਫਤਰ ਲੇਟ ਪਹੁੰਚਦੇ ਹਨ। ਸੰਬੰਧਤ ਸੁਪਰਡੈਂਟ ਨਾਲ ਸੰਪਰਕ ਨਾ ਹੋਣ 'ਤੇ ਜਦੋਂ ਦੂਜੇ ਪਾਸੇ ਐੱਡ.ਡੀ.ਐੱਮ. ਫੂਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸੰਬੰਧਤ ਕਾਰਜ ਸਾਧਕ ਅਫਸਰ ਨੂੰ ਕਹਿ ਕੇ ਨੋਟਿਸ ਜਾਰੀ ਕਰਵਾ ਕੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਦੱਸਣਾ ਬਣਦਾ ਹੈ ਕਿ ਉਕਤ ਸੁਪਰਡੈਂਟ ਪਹਿਲਾਂ ਵੀ ਅਖਬਾਰਾਂ ਦੀਆਂ ਸੁਰਖੀਆਂ ਬਣ ਚੁੱਕਿਆ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਉਕਤ ਸੁਪਰਡੈਂਟ ਖਿਲਾਫ ਉੱਚ-ਅਧਿਕਾਰੀਆਂ ਵੱਲੋਂ ਸੂਬੇ ਦੇ ਮੁੱਖ ਮੰਤਰੀ ਦੇ ਹੁਕਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਕਾਰਵਾਈ ਕੀਤੀ ਜਾਂਦੀ ਹੈ? ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

## ਰੋਹਿਤ ਜਿੰਦਲ ਨੇ ਸੰਭਾਲਿਆ ਡਿਪਟੀ ਮਾਸ ਮੀਡੀਆ ਅਫ਼ਸਰ ਦਾ ਅਹੁਦਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਰੋਹਿਤ ਜਿੰਦਲ ਨੇ ਬਤੌਰ ਡਿਪਟੀ ਮਾਸ ਮੀਡੀਆ ਅਫ਼ਸਰ ਅਹੁਦਾ ਸੰਭਾਲ ਲਿਆ ਹੈ।ਉਹ ਇਸ ਤੋਂ ਪਹਿਲਾਂ ਸੀ.ਐਚ.ਸੀ ਨਥਾਣਾ ਵਿਖੇ ਬਤੌਰ ਬਲਾਕ ਐਜੂਕੇਟਰ ਕੰਮ ਕਰ ਰਹੇ ਸਨ।ਪੰਜਾਬ ਸਰਕਾਰ ਨੇ ਹਾਲ ਵਿੱਚ ਹੀ ਉਨ੍ਹਾਂ ਨੂੰ ਤਰੱਕੀ ਦੇ ਕੇ ਡਿਪਟੀ ਮਾਸ ਮੀਡੀਆ ਅਫ਼ਸਰ ਬਣਾਇਆ ਸੀ।ਰੋਹਿਤ ਜਿੰਦਲ ਦੀ ਨਿਯੁਕਤੀ ਤੇ ਕਾਰਜਕਾਰੀ ਸਿਵਲ ਸਰਜਨ ਡਾ ਰਮਨਦੀਪ ਸਿੰਗਲਾ, ਜ਼ਿਲ੍ਹਾ ਸਿਹਤ ਅਫ਼ਸਰ ਡਾ ਊਸ਼ਾ ਗੋਇਲ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਸੁਖਜਿੰਦਰ ਸਿੰਘ ਗਿੱਲ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਪਵਨ ਕੁਮਾਰ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਮਲਕੀਤ ਕੌਰ ਨੇ ਉਨ੍ਹਾਂ ਨੂੰ ਜੁਆਇਨ ਕਰਾਇਆ। ਰੋਹਿਤ ਜਿੰਦਲ ਨੇ ਕਿਹਾ ਕਿ ਮਾਸ ਮੀਡੀਆਂ ਵਿੰਗ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਵਿੰਗ ਵਿੱਚ ਨਿਯੁਕਤ ਸਹਿਯੋਗੀਆਂ ਨੂੰ ਨਾਲ ਲੈ ਕੇ ਚੱਲਣਗੇ।ਉਨ੍ਹਾਂ ਦੀ ਨਿਯੁਕਤੀ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ ਰਣਜੀਤ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਕੇਵਲ ਸਿੰਘ ਤੇ ਫੂਡ ਇੰਸਪੈਕਟਰ ਮਾਨਸਾ ਅਮਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਕੈਂਸਰ ਦੇ ਸ਼ੱਕੀ ਮਰੀਜ਼ਾਂ ਦੀ ਮੁਢਲੀ ਸਟੇਜ 'ਤੇ ਹੀ ਕੀਤੀ ਜਾਵੇ ਪਹਿਚਾਣ : ਸਿਹਤ ਮੰਤਰੀ

### ਡਾ. ਬਲਬੀਰ ਸਿੰਘ ਵੱਲੋਂ ਜ਼ਿਲ੍ਹਾ ਹਸਪਤਾਲ ਦਾ ਅਚਨਚੇਤ ਦੌਰਾ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਸੰਸਥਾਵਾਂ ਵਿੱਚ ਇਲਾਜ ਕਰਾਉਣ ਲਈ ਆਉਣ ਵਾਲੇ ਮਰੀਜ਼ਾਂ ਦੀ ਜਾਂਚ ਦੌਰਾਨ ਕੈਂਸਰ ਦੇ ਸ਼ੱਕੀ ਮਰੀਜ਼ਾਂ ਦੀ ਮੁਢਲੀ ਸਟੇਜ 'ਤੇ ਹੀ ਪਹਿਚਾਣ ਕਰਨੀ ਯਕੀਨੀ ਬਣਾਈ ਜਾਵੇ ਤਾਂ ਕਿ ਸਮੇਂ ਸਿਰ ਕੈਂਸਰ ਦਾ ਸਹੀ ਇਲਾਜ ਕੀਤਾ ਜਾ ਸਕੇ। ਇਹ ਹਦਾਇਤਾਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਜ਼ਿਲ੍ਹਾ ਹਸਪਤਾਲ ਦੀ ਕੀਤੀ ਅਚਨਚੇਤ ਚੈਕਿੰਗ ਮੌਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀਆਂ।ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਔਰਤਾਂ ਵਿੱਚ ਬੱਚੇਦਾਨੀ ਦੇ ਮੂੰਹ ਦਾ ਕੈਂਸਰ (ਸਰਵਿਕਸ) ਤੇ ਛਾਤੀ ਦੇ ਕੈਂਸਰ ਦੀ ਸਮੇਂ ਸਿਰ ਪਹਿਚਾਣ ਨਾ ਹੋਣ ਕਾਰਨ ਇਹ ਬਿਮਾਰੀ ਗੰਭੀਰ ਰੂਪ ਧਾਰਨ ਕਰ ਲੈਂਦੀ, ਇਸ ਲਈ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਉਨ੍ਹਾਂ ਮੌਕੇ 'ਤੇ ਹਾਜ਼ਰ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੂੰ ਵੀ ਹਦਾਇਤ ਕੀਤੀ ਕਿ ਸਮੂਹ ਸਿਹਤ ਕੇਂਦਰਾਂ ਵਿੱਚ ਵੀ ਕੈਂਸਰ ਦੀ ਸਕਰੀਨਿੰਗ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਵੇ।ਸਿਹਤ ਮੰਤਰੀ ਨੇ ਇਸ ਚੈਕਿੰਗ ਦੌਰਾਨ ਰਜਿਸਟਰੇਸ਼ਨ ਕਾਊਂਟਰ, ਗਾਇਨੀ ਓਪੀਡੀ, ਬੱਚਿਆਂ ਦੀ ਓਪੀਡੀ ਤੇ ਹਸਪਤਾਲ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਹੋਰ ਸਿਹਤ ਸਹੂਲਤਾਂ ਦਾ ਨਿਰੀਖਣ ਕੀਤਾ।ਉਨ੍ਹਾਂ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ ਤੇ ਤਸੱਲੀ ਪ੍ਰਗਟ ਕੀਤੀ।ਸਿਹਤ ਮੰਤਰੀ ਨੇ ਕਿਹਾ ਕਿ ਮਰੀਜ਼ਾਂ ਨੂੰ ਕੋਈ ਵੀ ਦਵਾਈ ਬਾਹਰੋਂ ਨਾ ਲਿਖੀ ਜਾਵੇ ਤੇ ਸਾਰੀਆਂ ਦਵਾਈਆਂ ਹਸਪਤਾਲ ਦੇ ਅੰਦਰੋਂ ਹੀ ਦੇਣੀਆਂ ਯਕੀਨੀ ਬਣਾਈਆਂ ਜਾਣ।ਉਨ੍ਹਾਂ ਕਿਹਾ ਕਿ ਮਰੀਜ਼ਾਂ ਦੇ ਲੈਬਾਰਟਰੀ ਟੈਸਟ, ਐਕਸਰੇ, ਅਲਟਰਾਸਾਊਂਡ ਆਦਿ ਸਾਰੇ ਹਸਪਤਾਲ ਵਿੱਚੋਂ ਹੀ ਕਰਵਾਉਣੇ ਯਕੀਨੀ ਬਣਾਏ ਜਾਣ।ਉਨ੍ਹਾਂ ਕਿਹਾ ਕਿ ਮਰੀਜ਼ਾਂ ਨਾਲ ਹਮਦਰਦੀ ਨਾਲ ਪੇਸ਼ ਆਇਆ ਜਾਵੇ ਤੇ ਹਰ ਸੰਭਵ ਸਹਾਇਤਾ ਕੀਤੀ ਜਾਵੇ।

## ਵਿਜ਼ਡਮ ਵਰਲਡ ਸਕੂਲ ਵਿਖੇ ਇਨਵੈਸਚਰ ਸੈਰੇਮਨੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਿਜ਼ਡਮ ਵਰਲਡ ਸਕੂਲ ਦੇ ਚੇਅਰਮੈਨ ਸ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਇਨਵੈਸਚਰ ਸੈਰੇਮਨੀ ਰਾਹੀਂ ਲੀਡਰਸ਼ਿਪ ਤੇ ਜ਼ਿੰਮੇਵਾਰੀ ਦੀ ਭਾਵਨਾ ਦਾ ਆਯੋਜਨ ਕੀਤਾ।ਇਸ ਸਮਾਗਮ ਨੇ 2025-26 ਦੇ ਅਕਾਦਮਿਕ ਸੈਸ਼ਨ ਲਈ ਸਟੂਡੈਂਟ ਕਾਉਂਸਿਲ ਦੀ ਰਸਮੀ ਸ਼ੁਰੂਆਤ ਨੂੰ ਦਰਸਾਇਆ।ਸਮਾਰੋਹ ਦੀ ਸ਼ੁਰੂਆਤ ਸਕੂਲ ਲੀਡਰਸ਼ਿਪ ਦੇ ਪ੍ਰੇਰਣਾਦਾਇਕ ਸ਼ਬਦਾਂ ਨਾਲ ਹੋਈ, ਜਿਸ ਵਿੱਚ ਇਮਾਨਦਾਰੀ, ਅਨੁਸ਼ਾਸਨ, ਵਚਨਬੱਧਤਾ ਤੇ ਸੇਵਾ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ।ਸਕੂਲ ਵਿੱਚ ਨਵੇਂ ਨਿਯੁਕਤ ਵਿਦਿਆਰਥੀ ਆਗੂਆਂ 'ਚ ਹੈੱਡ ਬੁਆਏ ਦਿਲਪ੍ਰੀਤ ਸਿੰਘ, ਹੈੱਡ ਗਰਲ ਹਰ ਰਸ਼ਮੀਤ ਕੌਰ, ਅਨੁਸ਼ਾਸਨ ਕੈਪਟਨ ਰਮਨੀਤ ਕੌਰ, ਸਿਹਤ ਕੈਪਟਨ ਸ਼ਰਧਾ, ਸਪੋਰਟਸ ਕੈਪਟਨ ਬੁਆਏ ਅਰਮਾਨ ਤੇ ਸਪੋਰਟਸ ਕੈਪਟਨ ਗਰਲ ਮਨਜੋਤਪ੍ਰੀਤ ਕੌਰ ਚੁਣੇ ਗਏ। ਇਸ ਦੇ ਨਾਲ ਨਾਲ ਸਤਲੁਜ ਹਾਊਸ ਦੇ ਕੈਪਟਨ ਇਸਟਪ੍ਰੀਤ ਸਿੰਘ ਤੇ ਜੈਸਮੀਨ ਸ਼ਰਮਾ, ਰਾਵੀ ਹਾਊਸ ਦੇ ਕੈਪਟਨ ਅਜੈਪਾਲ ਸਿੰਘ ਤੇ ਰਵਨੀਤ ਕੌਰ, ਚਨਾਬ ਹਾਊਸ ਦੇ ਕੈਪਟਨ ਅਰਮਾਨਦੀਪ ਸਿੰਘ ਤੇ ਗੁਰਮਨਦੀਪ ਕੌਰ ਅਤੇ ਜੇਹਲਮ ਹਾਊਸ ਦੀ ਕੈਪਟਨ ਹਰਜੋਤ ਸਿੰਘ ਤੇ ਮਨਦੀਪ ਕੌਰ ਚੁਣੇ ਗਏ।ਇਹ ਸਮਾਰੋਹ ਵਿਦਿਆਰਥੀਆਂ 'ਤੇ ਉਨ੍ਹਾਂ ਦੇ ਪਰਵਾਰਾਂ ਲਈ ਇੱਕ ਮਾਣ ਵਾਲਾ ਪਲ ਸੀ, ਕਿਉਂਕਿ ਕੌਂਸਲ ਮੈਂਬਰਾਂ ਨੇ ਅਹੁਦੇ ਦੀ ਸਹੁੰ ਚੁੱਕੀ ਤੇ ਸਕੂਲ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦਾ ਪ੍ਰਣ ਲਿਆ। ਉਨ੍ਹਾਂ ਨੂੰ ਇੱਕ ਸ਼ਾਨਦਾਰ ਪ੍ਰੋਗਰਾਮ ਵਿੱਚ ਬੈਜ ਤੇ ਸੈਸ਼ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੀ ਨਵੀਂ ਚੁਣੀ ਗਈ ਕੌਂਸਲ ਨੂੰ ਪ੍ਰਿੰਸੀਪਲ ਸੁਮਨ ਰਾਣੀ ਵੱਲੋਂ ਵਧਾਈ ਦਿੱਤੀ ਗਈ ਤੇ ਉਨ੍ਹਾਂ ਨੂੰ ਆਤਮਵਿਸ਼ਵਾਸੀ, ਹਮਦਰਦ ਤੇ ਜ਼ਿੰਮੇਵਾਰ ਆਗੂ ਬਣਨ ਲਈ ਉਤਸ਼ਾਹਤ ਕੀਤਾ।ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ, ਜੋ ਕਿ ਨੌਜਵਾਨ ਨਿਯੁਕਤੀਆਂ ਲਈ ਇੱਕ ਵਾਅਦਾ ਕਰਨ ਵਾਲੀ ਲੀਡਰਸ਼ਿਪ ਯਾਤਰਾ ਦੀ ਸ਼ੁਰੂਆਤ ਸੀ।ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਕੂਲ ਦੇ ਪ੍ਰਿੰਸੀਪਲ ਸੋਨੀਆ, ਕੋਆਰਡੀਨੇਟਰ ਮੈਡਮ ਪੂਨਮ ਸ਼ਰਮਾ, ਮੈਡਮ ਮਨਜੀਤ ਕੌਰ, ਮੈਡਮ ਸਵਿੰਕਲ, ਮੈਡਮ ਹਰਮਨਜੀਤ ਕੌਰ ਤੇ ਮੈਡਮ ਨਿਸ਼ੂ ਨੇ ਯੋਗਦਾਨ ਦਿੱਤਾ।

## ਜਬਰ ਜਨਾਹ ਦੇ ਦੋਸ਼ 'ਚ ਇਕ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਇੱਕ ਪਿੰਡ ਵਿੱਚ ਮੰਦਬੁੱਧੀ ਲੜਕੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇੱਕ ਨੌਜਵਾਨ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੰਦਬੁੱਧੀ ਲੜਕੀ ਦੀ ਮਾਂ ਨੇ ਦੱਸਿਆ ਕਿ ਉਸ ਦੇ ਤਿੰਨ ਬੱਚੇ ਹਨ, ਉਸ ਦਾ ਪਤੀ ਕੰਬਾਇਨ 'ਤੇ ਲੱਗਾ ਹੋਇਆ ਹੈ। ਉਹ 22 ਅਪ੍ਰੈਲ 2025 ਨੂੰ ਘਰੋਂ ਗਈ ਹੋਈ ਸੀ, ਜਦ ਵਾਪਸ ਕਰੀਬ 11 ਵਜੇ ਆਈ ਤਾਂ ਉਸ ਦੀ ਮੰਦਬੁੱਧੀ ਲੜਕੀ (17 ਸਾਲ) ਘਰ ਵਿੱਚ ਨਹੀਂ ਸੀ, ਜਦ ਉਸ ਨੂੰ ਲੱਭਣ ਲੱਗੀ ਤਾਂ ਉਸ ਦੀ ਮੰਦਬੁੱਧੀ ਲੜਕੀ ਦੀਆਂ ਅਵਾਜ਼ਾਂ ਗੁਆਂਢੀ ਘਰ ਅੱਛਰ ਪੁੱਤਰ ਮੰਨਾ ਤੋਂ ਆ ਰਹੀਆਂ ਸਨ, ਜਦ ਉਸ ਨੇ ਦੋਸ਼ੀ ਅੱਛਰ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਮੌਕੇ ਤੋਂ ਭੱਜ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਮੰਦਬੁੱਧੀ ਲੜਕੀ ਦੀ ਮਾਂ ਦੇ ਬਿਆਨਾਂ 'ਤੇ ਉਕਤ ਨੌਜਵਾਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪੰਚਾਂ-ਸਰਪੰਚਾਂ ਤੇ ਸਕੱਤਰਾਂ ਲਈ ਜਾਗਰੂਕਤਾ ਪ੍ਰੋਗਰਾਮ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਭਾਰਤੀ ਮਿਆਰ ਬਿਊਰੋ (ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲਾ, ਭਾਰਤ ਸਰਕਾਰ) ਵੱਲੋਂ ਬੀ ਡੀ ਪੀ ਦਫ਼ਤਰ ਬਲਾਕ ਵਿਖੇ ਪਰਵਾਣੂ ਬ੍ਰਾਂਚ ਦੇ ਡਾਇਰੈਕਟਰ ਸ੍ਰੀ ਐਸ ਸੀ ਨਾਇਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸਾਨਾਂ ਲਈ ਖੇਤੀ ਦੇ ਅਧਾਰਤ ਤੇ ਹੋਰ ਲੋੜਾਂ ਅਨੁਸਾਰ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਤਕਰੀਬਨ 70 ਸਰਪੰਚਾਂ, ਪੰਚਾਂ ਤੇ ਸਕੱਤਰਾਂ ਨੂੰ ਜਾਣਕਾਰੀ ਅਧਾਰਿਤ ਈ-ਕਿਤਾਬਚਾ ਵੰਡਿਆ ਗਿਆ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਸ਼ਾ ਸਿੰਗਲ ਦੇ ਸਹਿਯੋਗ ਨਾਲ ਸਮਾਗਮ ਦੌਰਾਨ ਭਾਗੀਦਾਰਾਂ ਨੂੰ ਕਿਸੇ ਵੀ ਵਿਕਾਸ ਗਤੀਵਿਧੀ ਜਾਂ ਨਿੱਜੀ ਲੋੜਾਂ ਲਈ ਗੁਣਵੱਤਾ ਵਾਲੀਆਂ ਚੀਜ਼ਾਂ ਦੀ ਖਰੀਦ ਲਈ ਮਿਆਰਾਂ ਦੀ ਮਹੱਤਤਾ ਬਾਰੇ ਜਾਣੂ ਕਰਾਇਆ ਗਿਆ ਅਤੇ ਭਾਗੀਦਾਰਾਂ ਨੇ ਬੀ ਆਈ ਐਸ ਕੇਅਰ ਐਪ ਨੂੰ ਵੀ ਆਪਣੇ ਮੋਬਾਈਲ ਉੱਪਰ ਡਾਊਨਲੋਡ ਕੀਤਾ ਤੇ ਅਸਲ ਆਈ ਐਸ ਆਈ ਮਾਰਕ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਲਈ ਇਸ ਐਪ ਦੀ ਵਰਤੋਂ ਕਰਨਾ ਸਿੱਖਿਆ ਤਾਂ ਜੁ ਰੋਜ਼ਾਨਾ ਜੀਵਨ ਵਿੱਚ ਮਿਆਰਾਂ ਬਾਰੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕੀਤਾ ਜਾ ਸਕੇ। ਭਾਗੀਦਾਰਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਤੇ ਬੀਆਈਐਸ ਦੁਆਰਾ ਪ੍ਰਦਾਨ ਕੀਤੀ ਗਈ ਸਰੋਤ ਸਮੱਗਰੀ ਭਾਗੀਦਾਰਾਂ ਵਿੱਚ ਵੰਡੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਬੀ ਆਈ ਐਸ ਦੇ ਰਿਸੋਰਸ ਪਰਸਨ ਦੁਆਰਾ ਪੰਚਾਇਤ ਪੱਧਰ 'ਤੇ ਮਿਆਰਾਂ ਦੀ ਮਹੱਤਤਾ ਬਾਰੇ ਦੱਸ ਕੇ ਕੀਤੀ ਗਈ। ਭਾਗੀਦਾਰਾਂ ਨੂੰ ਦੱਸਿਆ ਗਿਆ ਕਿ ਭਾਰਤੀ ਮਿਆਰ ਬਿਊਰੋ ਵੱਲੋਂ ਗੁਣਵੱਤਾ ਵਾਲੇ ਉਤਪਾਦਾਂ ਨੂੰ ਉਤਸ਼ਾਹਤ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਨਵੇਂ ਯਤਨ ਕੀਤੇ ਜਾ ਰਹੇ ਹਨ। ਪੰਚਾਇਤ ਪੱਧਰ 'ਤੇ ਨਿਰਮਾਣ ਅਤੇ ਖਰੀਦਦਾਰੀ ਵਿੱਚ ਭਾਰਤੀ ਮਿਆਰਾਂ ਨੂੰ ਉਤਸ਼ਾਹਤ ਕਰਨ ਲਈ, ਸੰਵੇਦਨਸ਼ੀਲਤਾ ਵਰਕਸ਼ਾਪਾਂ ਦੌਰਾਨ ਪੰਚਾਇਤਾਂ ਤੇ ਆਮ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਸਮੱਗਰੀਆਂ ਨਾਲ ਸਬੰਧਤ ਮਿਆਰਾਂ ਨੂੰ ਸਪੱਸ਼ਟ ਤੌਰ 'ਤੇ ਸਮਝਾਇਆ ਗਿਆ ਹੈ। ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾ ਪੰਚਾਇਤ ਮੈਂਬਰਾਂ ਨੇ ਹਾਲ ਮਾਰਕਿੰਗ ਤੇ ਬੀ ਆਈ ਐਸ ਕੇਅਰ ਐਪ 'ਤੇ ਚਰਚਾ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਭਾਗੀਦਾਰਾਂ ਨੇ ਬੜੇ ਜੋਸ਼ ਨਾਲ 'ਜਾਗੋ ਗਾਹਕ ਜਾਗੋ' ਦਾ ਨਾਅਰਾ ਵੀ ਲਾਇਆ।

## ਔਰਤ ਦੀ ਕੀਤੀ ਕੁੱਟਮਾਰ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਕੋਠੇ ਕਿੱਲੀ ਵਾਲੇ ਵਿਖੇ ਪੁਰਾਣੇ ਝਗੜੇ ਦੇ ਚੱਲਦਿਆਂ ਇੱਕ ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਦੀ ਪੁਲਸ ਨੇ ਦੋ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਪ੍ਰੀਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਪਿੰਡ ਕੋਠੇ ਕਿੱਲੀ ਵਾਲੇ ਨੇ ਦੱਸਿਆ ਕਿ ਉਸ ਦਾ ਹਰਪ੍ਰੀਤ ਕੌਰ ਪਤਨੀ ਨਿਸ਼ਾਨ ਸਿੰਘ ਤੇ ਨਿਰੈਵਰ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀਆਨ ਕੋਠੇ ਕਿੱਲੀ ਵਾਲੇ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਮਨਪ੍ਰੀਤ ਕੌਰ ਨੇ ਦੱਸਿਆ ਕਿ ਉਕਤ ਦੋਸ਼ੀਆਨ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਟਰਸਟ ਸਦਾਵਰਤ ਪੰਚਾਇਤੀ ਨੇ 101 ਲੋੜਵੰਦ ਪਰਵਾਰਾਂ ਨੂੰ ਵੰਡਿਆ ਰਾਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਟਰੱਸਟ ਸਦਾਵਰਤ ਪੰਚਾਇਤੀ ਵੱਲੋਂ 101 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ। ਇਸ ਮੌਕੇ ਟਰੱਸਟ ਸਦਾਵਰਤ ਪੰਚਾਇਤੀ ਦੇ ਪੀ ਸੀ ਕੁਮਾਰ, ਅਸ਼ਵਨੀ ਮੌਂਗਾ, ਓਮ ਪ੍ਰਕਾਸ਼, ਡੀ ਕੇ ਬਜਾਜ, ਰਜਨੀਸ਼ ਕਪੂਰ, ਮਿੰਨੂ ਕਪੂਰ ਆਦਿ ਆਗੂ ਹਾਜ਼ਰ ਸਨ। ਇਸ ਮੌਕੇ ਵੱਖ-ਵੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਅਸ਼ਵਨੀ ਮੌਂਗਾ ਨੇ ਬੋਲਦਿਆਂ ਕਿਹਾ ਕਿ ਲੋੜਵੰਦ ਪਰਵਾਰਾਂ ਦੀ ਸੇਵਾ ਇਕ ਸੱਚੀ ਸੁੱਚੀ ਸੇਵਾ ਹੈ, ਸਾਨੂੰ ਇਨ੍ਹਾਂ ਲੋੜਵੰਦ ਪਰਿਵਾਰਾਂ ਦੀ ਮੱਦਦ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਇਸ ਮੌਕੇ ਡੀ ਕੇ ਬਜਾਜ ਨੇ ਕਿਹਾ ਕਿ ਭਾਵੇਂ ਕਿ ਇਹ ਸੰਸਥਾ 111 ਸਾਲਾਂ ਤੋਂ ਗਰੀਬ ਲੋੜਵੰਦ ਪਰਵਾਰਾਂ ਦੀ ਮੱਦਦ ਕਰਦੀ ਆ ਰਹੀ ਹੈ। ਇਸ ਮੌਕੇ ਰਜਨੀਸ਼ ਕਪੂਰ ਨੇ ਕਿਹਾ ਕਿ ਸਾਨੂੰ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਇਨ੍ਹਾਂ ਗਰੀਬ ਤੇ ਲੋੜਵੰਦ ਪਰਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ, ਖਾਸ ਕਰਕੇ ਗਰੀਬ ਬੱਚਿਆਂ ਦੀ ਫੀਸ, ਕਿਤਾਬਾਂ ਦੇਣੀਆਂ ਚਾਹੀਦੀਆਂ ਹਨ। ਇਸ ਮੌਕੇ ਮਿੰਨੂ ਕਪੂਰ ਨੇ ਬੋਲਦਿਆਂ ਕਿਹਾ ਕਿ ਕੁਝ ਪਰਵਾਰ, ਜੋ ਕਿ ਇਹੋ ਜਿਹੇ ਹਨ, ਜੋ ਕਿਸੇ ਕੋਲੋਂ ਮੰਗਦੇ ਨਹੀਂ ਅਤੇ ਅੰਦਰੋਂ ਅੰਦਰ ਕਾਫੀ ਗਰੀਬ ਹੁੰਦੇ ਹਨ ਅਤੇ ਵੇਖਣ ਨੂੰ ਇੱਕ ਚੰਗਾ ਪਰਿਵਾਰ ਹੁੰਦਾ ਹੈ, ਪਰ ਅੰਦਰੋਂ ਖੋਖਲਾ ਹੁੰਦਾ ਹੈ, ਉਨ੍ਹਾਂ ਪਰਵਾਰਾਂ ਦੀ ਪੜਤਾਲ ਕਰਕੇ ਉਨ੍ਹਾਂ ਨੂੰ ਵੀ ਰਾਸ਼ਨ ਦੇਣਾ ਚਾਹੀਦਾ ਹੈ।

## ਵਰਲਡ ਐਥਲੈਟਿਕਸ ਡੇ ਮਨਾਇਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਐਥਲੈਟਿਕਸ ਸੇਵਾ ਸੈਂਟਰ ਸੁਨਾਮ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਲੜਕੇ ਦੇ ਖੇਡ ਮੈਦਾਨ ਵਿੱਚ ਵਰਲਡ ਐਥਲੈਟਿਕਸ ਡੇ ਮਨਾਇਆ।ਫਰੀ 'ਚ ਐਥਲੈਟਿਕਸ ਦੀ ਸਿਖਲਾਈ ਦੀ ਰਹੇ ਗੁਰਮਿੰਦਰ ਸਿੰਘ ਲੱਕੀ ਨੇ ਦੱਸਿਆ ਕਿ ਉਨ੍ਹਾਂ ਕੋਲ 100 ਦੇ ਕਰੀਬ ਬੱਚੇ ਐਥਲੈਟਿਕਸ ਦੀ ਸਿਖਲਾਈ ਲੈ ਰਹੇ ਹਨ ਤੇ 30 ਦੇ ਕਰੀਬ ਲੜਕੇ ਤੇ ਲੜਕੀਆਂ ਪੰਜਾਬ ਪੁਲਸ ਦੀ ਭਰਤੀ ਦੇ ਫਿਜੀਕਲ ਟੈਸਟ ਦੀ ਤਿਆਰੀ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਬੇਟਾ ਪ੍ਰਿੰਸਦੀਪ ਸਿੰਘ, ਜੋ ਕਿ ਭਾਰਤ ਸਰਕਾਰ ਦਾ ਸਰਕਾਰੀ ਕੋਚ ਹੈ, ਉਹ ਵੀ ਸਿਖਲਾਈ ਵਿੱਚ ਉਨ੍ਹਾਂ ਦਾ ਸਾਥ ਨਿਭਾਉਂਦਾ ਹੈ।ਇਸ ਮੌਕੇ ਗਗਨਦੀਪ ਸਿੰਘ, ਹਰਮਨ, ਸਮਰ, ਗੁਰੀ, ਆਕਾਸ, ਕਮਲ, ਅਮਨਦੀਪ ਕੌਰ ਤੇ ਜਸ਼ਨਦੀਪ ਕੌਰ ਮੌਜੂਦ ਸਨ।

## ਐੱਸ ਸੀ ਦੀ ਤਰਜ਼ 'ਤੇ ਓ ਬੀ ਸੀ ਕਮਿਸ਼ਨ ਵੀ ਬਣਨਾ ਚਾਹੀਦਾ : ਡਾ. ਹਰਗੁਰਪ੍ਰਤਾਪ ਸਿੰਘ

### ਸਮੁੱਚੇ ਓ ਬੀ ਸੀ ਸਮਾਜ ਨੂੰ ਸਮਾਗਮ 'ਚ ਪਹੁੰਚਣ ਦੀ ਅਪੀਲ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਓਬੀਸੀ ਵਰਗ ਨੂੰ ਚੇਤੰਨ ਕਰਨ ਲਈ ਸਮੁੱਚੇ ਪੰਜਾਬ ਵਿੱਚ ਇੱਕ ਮੁਹਿੰਮ ਚਲਾਈ ਗਈ ਹੈ, ਜਿਸ ਦੀ ਕੜੀ ਤਹਿਤ ਨਿਹਾਲ ਸਿੰਘ ਵਾਲਾ ਵਿਖੇ ਇੱਕ ਸਮਾਗਮ 10 ਮਈ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸਮੁੱਚੇ ਓਬੀਸੀ ਵਰਗ ਨੂੰ ਪਹੁੰਚਣ ਦੀ ਅਪੀਲ ਕਰਦੇ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਾਸ਼ਟਰੀ ਪਿਛੜਾ ਵਰਗ ਮਹਾਂਸੰਘ ਪੰਜਾਬ ਦੇ ਸੂਬਾ ਵਾਈਸ ਪ੍ਰਧਾਨ ਡਾਕਟਰ ਹਰਗੁਰਪ੍ਰਤਾਪ ਸਿੰਘ ਨਿਹਾਲ ਸਿੰਘ ਵਾਲਾ ਨੇ 'ਨਵਾਂ ਜ਼ਮਾਨਾ' ਦੀ ਟੀਮ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਓਬੀਸੀ ਸਮਾਜ ਨੂੰ 27% ਰਾਖਵਾਂਕਰਨ ਲਾਗੂ ਕਰਕੇ ਬਣਦੇ ਹੱਕ ਤੁਰੰਤ ਮਿਲਣੇ ਚਾਹੀਦੇ ਹਨ।ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਓਬੀਸੀ ਵਰਗ ਨੂੰ ਰਾਜ ਸੱਤਾ ਵਿੱਚ ਵੀ 27% ਰਾਖਵਾਂਕਰਨ ਲਾਗੂ ਕਰਨਾ ਚਾਹੀਦਾ ਹੈ, ਜਿਸ ਵਾਸਤੇ ਬਹੁਤ ਵੱਡੀ ਲਹਿਰ ਖੜ੍ਹੀ ਕਰਨ ਦੀ ਮੁਹਿੰਮ ਚਲਾਈ ਜਾਵੇਗੀ।ਇੱਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਐੱਸ ਸੀ ਕਮਿਸ਼ਨ ਦੀ ਤਰਜ਼ 'ਤੇ ਓਬੀਸੀ ਕਮਿਸ਼ਨ ਵੀ ਬਣਨਾ ਚਾਹੀਦਾ ਹੈ ਓਬੀਸੀ ਵਰਗ ਦੇ ਲੋਕਾਂ ਨੂੰ ਬਿਨਾਂ ਸ਼ਰਤ ਕੰਮ ਚਲਾਉਣ ਵਾਸਤੇ ਕਰਜ਼ੇ ਮਿਲਣੇ ਚਾਹੀਦੇ ਹਨ, ਓਬੀਸੀ ਬੱਚਿਆਂ ਦੀ ਉੱਚ ਵਿੱਦਿਆ ਮੁਫ਼ਤ ਕੀਤੀ ਜਾਵੇ, ਪੰਜਾਬ ਵਿੱਚ ਓਬੀਸੀ ਵਰਗ 42% ਦੇ ਲਗਭਗ ਹੈ, ਪਰ ਓਬੀਸੀ ਵਰਗ ਵਾਸਤੇ ਬਜਟ ਵਿੱਚ ਕੋਈ ਹਿੱਸਾ ਨਹੀਂ ਹੈ।ਓਬੀਸੀ ਵਰਗਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਹਸਪਤਾਲਾਂ ਵਿੱਚ ਇਲਾਜ ਦੀ ਮੁਫ਼ਤ ਸਹੂਲਤ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਇੱਕ ਹੋ ਕੇ ਤੁਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।ਡਾਕਟਰ ਹਰਗੁਰਪ੍ਰਤਾਪ ਸਿੰਘ ਨੇ ਸਮੁੱਚੇ ਓਬੀਸੀ ਸਮਾਜ ਨੂੰ 10 ਮਈ ਨੂੰ ਨਿਹਾਲ ਸਿੰਘ ਵਾਲਾ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਓਬੀਸੀ ਸਮਾਜ ਦਾ ਨਿਹਾਲ ਸਿੰਘ ਵਾਲਾ ਵਿਖੇ ਹੋ ਰਿਹਾ ਇਕੱਠ ਇੱਕ ਨਵੀਂ ਸੋਚ ਨੂੰ ਜਨਮ ਦੇਵੇਗਾ।

## ਨਸ਼ੇ ਦੀਆਂ ਗੋਲੀਆਂ ਤੇ ਹੈਰੋਇਨ ਸਮੇਤ ਚਾਰ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਬੀਤੇ 24 ਘੰਟਿਆਂ ਦੌਰਾਨ ਜ਼ਿਲ੍ਹੇ 'ਚ ਵੱਖ-ਵੱਖ ਥਾਈਂ ਪੁਲਸ ਵੱਲੋਂ ਚਾਰ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਥਾਣਾ ਬਡਾਲੀ ਆਲਾ ਸਿੰਘ ਦੀ ਇੱਕ ਪੁਲਸ ਪਾਰਟੀ ਬਲਾੜ੍ਹੀ ਖੁਰਦ ਤੋਂ ਭੈਰੋਂਪੁਰ ਰੋਡ ਵੱਲ ਨੂੰ ਗਸ਼ਤ ਕਰਦੀ ਹੋਈ ਜਾ ਰਹੀ ਸੀ ਤਾਂ ਪੈਦਲ ਤੁਰਿਆ ਆ ਰਿਹਾ ਪਰਵਿੰਦਰ ਸਿੰਘ ਉਰਫ ਮੰਨੂ ਵਾਸੀ ਪਿੰਡ ਕਸੁੰਬੜੀ ਪੁਲਸ ਦੀ ਗੱਡੀ ਦੇਖ ਕੇ ਇੱਕਦਮ ਖੇਤਾਂ ਵੱਲ ਨੂੰ ਮੁੜ ਪਿਆ, ਜਿਸ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ ਨਸ਼ੇ ਦੀਆਂ 83 ਗੋਲੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 22(ਬੀ) ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਪਰਵਿੰਦਰ ਸਿੰਘ ਉਰਫ ਮੰਨੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ 'ਚ ਗਊਸ਼ਾਲਾ ਵੱਲੋਂ ਆ ਰਹੇ ਹਰਦੀਪ ਸਿੰਘ ਉਰਫ ਦੀਪਾ ਵਾਸੀ ਆਲੀਆਂ ਨੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਨੂੰ ਸਾਹਮਣੇ ਦੇਖ ਕੇ ਹੱਥ 'ਚ ਫੜ੍ਹਿਆ ਲਿਫਾਫਾ ਝਾੜੀਆਂ 'ਚ ਸੁੱਟ ਦਿੱਤਾ, ਜਿਸ ਨੂੰ ਕਾਬੂ ਕਰਕੇ ਲਿਫਾਫਾ ਚੁਕਵਾ ਕੇ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ ਨਸ਼ੇ ਦੀਆਂ 100 ਗੋਲੀਆਂ ਬਰਾਮਦ ਹੋਈਆਂ।ਜਿਸ 'ਤੇ ਉਸ ਨੂੰ ਅ/ਧ 22 ਐੱਨ.ਡੀ.ਪੀ.ਐੱਸ. ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਦੇ ਫੋਕਲ ਪੁਆਇੰਟ ਇਲਾਕੇ 'ਚ ਮੌਜੂਦ ਸੀ.ਆਈ.ਏ. ਸਟਾਫ ਸਰਹਿੰਦ ਦੀ ਇੱਕ ਟੀਮ ਵੱਲੋਂ ਚਿੱਟੇ ਰੰਗ ਦੀ ਵਰਨਾ ਕਾਰ 'ਚ ਆ ਰਹੇ ਅਮਿਤ ਕੁਮਾਰ ਵਾਸੀ ਅੰਬਾਲਾ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ 14 ਗ੍ਰਾਮ ਹੈਰੋਇਨ ਤੇ 15,00/- ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਇਸ ਸਬੰਧੀ ਅ/ਧ 21(ਬੀ) ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਅਮਿਤ ਕੁਮਾਰ ਨੂੰ ਗ੍ਰਿਫ਼ਤਾਰ ਕਰਕੇ ਸੀ.ਆਈ.ਏ. ਸਰਹਿੰਦ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਬੁੱਗਾ ਕਲਾਂ ਚੌਕੀ ਦੀ ਇੱਕ ਪੁਲਸ ਪਾਰਟੀ ਵੱਲੋਂ ਕੋਟਲੀ ਚੋਬਦਾਰਾਂ ਟੀ ਪੁਆਇੰਟ ਨਜ਼ਦੀਕ ਕਾਬੂ ਕੀਤੇ ਗਏ ਮਨਦੀਪ ਪਾਲ ਵਾਸੀ ਅਮਲੋਹ ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ 'ਚੋਂ 80 ਗੋਲੀਆਂ ਐਲਪ੍ਰਾਜ਼ੋਲਮ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਅਮਲੋਹ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਮਨਦੀਪ ਪਾਲ ਨੂੰ ਗ੍ਰਿਫ਼ਤਾਰ ਕਰਕੇ ਬੁੱਗਾ ਕਲਾਂ ਚੌਕੀ ਦੇ ਇੰਚਾਰਜ ਸਹਾਇਕ ਥਾਣੇਦਾਰ ਤਰਨਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਇੰਜੀ. ਤੇਜ ਬਾਂਸਲ ਦੇ ਚੀਫ ਇੰਜੀਨੀਅਰ ਬਣਨ 'ਤੇ ਟੀ ਐੱਸ ਯੂ ਆਗੂਆਂ ਵੱਲੋਂ ਵਧਾਈ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਰਾਜ ਬਿਜਲੀ ਨਿਗਮ ਨੇ ਕਰਮਚਾਰੀ ਖੇਤਰ ਦੇ ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਇੰਜੀ. ਤੇਜ ਬਾਂਸਲ ਦੀ ਪ੍ਰਮੋਸ਼ਨ ਕਰਕੇ ਉਨ੍ਹਾਂ ਨੂੰ ਥਰਮਲ ਪਲਾਂਟ ਦਾ ਚੀਫ ਇੰਜੀਨੀਅਰ ਬਣਾਏ ਜਾਣ 'ਤੇ ਟੈਕਨੀਕਲ ਸਰਵਿਸ ਯੂਨੀਅਨ (ਰਜਿ. ਨੰ: 49) ਲਹਿਰਾ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਦੀ ਅਗਵਾਈ ਵਿੱਚ ਬਿਜਲੀ ਮੁਲਾਜ਼ਮਾਂ ਨੇ ਚੀਫ ਇੰਜੀਨੀਅਰ ਤੇਜ ਬਾਂਸਲ ਨੂੰ ਗੁਲਦਸਤਾ ਭੇਟ ਕਰਕੇ ਵਧਾਈ ਦਿੱਤੀ। ਨਵ-ਨਿਯੁਕਤ ਚੀਫ ਇੰਜੀਨੀਅਰ ਬਾਂਸਲ ਵੱਲੋਂ ਜਥੇਬੰਦੀ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਯੂਨੀਅਨ ਦੇ ਮੀਤ ਪ੍ਰਧਾਨ ਜਗਦੀਪ ਸਿੰਘ, ਜਨਰਲ ਸਕੱਤਰ ਅਜੈ ਸਿੰਘ ਜੋਈ, ਪਿਆਰ ਸਿੰਘ ਸਹਾਇਕ ਲਾਈਨਮੈਨ ਡਵੀਜ਼ਨ ਪ੍ਰਧਾਨ ਗੁਰਮੇਲ ਸਿੰਘ ਮਨਿਸਟਰੀਅਲ ਸਰਵਿਸ ਯੂਨੀਅਨ, ਤਲਵਿੰਦਰ ਸਿੰਘ ਲਹਿਰਾ ਮੁਹੱਬਤ, ਜਗਜੀਤ ਸਿੰਘ, ਰਵੀ ਕੁਮਾਰ, ਹਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ। ਚੀਫ ਇੰਜੀਨੀਅਰ ਸ੍ਰੀ ਬਾਂਸਲ ਨੇ ਸਰਕਾਰ ਤੇ ਬਿਜਲੀ ਵਿਭਾਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀਆਂ ਸੇਵਾਵਾਂ ਤਨਦੇਹੀ ਨਾਲ ਨਿਭਾਉਣਗੇ।

## ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਮਨਾਇਆ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਗੁਰਦੁਆਰਾ ਸਾਹਿਬ ਬਾਬਾ ਵਿਸ਼ਵਕਰਮਾ ਪਿੰਡ ਧਨੇਰ ਵਿਖੇ ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਜਸਵੀਰ ਸਿੰਘ ਚੀਮਾ ਦੇ ਰਾਗੀ ਜਥੇ ਨੇ ਕਥਾ ਕੀਰਤਨ ਦੁਆਰਾ ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ।ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਸੂਬਾ ਚੇਅਰਮੈਨ ਜਗਜੀਤ ਸਿੰਘ ਸੱਗੂ ਨੇ ਪ੍ਰਬੰਧਕਾਂ 'ਤੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਮਹਾਨ ਕੁਰਬਾਨੀ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਪੰਜਾਬ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ ਵਿਸ਼ਾਲ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਸਮੂਹ ਰਾਮਗੜ੍ਹੀਆ ਭਾਈਚਾਰੇ ਨੂੰ ਇਸ ਮਹਾਨ ਯੋਧੇ ਦੀ ਕੁਰਬਾਨੀ ਦੇ ਮਾਰਗ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਦਿਹਾੜੇ ਮੌਕੇ ਆਪਣੇ ਪਰਵਾਰਾਂ, ਨਿੱਕੇ ਬੱਚਿਆਂ ਨੂੰ ਮਹਾਨ ਯੋਧੇ ਦੇ ਜੀਵਨ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ।ਇਸ ਮੌਕੇ ਹਲਕਾ ਪ੍ਰਧਾਨ ਮੁਖਤਿਆਰ ਸਿੰਘ ਰਾਮਗੜ੍ਹੀਆ, ਸੂਬਾਈ ਸਕੱਤਰ ਨਰਿੰਦਰ ਸਿੰਘ ਸੰਧੂ, ਚੇਅਰਮੈਨ ਜਰਨੈਲ ਸਿੰਘ, ਇਕਾਈ ਪ੍ਰਧਾਨ ਜੁਗਿੰਦਰ ਸਿੰਘ ਧਨੇਰ ਆਦਿ ਸਮੂਹ ਪ੍ਰਬੰਧਕਾਂ ਦੀ ਅਗਵਾਈ ਹੇਠ ਮੁੱਖ ਮਹਿਮਾਨ ਚੇਅਰਮੈਨ ਜਗਜੀਤ ਸਿੰਘ ਸੱਗੂ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।


**Court Notice**
**In the Court of, District Marriage Officer, Amritsar V/s General Public**
**Subject: Issuance of Marriage Ability Certificate**



Applicant Name : **SUNITA** Wife Name : Late **SH. CHAMAN LAL** R/o: **130, Gali No. 4, Gopal Nagar, Majitha Road, Amritsar-143001, Punjab, India** has applied (submitted the application) in Suwidha Center for Issuance of Marriage Ability Certificate for his son whose details are given as follows: Name: **ANUBHAV THAKUR** Permanent Address: **130, Gali No. 4, Gopal Nagar, Majitha Road, Amritsar-143001, Punjab, India** Foreign Address : **MOSCHATO, AGISILIOU 6, ATHENS GREECE 18344. / ਮੋਸ਼ਾਟੋ, ਅਗਿਸਿਲਿਓ 6 ਐਥੇਂਸ, ਗ੍ਰੀਸ 18344 AGE/DOB: 32-(14/09/1992 ).** The applicant has stated that he/she has no marital relation in India. Notice is given to the general public that if there is any objection to any person regarding issuance of above said certificate that the person or his representative can put their objection (grievance) within 30 days from the issuance of this notice. No objection shall be entertained thereafter. The advertisement issued on **08-02-2017** through my signature under court seal.

No./ MA -1(3)/212/PB
Dated: 08-02-2017

District Marriage Officer, Amritsar, Punjab, India



੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ — ਪੰਜਾਬ ਐਂਡ ਸਿੰਧ ਬੈਂਕ (ਭਾਰਤ ਸਰਕਾਰ ਦਾ ਅਦਾਰਾ) — PUNJAB & SIND BANK (A GOVT. OF INDIA UNDERTAKING)
ZO : MODEL TOWN JALANDHAR — Where Service is a way of life — ZO : MODEL TOWN JALANDHAR

**ਜਨਤਕ ਨੋਟਿਸ**

ਆਮ ਜਨਤਾ ਦੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਸ੍ਰੀ ਰਾਜਨ ਮਹਿਰਾ ਪੁੱਤਰ ਸ੍ਰੀ ਪ੍ਰਭੂ ਦਯਾਲ ਪੁੱਤਰ ਖਰੈਤੀ ਲਾਲ ਵਾਸੀ ਮਕਾਨ ਨੰ. 312, ਗਲੀ ਨੰ. 6, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਨੇ ਹੇਠਾਂ ਦਰਸਾਈ ਜਾਇਦਾਦ ਰਹਿਣ ਕਰਕੇ ਵਿੱਤੀ ਸਹਾਇਤਾ ਲਈ ਬੈਂਕ ਤੱਕ ਪਹੁੰਚ ਕੀਤੀ ਹੈ। ਜਾਇਦਾਦ ਦਾ ਵੇਰਵਾ : ਦੁਕਾਨ ਨੰ. 15, ਰਕਬਾ 01 ਮਰਲਾ 28 ਵਰਗ ਫੁੱਟ (272 ਵਰਗ ਫੁੱਟ ਪ੍ਰਤੀ ਮਰਲਾ), ਅਬਾਦੀ ਪਿੰਡ ਕਿੰਗਰਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਮਾਲੀਆ ਰਿਕਾਰਡ ਤਹਿਤ ਖਸਰਾ ਨੰ. 236/3, ਹਦਬਸਤ ਨੰ. 301, ਬੈਨਾਮਾ ਨੰ. 2023-24/186/1/13106 ਮਿਤੀ 02-02-2024 ਰਾਹੀਂ ਸ੍ਰੀ ਰਾਜਨ ਮਹਿਰਾ ਪੁੱਤਰ ਸ੍ਰੀ ਪ੍ਰਭੂ ਦਯਾਲ ਦੀ ਕਾਬਜ਼ ਮਲਕੀਅਤ। ਹੱਦਾਂ : ਪੂਰਬ : ਦੁਕਾਨ ਨੰ. 16, 30'-0", ਪੱਛਮ : ਦੁਕਾਨ ਨੰ. 14, 30'-0", ਉੱਤਰ : ਹੋਰ 10'-0", ਦੱਖਣ : ਸੜਕ ਅਤੇ ਪਾਰਕਿੰਗ 10'-0"

ਆਮ ਜਨਤਾ ਦੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਜਾਇਦਾਦ ਦਾ ਅਸਲ ਬੈਨਾਮਾ ਨੰ. 8578 ਮਿਤੀ 27-12-2015 ਸ੍ਰੀ ਹਰਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਰੱਖਾ ਸਿੰਘ ਦੇ ਹੱਕ 'ਚ ਸਬ-ਰਜਿਸਟਰਾਰ ਜਲੰਧਰ 'ਚ ਰਜਿਸਟਰਡ ਅਤੇ ਮੁਖਤਿਆਰਨਾਮਾ ਆਮ ਨੰ. 5790 ਮਿਤੀ 19.07.2006, ਪ੍ਰਦੀਪ ਕੋਛੜ ਪੁੱਤਰ ਅਯੋਧਿਆ ਦਾਸ ਕੋਛੜ ਦੇ ਹੱਕ 'ਚ ਸਬ-ਰਜਿਸਟਰਾਰ ਜਲੰਧਰ-1 ਵਿਖੇ ਰਜਿਸਟਰਡ, ਗੁੰਮ ਹੋ ਗਏ ਹਨ। ਇਹ ਤੱਥ ਚਾਹਵਾਨ ਰਹਿਣਕਾਰ ਵੱਲੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲੜੀ ਨੰ. 587873/2025 ਮਿਤੀ 10-04-2025, ਪੁਲਸ ਥਾਣਾ ਡਵੀਜ਼ਨ-8, ਜਲੰਧਰ ਨੂੰ ਦਰਜ ਕਰਵਾਇਆ ਜਾ ਚੁੱਕਾ ਹੈ।

ਆਮ ਜਨਤਾ ਆਪਣੇ ਇਤਰਾਜ਼ ਅਤੇ /ਜਾਂ ਕੋਈ ਦਾਅਵਾ, ਇਤਰਾਜ਼ ਅਤੇ/ਜਾਂ ਦਾਅਵੇ ਜੇਕਰ ਕੋਈ ਹੈ, ਦੇ ਸਬੂਤ ਦੇ ਨਾਲ ਉਕਤ ਜਾਇਦਾਦ ਦੇ ਰਹਿਣਕਾਰ ਪੰਜਾਬ ਅਤੇ ਸਿੰਧ ਬੈਂਕ, ਜੀ ਟੀ ਬੀ ਨਗਰ ਜਲੰਧਰ ਨੂੰ ਨੋਟਿਸ ਦੇ 15 ਦਿਨਾਂ ਦੇ ਅੰਦਰ ਬਰਾਂਚ ਮੈਨੇਜਰ, ਜੀ ਟੀ ਬੀ ਨਗਰ, ਜਲੰਧਰ ਪਿੰਨ ਕੋਡ 144003 ਨੂੰ ਲਿਖਤੀ ਤੌਰ 'ਤੇ ਪੇਸ਼ ਕਰ ਸਕਦਾ ਹੈ।

ਮਿਤੀ : 08-05-2025 | ਸਥਾਨ : ਜਲੰਧਰ | ਬਰਾਂਚ ਮੈਨੇਜਰ



AXIS BANK — Axis Bank Ltd., Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001. Registered Office: "Trishul" – 3rd Floor Opp. Samartheswar Temple, Near Law Garden, Ellisbridge, Ahmedabad – 380006

**ਅੰਤਿਕਾ IV-[ਹਵਾਲਾ ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 23 ਦਸੰਬਰ 2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਸ੍ਰੀ ਭਗਤ ਸਿੰਘ ਪੁੱਤਰ ਸੁਦਰਸ਼ਨ ਸਿੰਘ ਨੂੰ ਨੋਟਿਸ 'ਚ ਵਰਨਣ ਮਿਤੀ 17.12.2024 ਨੂੰ ਬਕਾਇਆ ਨਿਕਲਦੀ ਰਕਮ ਰੁਪਏ 2,729,343/- (ਸਤਾਈ ਲੱਖ ਉਨੱਤੀ ਹਜ਼ਾਰ ਤਿੰਨ ਸੌ ਤਰਤਾਲੀ ਰੁਪਏ ਕੇਵਲ) ਇਸ ਉਪਰ ਬਣਦੇ ਅਣ-ਲਾਗੂ ਵਿਆਜ ਅਤੇ ਲਾਗਤ ਸਮੇਤ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦ ਦਾ 07 ਮਈ 2025 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਦੀ ਮਿਤੀ 17.12.2024 ਨੂੰ ਬਕਾਇਆ ਨਿਕਲਦੀ ਰਕਮ ਰੁਪਏ 2,729,343/- (ਸਤਾਈ ਲੱਖ ਉਨੱਤੀ ਹਜ਼ਾਰ ਤਿੰਨ ਸੌ ਤਰਤਾਲੀ ਰੁਪਏ ਕੇਵਲ) ਅਤੇ ਇਸ ਉਪਰ ਅਦਾਇਗੀ ਦੀ ਮਿਤੀ ਤੱਕ ਬਣਦੇ ਠੇਕਾ ਦਰ 'ਤੇ ਹੋਰ ਵਿਆਜ ਅਤੇ ਖਰਚਿਆਂ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਦਾ ਸਕਿਉਰਡ ਐੱਸਟ ਦੇ ਪੁਨਰ ਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਰਿਹਾਇਸ਼ੀ ਫਲੈਟ ਨੰ. 2502, ਹੇਠਲੀ ਮੰਜ਼ਲ, ਰਕਬਾ 00 ਕਨਾਲ 1-1/4 ਮਰਲਾ (112.5 ਵਰਗ ਗਜ਼ ਦਾ 1/3 ਹਿੱਸਾ), ਖੇਵਟ/ਖਤੌਨੀ ਨੰ. 64/68, ਖਸਰਾ ਨੰ. 8//26 (17-17), ਕਿੱਤਾ 01, ਜ਼ਮੀਨ ਰਕਬਾ 17 ਕਨਾਲ 17 ਮਰਲੇ ਦਾ 15/4284 ਤੱਕ ਦਾ ਹਿੱਸਾ, ਜੋ ਕਿ 00 ਕਨਾਲ 1-1/4 ਮਰਲੇ ਹੈ, ਗਿਲਕੋ ਵੈਲੀ, ਐਕਸਟੈਨਸ਼ਨ-5, ਪਿੰਡ ਸੰਤੇਮਾਜਰਾ, ਹਦਬਸਤ ਨੰ. 186, ਤਹਿਸੀਲ ਖਰੜ ਅਤੇ ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ

ਮਿਤੀ : 7 ਮਈ 2025
ਸਥਾਨ : ਖਰੜ
(ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

**ਟੈਂਡਰ ਨੰਬਰ : 251-ਬਿਜਲੀ-ਟੀ-03-2025-26, ਕੰਮਾਂ ਦਾ ਵੇਰਵਾ :** ਅੰਮ੍ਰਿਤਸਰ ਵਿਚ ਸਟੋਰ, ਰਸੋਈ, ਜਿਮ, ਮਨੋਰੰਜਨ ਰੂਮ, ਪਾਰਕਿੰਗ ਦੇ ਨਾਲ 20 ਬਿਸਤਰਿਆਂ ਵਾਲੀ ਮਹਿਲਾ ਬੈਰਕ ਅਵਾਸ ਪ੍ਰਦਾਨ ਕਰਕੇ ਮੌਜੂਦਾ ਆਰਪੀਐਫ ਬੈਰਕ ਦੇ ਉਨਯਨ ਅਤੇ ਸੰਸ਼ੋਧਨ ਦੇ ਸਬੰਧ ਵਿਚ ਬਿਜਲੀ ਕੰਮ ਅਤੇ ਏਡੀਈਐਨ-I/ਐਸਆਰ ਅਤੇ ਏਡੀਈਐਨ-II/ਐਸਆਰ ਦੇ ਤਹਿਤ ਦਿਵਯਾਂਗਜਨ, ਸ਼ੌਚਾਲਯ, ਪ੍ਰਵੇਸ਼ ਪਥ, 50 ਮੀਟਰ ਸੀਓਪੀ ਅਤੇ ਪੀਣ ਦੇ ਪਾਣੀ ਦੇ ਬੂਥ ਦਾ ਪ੍ਰਾਵਧਾਨ ਅਤੇ ਏਡੀਈਐਨ-II/ਏਐਸਆਰ ਦੇ ਤਹਿਤ ਏਐਸਆਰ ਅਤੇ ਏਡੀਈਐਨ-II/ਦੇ ਤਹਿਤ ਏਐਸਆਰ ਅਤੇ ਏਡੀਈਐਨ-II/ਏਐਸਆਰ ਦੇ ਤਹਿਤ ਬਿਆਸ ਵਿਚ ਪੰਪ ਹਾਊਸ ਬੋਰ ਅਤੇ ਪੰਪ ਦੇ ਨਾਲ ਪੰਪਿੰਗ ਪਾਈਪ ਦੇ ਨਾਲ ਪੁਰਾਣੇ ਪਰਿਤਯਕਤ ਸਟੀਲ ਓਵਰਹੈਡ ਪਾਣੀ ਭੰਡਾਰਨ ਟੈਂਕ ਦੇ ਬਦਲੇ ਵਿਚ 02 225KL RCC OH ਟੈਂਕ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ। **ਅੰਦਾਜਨ ਲਾਗਤ (ਰੁ) :** Rs. 22,54,218.29p **ਬਿਆਨਾ ਰਾਸ਼ੀ (ਰੁ) :** Rs. 45,100.00p **ਕੰਮ ਦਾ ਸਮਾਂ :** 06 ਮਹੀਨੇ **ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 28.05.2025 15:00 ਵਜੇ ਦੇ ਬਾਅਦ ਵੈਬਸਾਈਟ: www.ireps.gov.in

**ਨੰ. 251-ਬਿਜਲੀ ਟੈਂਡਰ ਨੋਟਿਸ ਨੰ. 03-ਬਿਜਲੀ-2025-26 ਮਿਤੀ : 07.05.2025** 1370/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-67 | 22/05/2025 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14601/F2, 14614/R1, 12032/F1, 20498/F1, 14601/R1, 14601/F1, 12412/F1, 14508/F1, 19612/F1 & 15212/F1. |
| EAFZR-SLR25-68 | 23/05/2025 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14654/R1, 14654/F2, 14508/R1, 22126/F1, 14508/F2, 14632/R1, 14614/F1, 14654/F1, 14632/F1 & 22486/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1343/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**SBI** — RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

**ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀਆਂ ਜਾਣਗੀਆਂ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਅਤੇ ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਗਿਰਵੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : (1) ਸ੍ਰੀ ਅੰਗਰੇਜ ਸਿੰਘ ਪੁੱਤਰ ਸ੍ਰੀ ਦਲਵਾਰਾ ਸਿੰਘ (2) ਮਨਪ੍ਰੀਤ ਸਿੰਘ ਪੁੱਤਰ ਸ੍ਰੀ ਦਲਵਾਰਾ ਸਿੰਘ ਅਤੇ (3) ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਸ੍ਰੀ ਅੰਗਰੇਜ ਸਿੰਘ ਵਾਸੀ ਮਕਾਨ ਨੰ. 29-1062/14, ਹਾਰਡ ਮਸਲ ਜਿਮ, ਅਬਾਦੀ ਗੁਰੂ ਗੋਬਿੰਦ ਸਿੰਘ ਨਗਰ, (ਗੁਰੂ ਨਾਨਕ ਕਾਲੋਨੀ), ਪਿੰਡ ਢੰਡਾਰੀ ਕਲਾਂ, ਲੁਧਿਆਣਾ, 141014 | ਜਾਇਦਾਦ ਪਲਾਟ ਨੰ. 29-1062/14, ਰਕਬਾ 193 ਵਰਗ ਗਜ਼, ਖਸਰਾ ਨੰ. 60//23/7, 63//3, 4/1,8,14,62//21, 22,63//15/1, 16,17,18,23,24,25, 72//4/2, 5, 6 , 73//1, 2/1, 10, 63//9,10,11, 63//12, 13, 20, 64//5/5, 6/2, 63//19, 22, ਖੇਵਟ ਨੰ. 484, 485, 486, 487, 488, 489, 490, 492, 493, 494, 495, ਖਤੌਨੀ ਨੰ. 499, 500, 501, 502, 503, 504, 505, 506, 507, 508, 510, 511, ਸਫਾ ਨੰ. 579, 599, 617, 633, 647, 669, 686, 713, 729, 740, 747, ਜਮ੍ਹਾਂਬੰਦੀ ਸਾਲ 2011-12, ਪਿੰਡ ਢੰਡਾਰੀ ਕਲਾਂ, ਅਬਾਦੀ ਗੁਰੂ ਗੋਬਿੰਦ ਕਾਲੋਨੀ (ਗੁਰੂ ਨਾਨਕ ਕਾਲੋਨੀ) ਹਦਬਸਤ ਨੰ. 241, | 23.10.2024 | 08.05.2025 | ਸੰਕੇਤਕ ਕਬਜ਼ਾ — 15.09.2024 ਨੂੰ ਰੁ. 11,85,314.00/- (ਗਿਆਰਾਂ ਲੱਖ ਪਚਾਸੀ ਹਜ਼ਾਰ ਤਿੰਨ ਸੌ ਚੌਦਾਂ ਕੇਵਲ) ਸਮੇਤ 16.09.2024 ਤੋਂ ਇਸ ਉੱਪਰ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਹੋਰ ਖਰਚੇ। |

ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਸਵਰਨ ਸਿੰਘ 60'-0", ਪੱਛਮ : ਵਿਕ੍ਰੇਤਾ 60'-0", ਉੱਤਰ : ਗੁਆਂਢ 29'-00", ਦੱਖਣ : ਗਲੀ 20 ਫੁੱਟ ਚੌੜੀ 29'-00".

* ਬੈਨਾਮਾ ਵਸੀਕਾ ਨੰ. 776 ਮਿਤੀ 24.04.2017 ਅਨੁਸਾਰ ਸ੍ਰੀ ਅੰਗਰੇਜ਼ ਸਿੰਘ ਪੁੱਤਰ ਸ੍ਰੀ ਦਲਵਾਰਾ ਸਿੰਘ, ਮਨਪ੍ਰੀਤ ਸਿੰਘ ਪੁੱਤਰ ਸ੍ਰੀ ਦਲਵਾਰਾ ਸਿੰਘ ਅਤੇ ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਸ੍ਰੀ ਅੰਗਰੇਜ਼ ਸਿੰਘ ਦੇ ਨਾਂਅ 'ਤੇ ਹੈ।

ਮਿਤੀ : 09.05.2025 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ



**LOVELY PROFESSIONAL UNIVERSITY**

Jalandhar-Delhi G.T. Road, Phagwara, Punjab, India - 144411

**CORRIGENDUM**

Certain updations/modifications, clarifications and rectifications with respect to provisions contained in the Prospectus 2025 and other publications related to the admission and allied matters of the regular mode programmes of the University have been made, which may or may not be covered in any information material or publication issued by the University; and therefore are listed below for the information of all the concerned:

1. There are certain updations in important dates, fees and scholarship amounts for Type-A, Type-B and Type-C programmes. For updated details, refer to the University website (under the head Admissions i.e. https://www.lpu.in/admission/ ).
2. B.Sc. (Operation Theatre and Anaesthesia Technology), Bachelor of Social Work (Hons.), Diploma in Child and Elderly Care, B.Sc. (Child and Elderly Care), B.Tech. (ME - Artificial Intelligence and Machine Learning), M.Tech. (Environmental Engineering), M.Tech. (Transportation Engineering), M.Tech. (Electronics and Communication Engineering), B.Tech. (CSE - Robotics and AI), B.Tech. (CSE - Cyber Security, Compliance and Risk), B.Tech. (Hons.) (CSE - Applied AI), Ph.D. (Animation and Visual Design) [Full Time/ Part Time], B.A. (Music Tabla), M.A. (Acting), B.Sc. (Hons.) Cardiovascular Technology, B.Sc. (Hons.) Dialysis Technology, B.Sc. (Hons.) Radio Image Technology, B.Sc. (Hons.) Respiratory Therapy, Ph.D. (Clinical Embryology) programmes are also offered for the session 2025-2026. For eligibility and other details, refer to the University website (under the head Admissions i.e. https://www.lpu.in/admission/).
3. Eligibility of M.Sc (Data Science), MCA, MCA (Hons.) (Data Science), MCA (Hons.) (Artificial Intelligence and Machine Learning) and MCA (Hons.) (Cyber Security) has been updated and for details, refer to the university website (under the head Admissions i.e. https://www.lpu.in/admission/).
4. The programme nomenclature wherever mentioned as
   - B.Sc. (Hotel Management) should be read as B.Sc. (Hotel and Hospitality Management);
   - B.Sc. (Hotel Management) [Lateral Entry] should be read as B.Sc. (Hotel and Hospitality Management) [Lateral Entry];
   - M.Sc. (Hotel Management) should be read as M.Sc. (Hospitality Management);
   - B.Tech. (CSE - Artificial Intelligence and Machine Learning) should be read as B.Tech. (CSE - AI and ML);
   - B.Tech. (CSE - Artificial Intelligence and Machine Learning) [Lateral Entry] should be read as B.Tech. (CSE - AI and ML) [Lateral Entry];
   - B.Tech. (CSE- Generative Artificial Intelligence) should be read as B.Tech. (CSE- Generative AI) [Gen AI];
   - B.Tech (CSE - Big Data Analytics) should be read as B.Tech (CSE - Big Data and AI Analytics);
   - M.Plan should be read as M.Tech. (Urban Planning).;
   - BBA (Digital Marketing) should be read as BBA (Digital Marketing and Artificial Intelligence);
   - BBA (Fintech) should be read as BBA (Fintech and Artificial Intelligence);
   - BBA (Artificial Intelligence) should be read as BBA (Artificial Intelligence and Machine Learning);
   - MBA (Fintech) should be read as MBA (Fintech and Artificial Intelligence);
   - B.Sc. (Non-Medical) should be read as B.Sc. (Physics, Mathematics and Computer Science);
   - M.A. (Public Administration) should be read as M.A. (Public Policy and Public Administration) and
   - B.Tech. (CSE - Machine Intelligence and Data Analytics) should be read as B.Tech (CSE - AI and Data Analytics).

For more details, contact at the University Campus or visit the University website (under the head Admissions i.e. https://www.lpu.in/admission/).

Registrar

9 May Page-8.qxd 5/9/2025 1:07 AM Page 1



## 30 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



**ਬਲਾਚੌਰ (ਜਸਵਿੰਦਰ ਬੈਂਸ)** ਥਾਣਾ ਸਦਰ ਬਲਾਚੌਰ ਪੁਲਸ ਨੇ ਇਕ ਵਿਅਕਤੀ ਨੂੰ ਕਾਬੂ ਕਰਕੇ ਉਸ ਦੇ ਕੋਲੋਂ 30 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਮੁਲਜ਼ਮ ਦੇ ਖਿਲਾਫ ਐਨਡੀਪੀਐਸ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮਾਮਲੇ ਦੇ ਜਾਂਚ ਅਧਿਕਾਰੀ ਏਐਸਆਈ ਪੁਸ਼ਵਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਪੁਲਸ ਪਾਰਟੀ ਸ਼ੱਕੀ ਲੋਕਾਂ ਦੀ ਚੈਕਿੰਗ ਕਰ ਰਹੀ ਸੀ ਕਿ ਇਸੇ ਦੌਰਾਨ ਇਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਦੇ ਕੋਲੋਂ 30 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਮੁਲਜ਼ਮ ਦੀ ਪਹਿਚਾਣ ਹਰਸਿਮਰਨ ਸਿੰਘ ਮਾਨ ਉਰਫ ਸਿੰਮਾ ਪੁੱਤਰ ਅਮਨਦੀਪ ਸਿੰਘ ਵਾਸੀ ਰੱਕੜਾਂ ਢਾਹਾ ਥਾਣਾ ਬਲਾਚੌਰ ਦੇ ਰੂਪ ਵਿੱਚ ਹੋਈ ਹੈ।

## ਚੇਚੀ ਭਲਕੇ ਸੰਭਾਲਣਗੇ ਅਹੁਦਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਜਸਪਾਲ ਸਿੰਘ ਚੇਚੀ ਨੂੰ ਮਾਰਕੀਟ ਕਮੇਟੀ ਮੰਡੀ ਬੋਰਡ ਹੁਸ਼ਿਆਰਪੁਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਆਹੁਦੇ ਦਾ ਚਾਰਜ ਸੰਭਾਲਣ ਵਾਸਤੇ ਸਮਾਗਮ 10 ਮਈ ਸਵੇਰੇ 10 ਤੋਂ 12 ਵਜੇ ਤਕ ਦਾਣਾ ਮੰਡੀ ਰਹੀਮਪੁਰ, ਫਗਵਾੜਾ ਰੋਡ ਹੁਸ਼ਿਆਰਪੁਰ ਵਿਖੇ ਹੋਵੇਗਾ। ਚੇਚੀ ਨੇ ਆਮ ਆਦਮੀ ਪਾਰਟੀ ਦੇ ਚੀਫ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਮੂਹ ਲੀਡਰਸ਼ਿਪ ਅਤੇ ਵਰਕਰਾਂ ਦਾ ਉਹਨਾਂ ਵਿੱਚ ਪ੍ਰਗਟਾਏ ਭਰੋਸੇ ਲਈ ਧੰਨਵਾਦ ਕੀਤਾ।

## ਔਰਤਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇ : ਨਵਿਤਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਅੱਜ ਦੀ ਔਰਤ ਕਿਸੇ ਨਾਲੋਂ ਘੱਟ ਨਹੀਂ ਹੈ, ਔਰਤਾਂ ਨੇ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਹਰ ਥਾਂ ਆਪਣੀ ਪਹਿਚਾਣ ਬਣਾਈ ਹੈ।



ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਸਮਾਜ ਸੇਵਕ ਲੇਖਿਕਾ ਨਵਿਤਾ ਨੇ ਕੀਤਾ। ਉਹਨਾਂ ਕਿਹਾ ਕਿ ਇੱਕ ਔਰਤ ਹੀ ਹੈ ਜੋ ਆਪਣੀ ਨਿੱਕੀ ਤੋਂ ਨਿੱਕੀ ਖਵਾਹਿਸ਼ ਮਾਰ ਕੇ ਵੀ ਆਪਣੇ ਬੱਚਿਆਂ ਦੀ ,ਪਤੀ ਤੇ ਪੂਰੇ ਪਰਵਾਰ ਦੀ ਖੁਸ਼ੀ ਪੂਰੀ ਕਰਦੀ ਹੈ ਪਰ ਸਮਾਜ ਵਿਚ ਅੱਜ ਔਰਤ ਨੂੰ ਉਹ ਰੁਤਬਾ ਨਹੀ ਮਿਲ਼ਿਆ,ਜੋ ਮਿਲਣਾ ਚਾਹੀਦਾ ਸੀ। ਅੱਜ ਦੇ ਸਮਾਜ ਵਿੱਚ ਜਦੋਂ ਕਿਸੇ ਛੋਟੀ ਕਿਸੇ ਦੇ ਘਰ ਛੋਟੀ ਬੱਚੀ ਦਾ ਜਨਮ ਹੁੰਦਾ ਹੈ ਤਾਂ ਸਭ ਦੇ ਚਿਹਰਿਆਂ ਦਾ ਰੰਗ ਉਡ ਜਾਂਦਾ ਹੈ ਤੇ ਜਦੋਂ ਕਿਸੇ ਘਰ ਮੁੰਡਾ ਹੁੰਦਾ ਹੈ ਤਾਂ ਢੋਲ ਵਜਾਏ ਜਾਂਦੇ ਹਨ, ਕੁੜੀਆਂ ਮੁੰਡਿਆਂ ਵਿੱਚ ਵਿਤਕਰਾ ਕੀਤਾ ਜਾਂਦਾ ਹੈ। ਅੱਜ ਔਰਤ ਮਰਦਾਂ ਨਾਲੋਂ ਬਹੁਤ ਅੱਗੇ ਵੱਧ ਗਈ ਹੈ ਫਿਰ ਵੀ ਉਸ ਨੂੰ ਮਰਦਾਂ ਵਾਂਗ ਇੱਜਤ ਆਦਰ ਕਿਉਂ ਨਹੀਂ ਮਿਲਦਾ। ਕੋਈ ਅਦਾਰਾ ਅਜਿਹਾ ਨਹੀਂ ਜਿੱਥੇ ਔਰਤ ਨੇ ਬਾਜੀ ਨਾ ਮਾਰੀ ਹੋਵੇ, ਉਸਨੇ ਪੂਰੀ ਸ਼ਿੱਦਤ ਤੇ ਇਮਾਨਦਾਰੀ ਨਾਲ ਕੰਮ ਕਰਕੇਆਪਣਾ ਇੱਕ ਰੁਤਬਾ ਕਾਇਮ ਕੀਤਾ ਹੈ ।ਆਪਣੀ ਇੱਕ ਪਹਿਚਾਣ ਬਣਾ ਲਈ ਹੈ ।ਚਾਹੇ ਉਹ ਧੀ ਦੇ ਰੂਪ ਵਿੱਚ ਹੋਵੇ ,ਪਤਨੀ ਦੇ ਰੂਪ ਵਿੱਚ, ਮਾਂ ਦੇ ਰੂਪ ਵਿੱਚ ਹੋਵੇ, ਉਸਨੇ ਹਰ ਇੱਕ ਰਿਸ਼ਤਾ ਬੜੀ ਬਾਖੂਬੀ ਨਾਲ ਨਿਭਾਇਆ ਹੈ।ਉਨ੍ਹਾਂ ਔਰਤਾਂ ਨੂੰ ਉਹਨਾਂ ਦਾ ਬਣਦਾ ਸਨਮਾਨ ਦੇਣ ਦੀ ਅਪੀਲ ਕੀਤੀ।

## ਗੁਰਵਿੰਦਰ ਸਿੰਘ ਵਿਰਕ ਸਬ-ਰਜਿਸਟਰਾਰ ਨਿਯੁਕਤ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਵਧੀਕ ਮੁੱਖ ਸਕੱਤਰ ਕਮ ਵਿੱਤੀ ਕਮਿਸ਼ਨਰ (ਮਾਲ ) ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਵੱਲੋਂ ਐਸ.ਡੀ.ਐਮ. ਦਫਤਰ ਵਿਖੇ ਤਾਇਨਾਤ ਸੀਨੀਅਰ ਸਹਾਇਕ ਗੁਰਵਿੰਦਰ ਸਿੰਘ ਵਿਰਕ ਨੂੰ ਜੁਆਇੰਟ ਸਬ ਰਜਿਸਟਰਾਰ ਸਬ ਤਹਿਸੀਲ ਤਲਵੰਡੀ ਚੌਧਰੀਆਂ ਵੱਜੋ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਵੀ ਗੁਰਵਿੰਦਰ ਸਿੰਘ ਵਿਰਕ ਤਹਿਸੀਲ ਸੁਲਤਾਨਪੁਰ ਲੋਧੀ ਵਿਖੇ ਬਤੌਰ ਸਬ ਰਜਿਸਟਰਾਰ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ।

## ਅਵਤਾਰ ਐਜੂਕੇਸ਼ਨਲ ਟਰੱਸਟ ਵੱਲੋਂ ਪਹਿਲਗਾਮ ਕਾਂਡ ਦੀ ਨਿੰਦਾ




**ਚੰਡੀਗੜ੍ਹ (ਗੁਰਜੀਤ ਬਿੱਲਾ)** ਅਵਤਾਰ ਐਜੂਕੇਸ਼ਨਲ ਟਰੱਸਟ ਪਹਿਲਗਾਮ ਵਿੱਚ ਹੋਏ ਦਰਿੰਦਗੀ ਭਰੇ ਅੱਤਵਾਦੀ ਹਮਲੇ ਦੀ ਕੜੀ ਨਿੰਦਾ ਕਰਦਾ ਹੈ, ਜਿਸ ਵਿੱਚ 26 ਬੇਗੁਨਾਹ ਨਾਗਰਿਕਾਂ, ਸੈਲਾਨੀਆਂ ਅਤੇ ਇੱਕ ਕਸ਼ਮੀਰੀ ਨੌਜਵਾਨ ਸਮੇਤ ਬੇਗੁਨਾਹ ਲੋਕਾਂ ਦੀ ਜਾਨ ਗਈ।ਅਸੀਂ ਇਸ ਮੁਸ਼ਕਲ ਘੜੀ ਵਿੱਚ ਪੀੜਤ ਪਰਵਾਰਾਂ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਸਮਰਥਨ ਵਿਚ ਖੜੇ ਹਾਂ। ਇਸ ਤਰ੍ਹਾਂ ਦੇ ਹਿੰਸਕ ਕੰਮ ਇੱਕ ਸੱਭਿਆਚਾਰਕ ਸਮਾਜ ਵਿੱਚ ਕੋਈ ਥਾਂ ਨਹੀਂ ਰੱਖਦੇ ਅਤੇ ਸਾਡੇ ਸ਼ਾਂਤੀ, ਮਨੁੱਖਤਾ ਅਤੇ ਏਕਤਾ ਦੇ ਬੁਨਿਆਦੀ ਢਾਂਚੇ ਨੂੰ ਚੁਣੌਤੀ ਦਿੰਦੇ ਹਨ।ਦ ਹੇਰਿਟੇਜ ਪਬਲਿਕ ਹਾਈ ਸਕੂਲ (ਅਵਤਾਰ ਐਜੂਕੇਸ਼ਨਲ ਟਰੱਸਟ ਦੇ ਤਹਿਤ), ਜਗਤਪੁਰਾ ਨੇ 8 ਮਈ 2025 ਨੂੰ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸ਼ਰਧਾ, ਪ੍ਰੇਮ ਅਤੇ ਸ਼ਾਂਤੀ ਭਰੇ ਮਾਹੌਲ ਵਿੱਚ ਕਰਵਾਇਆ, ਜੋ ਦੇਰ ਅਵਤਾਰ ਸਿੰਘ ਸੰਧੂ , ਟਰੱਸਟ ਦੇ ਦ੍ਰਿਸ਼ਟੀਕੋਣ ਨੂੰ ਯਾਦ ਕਰਨ ਲਈ ਰੱਖਿਆ ਗਿਆ ਸੀ।ਇਸ ਮੌਕੇ 'ਤੇ ਟਰੱਸਟੀ, ਸਹਿਯੋਗੀ ਟਰੱਸਟੀ, ਵਿਦਿਆਰਥੀ ਅਤੇ ਸਕੂਲ ਦਾ ਸਟਾਫ ਸ਼ਾਮਲ ਸੀ। ਚਾਹ ਦਾ ਲੰਗਰ ਵੀ ਵਰਤਾਇਆ ਗਿਆ।

## ਸਰਕਾਰੀ ਕਾਲਜ ਦਾ ਪ੍ਰਾਸਪੈਕਟਸ ਰਿਲੀਜ਼



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਸਰਕਾਰੀ ਕਾਲਜ ਡੇਰਾ ਬੱਸੀ ਦੇ ਪ੍ਰਿੰਸੀਪਲ ਸ੍ਰੀਮਤੀ ਗਿਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ ਕਾਲਜ ਦਾ ਸੈਸ਼ਨ 2025-26 ਦਾ ਪ੍ਰਾਸਪੈਕਟਸ, ਕਾਲਜ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਰਵਾਏ ਗਏ ਪ੍ਰੋਗਰਾਮ ਵਿਚ ਪਹੁੰਚੇ ਤਹਿਸੀਲਦਾਰ ਡੇਰਾ ਬੱਸੀ ਸੁਮਿਤ ਸਿੰਘ ਢਿੱਲੋਂ ਅਤੇ ਪ੍ਰਿੰਸੀਪਲ ਵੱਲੋਂ ਰਿਲੀਜ਼ ਕੀਤਾ ਗਿਆ। ਉਹਨਾਂ ਕਿਹਾ ਕਿ ਕਾਲਜ ਦਾ ਪ੍ਰਾਸਪੈਕਟਸ ਇਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜਿਸ ਦੇ ਜ਼ਰੀਏ ਵਿਦਿਆਰਥੀਆਂ ਦੀ ਕਾਲਜ ਨਾਲ ਪਹਿਲੀ ਜਾਣ-ਪਛਾਣ ਹੁੰਦੀ ਹੈ। ਉਹਨਾਂ ਨੂੰ ਇਸ ਪ੍ਰਾਸਪੈਕਟਸ ਰਾਹੀਂ ਕਾਲਜ ਵਿਚ ਦਾਖਲੇ ਦੇ ਨਿਯਮਾਂ, ਅਧਿਆਪਨ ਦੇ ਕੋਰਸਾਂ, ਫੀਸਾਂ ਤੇ ਫੰਡਾਂ, ਵਜੀਫੇ ਤੇ ਇਨਾਮਾਂ, ਸਹਿ-ਪਾਠਕ੍ਰਮ ਸਰਗਰਮੀਆਂ, ਪ੍ਰਬੰਧਕੀ ਅਤੇ ਦਾਖਲਾ ਕਮੇਟੀਆਂ, ਦਾਖ਼ਲੇ ਸਬੰਧੀ ਮਿਤੀਆਂ, ਕਾਲਜ ਦੇ ਵਿਭਿੰਨ ਕਲੱਬਾਂ, ਸੋਸਾਇਟੀਆਂ, ਸਭਾਵਾਂ ਅਤੇ ਸਾਰੇ ਸੈਸ਼ਨ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ਼ ਜਾਣਕਾਰੀ ਮਿਲ ਜਾਵੇਗੀ। ਉਹਨਾਂ ਦੱਸਿਆ ਕਿ ਕਾਲਜ ਪ੍ਰਾਸਪੈਕਟਸ ਦੀ ਪੀਡੀਐੱਫ ਕਾਲਜ ਵਿਚ ਦਾਖ਼ਲਾ ਲੈਣ ਦੇ ਇੱਛੁਕ ਉਮੀਦਵਾਰਾਂ ਲਈ ਦਾਖ਼ਲਾ ਪੋਰਟਲ ਅਤੇ ਕਾਲਜ ਦੀ ਵੈੱਬਸਾਈਟ ਉੱਪਰ ਮੁਫ਼ਤ ਵਿਚ ਉਪਲਬਧ ਕਰਵਾਈ ਗਈ ਹੈ।

## ਆਂਗਣਵਾੜੀ ਸੈਂਟਰ ਸਿੰਘਪੁਰ ਵਿਖੇ ਮਮਤਾ ਦਿਵਸ ਮਨਾਇਆ



**ਬਲਾਚੌਰ (ਜਸਵਿੰਦਰ ਬੈਂਸ)** ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਨਵਰੀਤ ਕੌਰ ਦੀ ਅਗਵਾਈ ਹੇਠ ਆਗਣਵਾੜੀ ਸੈਂਟਰ ਸਿੰਘਪੁਰ ਵਿਖੇ ਮਮਤਾ ਦਿਵਸ ਮਨਾਇਆ ਗਿਆ। ਜਿਸ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਜਸਵਿੰਦਰ ਕੌਰ ਰਜਨੀ ਵੱਲੋਂ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ ਅਤੇ ਜਣੇਪਾ ਸਰਕਾਰੀ ਹਸਪਤਾਲ ਵਿਚ ਕਰਾਉਣ ਲਈ ਪ੍ਰੇਰਿਤ ਕੀਤਾ ਅਤੇ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਜਾਗਰੂਕ ਕੀਤਾ। ਆਭਾ ਹੈਲਥ ਕਾਰਡ ਬਣਾਉਣ ਲਈ ਅਤੇ ਮਲੇਰੀਆ ਡੇਂਗੂ ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਓ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸੀ ਐਚ ਓ ਕਵਿਤਾ ਵਲੋਂ ਬਲੱਡ ਪਰੈਸ਼ਰ ਅਤੇ ਸ਼ੂਗਰ ਦੀਆਂ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੁਮਨ ਆਸ਼ਾ ਵਰਕਰ ਗੀਤਾ ਆਂਗਣਵਾੜੀ ਵਰਕਰ ਸੀਤਾ ਹੈਲਪਰ ਅਤੇ ਪਿੰਡ ਵਾਸੀ ਹਾਜ਼ਰ ਸਨ।

## ਸ਼ੋਕ ਸਮਾਚਾਰ



**ਆਦਮਪੁਰ (ਪਰਮਜੀਤ ਸਿੰਘ)**- ਪਿੰਡ ਕੋਟਲੀ ਥਾਨ ਸਿੰਘ (ਜਲੰਧਰ) ਦੇ ਪਰਮਜੀਤ ਸਿੰਘ ਪੰਮਾਂ (ਸੰਧਰ) ਤੇ ਜਥੇਦਾਰ ਮਨਜੀਤ ਸਿੰਘ ਬਿੱਲਾ (ਸੰਧਰ) ਦੇ ਸਤਿਕਾਰਯੋਗ ਮਾਤਾ ਮਹਿੰਦਰ ਕੌਰ ਪਤਨੀ ਸਵ. ਪ੍ਰੀਤਮ ਸਿੰਘ ਜੋ ਕਿ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਬੀਤੇ ਦਿਨ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੇ ਨਮਿਤ ਰੱਖੇ ਗਏ, ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਦੀ ਰਸਮ 12 ਮਈ ਦਿਨ ਸੋਮਵਾਰ ਉਹਨਾਂ ਦੇ ਗ੍ਰਹਿ ਪਿੰਡ ਕੋਟਲੀ ਥਾਨ ਸਿੰਘ, ਜ਼ਿਲ੍ਹਾ ਜਲੰਧਰ ਵਿਖੇ ਬਾਅਦ ਦੁਪਿਹਰ 12 ਤੋਂ 2 ਵਜੇ ਤੱਕ ਹੋਵੇਗੀ।

# ਪਾਕਿਸਤਾਨ ਵੱਲੋਂ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਨਾ ਮੰਦਭਾਗਾ : ਲਖਵਿੰਦਰ ਲੱਖੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਜੰਮੂ-ਕਸ਼ਮੀਰ ਵਿੱਚ ਪਾਕਿਸਤਾਨੀ ਫੌਜ ਨੇ ਗੁਰਦੁਆਰਾ ਸਾਹਿਬ 'ਤੇ ਮਿਜ਼ਾਈਲ ਸੁੱਟ ਕੇ ਸਿੱਖਾਂ ਨੂੰ ਸ਼ਹੀਦ ਕਰਨ ਦਾ ਜਿਹੜਾ ਨਾਪਾਕ ਕਾਰਨਾਮਾ ਕੀਤਾ ਹੈ ਉਸਨੂੰ ਦੁਨੀਆਂ ਭਰ ਦੇ ਸਿੱਖ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕਰਨਗੇ ਅਤੇ ਅਜਿਹੀ ਘਟੀਆ ਹਰਕਤ ਦਾ ਪਾਕਿਸਤਾਨ ਨੂੰ ਖਮਿਆਜ਼ਾ ਜ਼ਰੂਰ ਭੁਗਤਣਾ ਪਵੇਗਾ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਕੀਤਾ 'ਤੇ ਕਿਹਾ ਕਿ ਪਹਿਲਗਾਮ 'ਚ ਹੋਏ ਨਰਸੰਹਾਰ ਦਾ ਬਦਲਾ ਲੈਣ ਲਈ ਮੋਦੀ ਸਰਕਾਰ ਅਤੇ ਭਾਰਤ ਦੀ ਫੌਜ ਨੇ ਜਿਹੜੀ ਕਾਰਵਾਈ ਕਰਕੇ ਅੱਤਵਾਦੀਆਂ ਨੂੰ ਅਤੇ ਉਨ੍ਹਾਂ ਦੇ ਅੱਡਿਆਂ ਨੂੰ ਖਤਮ ਕਰ ਦਿੱਤਾ ਹੈ ਉਸ ਤੋਂ ਪਾਕਿਸਤਾਨ ਦੀ ਸਰਕਾਰ ਬੌਖਲਾ ਗਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਆਪਣੀਆਂ ਕੋਝੀਆਂ ਕਰਤੂਤਾਂ 'ਤੇ ਉਤਰ ਆਈ ਹੈ ਅਤੇ ਨਿਹੱਥੇ ਲੋਕਾਂ ਦੇ ਘਰਾਂ ਅਤੇ ਧਾਰਮਿਕ ਸਥਾਨਾਂ 'ਤੇ ਬੰਬ ਮਿਜ਼ਾਈਲਾਂ ਸੁੱਟਣ ਲੱਗ ਪਈ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨ ਪੁਣਛ ਜ਼ਿਲ੍ਹੇ 'ਚ ਪੈਂਦੇ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਕੇ ਪਾਕਿਸਤਾਨੀ ਫੌਜ ਨੇ ਜਿਹੜੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਹੈ ਉਸਦੀ ਅਜਿਹੀ ਕੋਝੀ ਕਰਤੂਤ ਦੀ ਸਾਰਾ ਸਿੱਖ ਜਗਤ ਨਿੰਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਸਿੱਖ ਕੌਮ ਕਿਸੇ ਨਾਲ ਵੀ ਜ਼ਿਆਦਤੀ ਨਹੀਂ ਕਰਦੀ, ਪਰ ਜੇਕਰ ਉਨ੍ਹਾਂ ਦੇ ਧਾਰਮਿਕ ਸਥਾਨਾਂ ਨਾਲ ਕੋਈ ਛੇੜਖਾਨੀ ਕਰਦਾ ਹੈ ਤਾਂ ਸਿੱਖ ਕੌਮ ਉਨ੍ਹਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਪਾਕਿਸਤਾਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਹੋਏ ਸ਼ਹੀਦਾਂ ਦੇ ਬਲਿਦਾਨ ਦਾ ਹਿਸਾਬ ਪਾਕਿਸਤਾਨ ਤੋਂ ਜ਼ਰੂਰ ਲਿਆ ਜਾਵੇਗਾ। ਆਖਿਰ ਵਿੱਚ ਉਨ੍ਹਾਂ ਨੇ ਸਿੱਖ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਸ਼ਹੀਦਾਂ ਦਾ ਹਿਸਾਬ ਪਾਕਿਸਤਾਨ ਤੋਂ ਜ਼ਰੂਰ ਲਿਆ ਜਾਵੇ।

# ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕਾਂ ਨੂੰ ਸੰਜਮ ਨਾਲ ਖ਼ਰੀਦਦਾਰੀ ਕਰਨ ਦੀ ਅਪੀਲ



**ਜਲੰਧਰ (ਸ਼ੈਲੀ ਐਲਬਰਟ, ਗੁਰਿੰਦਰ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਾਗਰਿਕਾਂ ਨੂੰ ਸੰਜਮ ਨਾਲ ਅਤੇ ਸੋਚ-ਵਿਚਾਰ ਕੇ ਖ਼ਰੀਦਦਾਰੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਘਬਰਾਹਟ ਵਿੱਚ ਆ ਕੇ ਘਬਰਾਹਟ ਖ਼ਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਕਿਸੇ ਵੀ ਤਰ੍ਹਾਂ ਦੇ ਐਮਰਜੈਂਸੀ ਹਾਲਾਤ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੇ ਨਾਲ ਖੜ੍ਹਾ ਹੈ। ਡਾ. ਅਗਰਵਾਲ ਨੇ ਕਿਹਾ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਹਾਲਾਤ ਦੌਰਾਨ ਪੰਜਾਬ ਸਰਕਾਰ ਵੱਲੋਂ ਜਨਤਾ ਨੂੰ ਹਰ ਪ੍ਰਕਾਰ ਦੀ ਸਹਾਇਤਾ ਤੇ ਸਹਿਯੋਗ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜ਼ਰੂਰੀ ਵਸਤਾਂ ਸਮੇਤ ਕਿਸੇ ਵੀ ਚੀਜ਼ ਦੀ ਜਮ੍ਹਾਖੋਰੀ ਬਿਲਕੁੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਜਮ੍ਹਾਖੋਰੀ ਜਾਂ ਕਾਲਾਬਾਜ਼ਾਰੀ ਕਰਦਾ ਪਾਇਆ ਗਿਆ, ਤਾਂ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਡੀ.ਐਫ.ਐਸ.ਸੀ. ਨੂੰ ਜਮ੍ਹਾਖੋਰੀ 'ਤੇ ਸਖ਼ਤ ਨਿਗਰਾਨੀ ਰੱਖਣ ਅਤੇ ਗਲਤ ਇਰਾਦੇ ਨਾਲ ਥੋਕ ਵਿੱਚ ਖ਼ਰੀਦਦਾਰੀ ਕਰਨ ਵਾਲਿਆਂ ਦੀ ਸੂਚੀ ਤਿਆਰ ਕਰਕੇ ਪ੍ਰਸ਼ਾਸਨ ਨਾਲ ਸਾਂਝੀ ਕਰਨ ਦੇ ਨਿਰਦੇਸ਼ ਵੀ ਦਿੱਤੇ। ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਡੀ.ਐਫ.ਐਸ.ਸੀ. ਨਰਿੰਦਰ ਸਿੰਘ ਵੱਲੋਂ ਡੀ. ਮਾਰਟ ਸਮੇਤ ਵੱਖ-ਵੱਖ ਸਟੋਰਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਪ੍ਰਬੰਧਕਾਂ ਨੂੰ ਵਿਅਕਤੀਗਤ ਲੋਕਾਂ ਨੂੰ ਥੋਕ ਵਿੱਚ ਸਾਮਾਨ ਨਾ ਵੇਚਣ ਅਤੇ ਗਾਹਕਾਂ ਨੂੰ ਵੀ ਬਿਨਾਂ ਲੋੜ ਤੋਂ ਥੋਕ ਵਿੱਚ ਖ਼ਰੀਦਦਾਰੀ ਨਾ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ। ਡੀ.ਐਫ.ਐਸ.ਸੀ. ਨੇ ਦੱਸਿਆ ਕਿ ਸਟੋਰ ਵਿੱਚ ਨਿਯਮਿਤ ਤੌਰ 'ਤੇ ਘੋਸ਼ਣਾਵਾਂ ਵੀ ਕਰਵਾਈਆਂ ਜਾ ਰਹੀਆਂ ਹਨ ਕਿ ਨਿਯਮਿਤ ਲੋੜ ਮੁਤਾਬਕ ਹੀ ਸਾਮਾਨ ਖਰੀਦਿਆ ਜਾਵੇ।

# ਸੈਣੀ ਵੈੱਲਫੇਅਰ ਸੋਸਾਇਟੀ ਦੀ ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ 'ਤੇ ਚਰਚਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸੈਣੀ ਵੈਲਫੇਅਰ ਸੋਸਾਇਟੀ ਰਜਿਸਟਰ ਟਾਂਡਾ ਉੜਮੁੜ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਸੋਸਾਇਟੀ ਦੇ ਚੀਫ ਸ੍ਰਪਰਸਤ ਮਾਸਟਰ ਅੰਮ੍ਰਿਤਪਾਲ ਉਹੜਪੁਰ ਦੇ ਦਿਸ਼ਾ-ਨਿਰਦੇਸ਼ਾਂ ਤੇ ਪ੍ਰਧਾਨ ਮਾਸਟਰ ਲਸ਼ਮਣ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਦੌਰਾਨ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਜਿੱਥੇ ਸੈਣੀ ਭਾਈਚਾਰੇ ਨੂੰ ਮੌਜੂਦਾ ਸਮੇਂ ਵਿੱਚ ਦਰਪੇਸ਼ ਮੁਸ਼ਕਿਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ ਉੱਥੇ ਹੀ ਅਪ੍ਰੈਲ ਮਹੀਨੇ ਦੌਰਾਨ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਮਾਰੇ ਗਏ ਨਿਰਦੋਸ਼ ਸੈਲਾਨੀਆਂ ਦੀ ਘਟਨਾ ਤੇ ਪਾਕਿਸਤਾਨ ਦੀ ਨਿਖੇਧੀ ਕੀਤੀ ਅਤੇ ਭਾਰਤ ਵੱਲੋਂ ਪਾਕਿਸਤਾਨ 'ਤੇ ਕੀਤੇ ਗਏ ਜਵਾਬੀ ਹਮਲੇ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਪ੍ਰਧਾਨ ਮਾਸਟਰ ਲਸ਼ਮਣ ਸਿੰਘ ਤੇ ਸੋਸਾਇਟੀ ਦੇ ਹੋਰਨੰ ਮੈਂਬਰਾਂ ਨੇ ਹਲਕਾ ਟਾਂਡਾ ਦੇ ਨਾਮਵਾਰ ਸਿੱਖਿਆ ਸਾਸਤਰੀ ਡਾ. ਜਸਵਿੰਦਰ ਸਿੰਘ ਖੁਣਖੁਣ ਕਲਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਚੰਡੀਗੜ੍ਹ ਵਿੱਚ ਪ੍ਰਿੰਸੀਪਲ ਬਣਨ 'ਤੇ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਅਹਿਮ ਉਪਰਾਲਿਆ 'ਤੇ ਵੀ ਚਰਚਾ ਕੀਤੀ। ਮੀਟਿੰਗ ਵਿੱਚ ਕਣਕ ਦੇ ਸੀਜਨ ਉਪਰੰਤ ਕਿਸਾਨਾਂ ਨੂੰ ਕਣਕ ਦੇ ਨਾੜ ਅਤੇ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਗਈ। ਇਸ ਤੋਂ ਇਸ ਤੋਂ ਇਲਾਵਾ ਧਰਤੀ ਹੇਠਲੇ ਪਾਣੀ ਦੇ ਪੱਧਰ ਅਤੇ ਦੀ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਕਿਸਾਨਾਂ ਨੂੰ ਘੱਟ ਪਾਣੀ ਖਪਤ ਵਾਲੀਆਂ ਫਸਲਾਂ ਦੀ ਬਿਜਾਈ ਕਰਨ ਲਈ ਅਪੀਲ ਕੀਤੀ ਕੀਤੀ ਗਈ। ਮੀਟਿੰਗ ਦੌਰਾਨ ਸ਼ਿਵ ਪੂਰਨ ਸਿੰਘ ਜਹੂਰਾ, ਸਿਮਰਨ ਸਿੰਘ ਹਰਸੀ ਪਿੰਡ, ਪ੍ਰੋਫੈਸਰ ਮਲਕੀਤ ਸਿੰਘ ਉਹੜਪੁਰ, ਅਸ਼ੋਕ ਕੁਮਾਰ ਸੈਣੀ, ਮਗਜੀਤ ਗੰਬੋਵਾਲ, ਅਰਵਿੰਦ ਕਲੋਟੀ, ਮਾਸਟਰ ਹਰਦੀਪ ਸਿੰਘ, ਅਮਰਜੀਤ ਸਿੰਘ ਝੱਜੀ ਪਿੰਡ, ਜੋਗਿੰਦਰ ਸਿੰਘ, ਤਰਲੋਚਨ ਸਿੰਘ ਕੁਰਾਲਾ, ਮਹਾਵੀਰ ਸਿੰਘ ਮਸੀਤੀ,ਐਕਸ ਚੇਅਰਮੈਨ ਜਰਨੈਲ ਸਿੰਘ ਜਾਜਾ, ਐਸ.ਡੀ.ਓ ਜਸਵੀਰ ਸਿੰਘ ਖੁੱਡਾ ਵੀ ਹਾਜਰ ਸਨ।

# 60 ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ



**ਬਲਾਚੌਰ (ਜਸਵਿੰਦਰ ਬੈਂਸ)** ਸਬ ਇੰਸਪੈਕਟਰ ਸਤਨਾਮ ਸਿੰਘ ਐਸ ਐਚ ਓ ਥਾਣਾ ਸਿਟੀ ਬਲਾਚੌਰ ਅਤੇ ਏ ਐਸ ਆਈ ਲਖਵੀਰ ਚੰਦ ਦੀ ਸਾਥੀ ਟੀਮ ਵੱਲੋਂ ਸੁਖਵਿੰਦਰ ਸਿੰਘ ਉਰਫ ਸੁੱਖੀ ਪੁੱਤਰ ਪ੍ਰਤਾਪ ਸਿੰਘ ਵਾਸੀ ਨੇੜੇ ਬਾਬਾ ਦੀਪ ਸਿੰਘ ਗੁਰਦੁਆਰਾ ਸਾਹਿਬ ਵਾਰਡ ਨੰਬਰ ਤਿੰਨ ਬਲਾਚੌਰ ਥਾਣਾ ਸਿਟੀ ਨੂੰ 60 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਮੁਕੱਦਮਾ ਨੰਬਰ 60 ਮਿਤੀ 6 - 5 - 2025 ਅ/ਧ 22 ਐਨ ਡੀ ਪੀ ਐਸ ਐਕਟ ਅਤੇ 111 ਬੀ ਐਨ ਐਸ ਥਾਣਾ ਸਿਟੀ ਬਲਾਚੌਰ ਵਿਖੇ ਦਰਜ ਕੀਤਾ ਗਿਆ ਹੈ। ਕਥਿਤ ਦੋਸ਼ੀ ਦੇ ਇੰਕਸ਼ਾਫ 'ਤੇ ਅਵਤਾਰ ਸਿੰਘ ਉਰਫ ਮੌਂਟੀ ਪੁੱਤਰ ਹਰਚਰਨ ਸਿੰਘ ਵਾਸੀ ਜਗਤਪੁਰ ਰੋਡ ਬਲਾਚੌਰ ਨੂੰ ਦੋਸ਼ੀ ਨਾਮਜਾਦ ਕਰਕੇ ਮੁਕੱਦਮਾ ਉਕਤ ਵਿੱਚ ਵਾਧਾ ਜੁਰਮ 29 ਐਨ ਡੀ ਪੀ ਐਸ ਐਕਟ ਦਾ ਕੀਤਾ ਗਿਆ।

# ਸਕੂਲ 'ਚ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ )**— ਸਰਕਾਰੀ ਸੀਨੀਅਰ ਸੈਕਡੰਰੀ ਸਮਾਰਟ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਵਿਸ਼ਵ ਰੈਡ ਕਰਾਸ ਦਿਵਸ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਕਰਵਾਏ ਗਏ ਸਮਾਰੋਹ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਰਾਜਨ ਅਰੋੜਾ ਵੱਲੋਂ ਰੈਡਕਰਾਸ ਦੇ ਸੰਸਥਾਪਕ ਸਰ ਹੈਨਰੀ ਡੂਨਾਂਟ ਦੇ ਫੋਟੋ ਉੱਤੇ ਫੁੱਲ ਚੜ੍ਹਾ ਕੇ ਕੀਤੀ ਗਈ। ਮੰਚ ਦਾ ਸੰਚਾਲਨ ਰੈਡਕਰਾਸ ਇੰਚਾਰਜ ਸ੍ਰੀਮਤੀ ਮੀਨਾ ਕੁਮਾਰੀ ਵੱਲੋਂ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਵਿੱਚ ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਵੱਲੋਂ ਇੱਕ ਕਵਿਤਾ ਦਾ ਉਚਾਰਣ ਕੀਤਾ ਗਿਆ।ਨਿਕਿਤਾ ਕਲਸੀ ਵੱਲੋਂ ਰੈਡਕਰਾਸ ਦੇ ਇਤਿਹਾਸ ਉੱਤੇ ਭਾਸ਼ਣ ਪੇਸ਼ ਕੀਤਾ ਗਿਆ।ਵਿਦਿਆਰਥਣਾਂ ਵਿਚਕਾਰ ਨਸ਼ਿਆਂ ਦੇ ਵਿਰੁੱਧ ਅਤੇ ਵਾਤਾਵਰਨ ਦੀ ਸਾਂਭ ਸੰਭਾਲ ਦੇ ਵਿਸ਼ੇ ਉੱਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਨੇ ਸਟਾਫ਼ ਅਤੇ ਸਮੂਹ ਵਿਦਿਆਰਥਣਾਂ ਨੂੰ ਵਿਸ਼ਵ ਰੈਡਕਰਾਸ ਦਿਵਸ ਦੇ ਸਬੰਧ ਵਿੱਚ ਸੰਬੋਧਿਤ ਕੀਤਾ ਗਿਆ। ਉਹਨਾਂ ਨੇ ਰੈਡਕ੍ਰਾਸ ਦੇ ਇਤਿਹਾਸ, ਭਾਈ ਘਨ੍ਹਈਆ ਜੀ ਦੇ ਜੀਵਨ ਅਤੇ ਸਿੱਖਿਆਵਾਂ ਅਤੇ ਰੈਡਕ੍ਰਾਸ ਦੇ ਸਿਧਾਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਸ਼੍ਰੀਮਤੀ ਪੁਨੀਤ, ਸ਼੍ਰੀਮਤੀ ਰਵਿੰਦਰ ਕੌਰ ਆਦਿ ਹਾਜਰ ਸਨ।

# ਫੈਲਾਈਆਂ ਜਾ ਰਹੀਆਂ ਅਫ਼ਵਾਹਾਂ 'ਤੇ ਗੌਰ ਨਾ ਕੀਤਾ ਜਾਵੇ : ਡਿਪਟੀ ਕਮਿਸ਼ਨਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਵਿਚ ਭਾਰਤ-ਪਾਕਿ ਤਣਾਅ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਜ਼ਰੂਰੀ ਵਸਤਾਂ, ਜਿਵੇਂ ਤੇਲ, ਰਸੋਈ ਗੈਸ, ਦਵਾਈਆਂ ਅਤੇ ਰਾਸ਼ਨ ਆਦਿ ਦੀ ਕੋਈ ਘਾਟ ਨਹੀਂ ਹੈ। ਇਸ ਲਈ ਲੋਕ ਬਿਨਾਂ ਸੋਚੇ ਸਮਝੇ ਇਹ ਵਸਤਾਂ ਭੰਡਾਰ ਕਰਕੇ ਕਾਲਾਬਾਜ਼ਾਰੀ ਨੂੰ ਉਤਸ਼ਾਹਿਤ ਨਾ ਕਰਨ। ਉਨ੍ਹਾਂ ਜ਼ਰੂਰੀ ਵਸਤਾਂ ਦਾ ਭੰਡਾਰ ਕਰਕੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੋ ਵੀ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ, ਉਸ ਖਿਲਾਫ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜ਼ਰੀਏ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਅਤੇ ਦਿੱਤੀਆਂ ਜਾ ਰਹੀਆਂ ਗੈਰ-ਜ਼ਰੂਰੀ ਸਲਾਹਾਂ ਉੱਤੇ ਅਮਲ ਨਾ ਕਰਨ। ਉਨ੍ਹਾਂ ਕਿਹਾ ਕਿ ਹਰੇਕ ਸੂਚਨਾ, ਖ਼ਬਰ ਜਾਂ ਸਲਾਹ ਦੀ ਪੁਸ਼ਟੀ ਕਰਕੇ ਉਸ ਉੱਤੇ ਅਮਲ ਕੀਤਾ ਜਾਵੇ ਅਤੇ ਉਸ ਨੂੰ ਤਾਂ ਹੀ ਅੱਗੇ ਸ਼ੇਅਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਿਨਾਂ ਸੋਚੇ ਅਜਿਹੀਆਂ ਖ਼ਬਰਾਂ ਜਾਂ ਸਲਾਹਾਂ ਨੂੰ ਸ਼ੇਅਰ ਕਰਕੇ ਆਮ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਨਾ ਪੈਦਾ ਕੀਤਾ ਜਾਵੇ।

# ਕਿਸਾਨ ਖੇਤੀਬਾੜੀ 'ਵਰਸਿਟੀ ਵੱਲੋਂ ਸਿਫਾਰਸ਼ਸ਼ੁਦਾ ਝੋਨੇ ਦੀਆਂ ਕਿਸਮਾਂ ਹੀ ਬੀਜਣ : ਮੁੱਖ ਖੇਤੀਬਾੜੀ ਅਫ਼ਸਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਅਤੇ ਕਿਸਾਨਾਂ ਦੇ ਬੀਜ 'ਤੇ ਆਉਣ ਵਾਲੇ ਖ਼ਰਚ ਨੂੰ ਬਚਾਉਣ ਲਈ ਪਿਛਲੇ ਦਿਨਾਂ ਵਿਚ ਪੰਜਾਬ ਸਰਕਾਰ ਵੱਲੋਂ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਵਿਕਰੀ 'ਤੇ ਪੰਜਾਬ ਰਾਜ ਵਿਚ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਦਪਿੰਦਰ ਸਿੰਘ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਦੇ ਬੀਜ ਦੀ ਚੋਣ ਕਰਨ ਅਤੇ ਪਨੀਰੀ ਵਜੋਂ ਬੀਜਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਿਸਮਾਂ ਦਾ ਬੀਜ ਜ਼ਿਲ੍ਹੇ ਵਿਚ ਮੌਜੂਦ ਵੱਖ-ਵੱਖ ਇਨਪੁਟ ਡੀਲਰਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵਿਖੇ ਮੌਜੂਦ ਹੈ। ਉਨ੍ਹਾਂ ਕਿਹਾ ਕਿ ਕਿਸਾਨ ਇਨ੍ਹਾਂ ਬੀਜਾਂ ਦੀ ਵਰਤੋਂ ਕਰਕੇ ਜਿਥੇ ਬੀਜ ਉੱਤੇ ਹੋਣ ਵਾਲੇ ਖ਼ਰਚ ਨੂੰ ਘਟਾ ਸਕਦੇ ਹਨ ਅਤੇ ਇਸ ਦੇ ਨਾਲ ਹੀ ਉਹ ਸਿਫਾਰਸ਼ਸ਼ੁਦਾ ਕਿਸਮਾਂ ਤੋਂ ਬੀਜ ਤਿਆਰ ਕਰਕੇ ਇਸ ਨੂੰ ਅਗਲੇ ਸਾਲਾਂ ਦੌਰਾਨ ਵੀ ਵਰਤ ਸਕਦੇ ਹਨ। ਉਨ੍ਹਾਂ ਕਿਹਾ ਕਿ ਪੀ.ਏ.ਯੂ ਵਲੋਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਵੀ ਸਿਫਾਰਸ਼ ਕੀਤੀ ਗਈ ਹੈ, ਜਿਸ ਵਿਚ ਪੀ.ਆਰ-126 ਕਿਸਾਨਾਂ ਵਿਚ ਪ੍ਰਚਲਿਤ ਹੈ। ਇਹ ਕਿਸਮ ਘੱਟ ਸਮੇਂ ਵਿਚ ਪੱਕ ਕੇ ਵਧੀਆ ਝਾੜ ਦਿੰਦੀ ਹੈ। ਇਸ ਤੋਂ ਇਲਾਵਾ ਪੀ.ਏ.ਯੂ ਵਲੋਂ ਪੀ.ਆਰ-128, 129, 130, 131 ਅਤੇ 132 ਦੀ ਵੀ ਸਿਫਾਰਸ਼ ਕੀਤੀ ਗਈ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਇਲਾਕੇ ਵਿਚ ਕੋਈ ਵੀ ਬੀਜ ਵਿਕਰੇਤਾ ਅਣਅਧਿਕਾਰਤ ਤੌਰ 'ਤੇ ਹਾਈਬ੍ਰਿਡ ਬੀਜ ਦੀ ਵਿਕਰੀ ਕਰਦਾ ਹੈ ਤਾਂ ਉਸ ਸਬੰਧੀ ਸੂਚਨਾ ਨੇੜਲੇ ਬਲਾਕ ਖੇਤੀਬਾੜੀ ਅਫ਼ਸਰ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਕਿਸਾਨ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਸਬੰਧਤ ਡੀਲਰ ਵਿਰੁੱਧ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸਮੂਹ ਬਲਾਕਾਂ ਵਿਚ ਡੀਲਰਾਂ ਦੀ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਹਾਈਬ੍ਰਿਡ ਬੀਜ ਦੀ ਵਿਕਰੀ 'ਤੇ ਪੂਰਨ ਪਾਬੰਦੀ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

# ਮੁਅੱਤਲ ਕੀਤੇ ਸਕੂਲ ਇੰਚਾਰਜ ਗੁਰਪ੍ਰਤਾਪ ਸਿੰਘ ਨੂੰ ਬਿਨਾਂ ਸ਼ਰਤ ਬਹਾਲ ਕੀਤਾ ਜਾਵੇ : ਖਹਿਰਾ, ਨੰਢਾ

**ਕਪੂਰਥਲਾ (ਬਲਵੀਰ ਸ਼ਾਲ੍ਹਾਪੁਰੀ)**- ਗੈਸਾ ਪੰਜਾਬ ਦੇ ਪ੍ਰਧਾਨ ਦੀਪ ਇੰਦਰ ਸਿੰਘ ਖਹਿਰਾ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਅਮਰੀਕ ਸਿੰਘ ਨੰਡਾ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ ਟਿੱਬਾ ਆਦਿ ਨੇ ਸਰਕਾਰੀ ਸੀਨੀਅਰ ਸਮਾਰਟ ਸਕੂਲ ਗੋਇੰਦਵਾਲ ਸਾਹਿਬ ਦੇ ਸਕੂਲ ਇੰਚਾਰਜ ਗੁਰਪ੍ਰਤਾਪ ਸਿੰਘ ਨੂੰ ਸਿੱਖਿਆ ਮੰਤਰੀ ਪੰਜਾਬ ਵੱਲੋਂ ਮੁਅੱਤਲ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਹੋਇਆਂ ਮੁਅੱਤਲ ਕੀਤੇ ਸਕੂਲ ਇੰਚਾਰਜ ਗੁਰਪ੍ਰਤਾਪ ਸਿੰਘ ਨੂੰ ਬਿਨਾਂ ਸ਼ਰਤ ਬਹਾਲ ਕਰਨ ਦੀ ਮੰਗ ਕੀਤੀ। ਉਨ੍ਹਾਂ ਆਖਿਆ ਇਸ ਸਕੂਲ ਇੰਚਾਰਜ ਗੁਰਪ੍ਰਤਾਪ ਸਿੰਘ ਦੀ ਨਜਾਇਜ਼ ਹੋਈ ਮੁਅੱਤਲੀ ਹੋਰ ਸਕੂਲ ਇੰਚਾਰਜਾਂ ਅਤੇ ਅਧਿਆਪਕਾਂ ਦਾ ਮਨੋਬਲ ਡੇਗੇਗੀ, ਜਿਸ ਦਾ ਅਧਿਆਪਕਾਂ ਅਤੇ ਵਿਦਿਆਰਥੀਆਂ ਉੱਤੇ ਬਹੁਤ ਹੀ ਮਾੜਾ ਅਸਰ ਪਵੇਗਾ। ਉਨ੍ਹਾਂ ਆਖਿਆ ਕਿ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿੱਚ ਪਹਿਲਾਂ ਹੀ ਪ੍ਰਿੰਸੀਪਲਾਂ ਦੀ ਵੱਡੀ ਘਾਟ ਰੜਕ ਰਹੀ ਹੈ ਅਤੇ ਸਕੂਲ ਦੇ ਸੀਨੀਅਰ ਅਧਿਆਪਕ ਬਿਨ੍ਹਾਂ ਕਿਸੇ ਵਾਧੂ ਤਨਖਾਹ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਣ ਦੇ ਨਾਲ ਨਾਲ ਸਕੂਲ ਦਾ ਪ੍ਰਬੰਧ ਵੀ ਚਲਾਉਂਦੇ ਹਨ। ਗੈਸਾ ਯੂਨੀਅਨ ਦੇ ਉਕਤ ਸਟੇਟ ਪੱਧਰੀ ਅਹੁਦੇਦਾਰਾਂ ਨੇ ਆਖਿਆ ਕਿ ਸਕੂਲ ਇੰਚਾਰਜ ਗੁਰਪ੍ਰਤਾਪ ਸਿੰਘ ਦੀ ਹੋਈ ਨਜਾਇਜ਼ ਮੁਅੱਤਲੀ ਨੂੰ ਲੈ ਕੇ ਪੰਜਾਬ ਭਰ ਦੇ ਅਧਿਆਪਕਾਂ ਅਤੇ ਸਕੂਲ ਇੰਚਾਰਜਾਂ ਵਿੱਚ ਭਾਰੀ ਰੋਸ ਆਇਆ ਜਾ ਰਿਹਾ ਹੈ। ਯੂਨੀਅਨ ਆਗੂਆਂ ਨੇ ਆਖਿਆ ਕਿ ਸਕੂਲ ਇੰਚਾਰਜ ਗੁਰਪ੍ਰਤਾਪ ਸਿੰਘ ਵੱਲੋਂ ਕੋਈ ਇੰਨੀ ਵੱਡੀ ਕੁਤਾਹੀ ਨਹੀਂ ਕੀਤੀ ਗਈ ਜਿਨ੍ਹਾਂ ਨੂੰ ਜਿੰਨੀ ਵੱਡੀ ਪੰਜਾਬ ਸਰਕਾਰ ਵੱਲੋਂ ਸਜ਼ਾ ਦਿੱਤੀ ਗਈ ਹੈ।

# ਮੇਹਰ ਚੰਦ ਪੋਲੀਟੈਕਨਿਕ ਕਾਲਜ ਨੇ ਜਿੱਤੇ 8 ਐਵਾਰਡ ਤੇ ਨਕਦ ਇਨਾਮ



**ਜਲੰਧਰ (ਸ਼ੈਲੀ ਐਲਬਰਟ)** - ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਿਨੁਮਾਈ ਹੇਠ ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ , ਅੰਮ੍ਰਿਤਸਰ ਵਿਖੇ ਹੋਏ ਪੀ. ਟੀ. ਆਈ. ਐਸ. ਰਾਜ ਪੱਧਰ ਟੈਕ-ਫੈਸਟ-2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੱਠ ਐਵਾਰਡ ਜਿੱਤੇ । ਵਿਦਿਆਰਥੀਆਂ ਦੇ ਨਾਲ ਵਿਕ੍ਰਮਜੀਤ ਸਿੰਘ (ਲੈਕਚਰਾਰ, ਇਲੈਕਟ੍ਰੀਕਲ), ਰੋਹਿਤ ਕੁਮਾਰ (ਲੈਕਚਰਾਰ, ਮਕੈਨੀਕਲ), ਮੈਡਮ ਪ੍ਰੀਤ ਕੰਵਲ (ਲੈਕਚਰਾਰ, ਈ. ਸੀ. ਈ) ਅਤੇ ਸ਼੍ਰੀ ਨਵਮ (ਲੈਕਚਰਾਰ, ਸੀ.ਐਸ.ਈ) ਸਨ। ਇਸ ਇਵੈਂਟ ਵਿੱਚ 2 ਵਰਗ ਸਨ: ਪ੍ਰੋਜੈਕਟ ਡਿਸਪਲੇ ਅਤੇ ਪੀ. ਪੀ. ਟੀ ਵਰਗ - ਪੀ. ਪੀ. ਟੀ ਵਿੱਚ ਈ. ਸੀ. ਈ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 5000/- ਰੁਪਏ, ਕੰਪਿਊਟਰ (ਹਾਰਡਵੇਅਰ) ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 5000/- ਰੁਪਏ, ਫਾਰਮੇਸੀ ਵਿਭਾਗ ਦੇ ਵਿਦਿਆਰਥੀਆਂ ਨੇ ਦੂਜਾ ਸਥਾਨ ਪ੍ਰਾਪਤ ਕਰਕੇ 3000/- ਰੁਪਏ ਅਤੇ ਮਕੈਨੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ 2000/- ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪ੍ਰੋਜੈਕਟ ਡਿਸਪਲੇ ਵਿੱਚ ਈ.ਸੀ.ਈ ਵਿਭਾਗ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 5000/- ਰੁਪਏ ,ਮਕੈਨੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ 2000/- ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਇਸ ਤਰ੍ਹਾਂ ਅਪਲਾਇਡ ਸਾਂਇਸ ਵਿਭਾਗ ਨੇ ਪ੍ਰੋਜੈਕਟ ਡਿਸਪਲੇ ਵਿੱਚ ਪਹਿਲਾ ਸਥਾਨ ਅਤੇ ਪੀ.ਪੀ.ਟੀ ਵਿੱਚ ਤੀਜਾ ਸਥਾਨ ਹਾਸਿਲ ਕੀਤਾ। ਪਰ ਇਹ ਮੁਕਾਬਲਾ ਨਕਦ ਇਨਾਮ ਦੀ ਕੈਟਾਗਰੀ ਵਿੱਚ ਸ਼ਾਮਿਲ ਨਹੀਂ ਸੀ। ਇਥੇ ਇਹ ਵੀ ਦਸਣਯੋਗ ਹੈ ਕਿ ਪੂਰੇ ਰਾਜ ਦੇ ਵੱਖ- ਵੱਖ 40 ਬਹੁਤਕਨੀਕੀ ਕਾਲਜਾਂ ਦੇ ਵਿਦਿਆਰਥੀਆਂ ਨੇ ਇੰਨਾਂ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿਚੋਂ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ 8 ਐਵਾਰਡ ਹਾਸਲ ਕਰਕੇ ਤੇ ਕੁਲ ਮਿਲਾ ਕੇ 22000/- ਕੈਸ਼ ਇਨਾਮ ਜਿੱਤ ਕੇ ਕਾਲਜ ਦੇ ਨਾਂਅ ਨੂੰ ਨਵੀਆਂ ਸਿਖਰਾਂ 'ਤੇ ਪਹੁੰਚਾਇਆ ਹੈ। ਇਸ ਵਾਰ ਕਿਸੇ ਵੀ ਕਾਲਜ ਨੂੰ ਓਵਰਆਲ ਟਰਾਫੀ ਨਹੀਂ ਦਿੱਤੀ ਗਈ ਪਰ ਮੇਹਰਚੰਦ ਪੋਲੀਟੈਕਨਿਕ ਨੇ ਇਹ ਟਰਾਫੀ 9 ਵਾਰ ਜਿੱਤੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਡਾ. ਰਾਜੀਵ ਭਾਟੀਆ, ਮੁੱਖੀ ਸਟੂਡੈਂਟ ਚੈਪਟਰ, ਸਮੁੱਚੇ ਵਿਭਾਗ ਮੁਖੀ, ਟੀਚਰ ਇੰਚਾਰਜ ਅਤੇ ਸਾਰੇ ਵਿਦਿਆਰਥੀਆਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਅਤੇ ਭਵਿੱਖ ਵਿਚ ਵੀ ਇਸੇ ਹੀ ਤਰ੍ਹਾਂ ਕਾਮਯਾਬੀ ਹਾਸਿਲ ਕਰਨ ਲਈ ਉਤਸ਼ਾਹਿਤ ਕੀਤਾ।

# ਸੀ ਐੱਮ ਦੀ ਯੋਗਸ਼ਾਲਾ ਅਧੀਨ ਜ਼ਿਲ੍ਹੇ 'ਚ ਚੱਲ ਰਹੀਆਂ 264 ਯੋਗਾ ਕਲਾਸਾਂ : ਆਸ਼ਿਕਾ ਜੈਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਦੇ ਤਹਿਤ ਜ਼ਿਲ੍ਹੇ ਵਿਚ ਇਸ ਸਮੇਂ 46 ਟ੍ਰੇਨਰਾਂ ਦੁਆਰਾ 264 ਯੋਗਾ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਰੋਜ਼ਾਨਾ ਲਗਭਗ 9 ਹਜ਼ਾਰ ਲੋਕ ਯੋਗਾ ਦਾ ਅਭਿਆਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਪ੍ਰੋਜੈਕਟ ਤਹਿਤ ਜ਼ਿਲ੍ਹੇ ਦੇ ਸਾਰੇ 10 ਬਲਾਕਾਂ ਨੂੰ ਕਵਰ ਕੀਤਾ ਗਿਆ ਹੈ ਅਤੇ ਲੋਕਾਂ ਵਿਚ ਯੋਗ ਪ੍ਰਤੀ ਬੇਹੱਦ ਉਤਸ਼ਾਹ ਦੇਖਿਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਪੰਜਾਬ ਸਰਕਾਰ ਵੱਲੋਂ ਰਾਜ ਦੇ ਨਾਗਰਿਕਾਂ ਨੂੰ ਮੁਫ਼ਤ ਯੋਗਾ ਸਿੱਖਿਆ ਪ੍ਰਦਾਨ ਕਰਨ ਲਈ ਇਕ ਪਹਿਲਕਦਮੀ ਹੈ। ਇਸ ਯੋਜਨਾ ਦੇ ਤਹਿਤ, ਪੰਜਾਬ ਵਿਚ ਪ੍ਰਮਾਣਿਤ ਯੋਗਾ ਅਧਿਆਪਕਾਂ ਦੀ ਇਕ ਟੀਮ ਸਥਾਪਿਤ ਕੀਤੀ ਗਈ ਹੈ, ਤਾਂ ਜੋ ਯੋਗ ਨੂੰ ਹਰੇਕ ਘਰ ਤੱਕ ਪਹੁੰਚਾਇਆ ਜਾ ਸਕੇ ਅਤੇ ਜਨਤਾ ਨੂੰ ਯੋਗਾ ਅਧਿਆਪਕਾਂ ਦੀ ਸਹੂਲਤ ਪ੍ਰਦਾਨ ਕਰਕੇ ਇਸ ਨੂੰ ਇੱਮਕ ਲੋਕ ਲਹਿਰ ਵਿਚ ਬਦਲਿਆ ਜਾ ਸਕੇ। ਇਸ ਦਾ ਉਦੇਸ਼ ਨਾਗਰਿਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿਚ ਧਿਆਨ ਅਤੇ ਯੋਗਾ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਕੋਲ ਯੋਗਾ ਕਲਾਸਾਂ ਲਗਾਉਣ ਲਈ ਜਗ੍ਹਾ ਉਪਲਬੱਧ ਹੈ ਅਤੇ ਘੱਟੋ-ਘੱਟ 25 ਲੋਕਾਂ ਦਾ ਸਮੂਹ ਹੈ, ਤਾਂ ਪੰਜਾਬ ਸਰਕਾਰ ਉਸ ਘਰ ਵਿਚ ਇਕ ਸਿਖਲਾਈ ਪ੍ਰਾਪਤ ਯੋਗਾ ਇੰਸਟ੍ਰਕਟਰ ਭੇਜੇਗੀ। ਜੇਕਰ ਲੋਕ ਚਾਹੁਣ, ਤਾਂ ਉਹ ਆਪਣੇ ਲਈ ਜਾਂ ਕਿਸੇ ਵਿਅਕਤੀ ਲਈ ਵੀ ਰਜਿਸਟਰ ਕਰ ਸਕਦੇ ਹਨ। ਜਿਹੜੇ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਲੈਣਾ ਚਾਹੁੰਦੇ ਹਨ, ਉਹ ਟੋਲ ਫ੍ਰੀ ਨੰਬਰ 7669400500 'ਤੇ ਮਿਸਡ ਕਾਲ ਦੇ ਸਕਦੇ ਹਨ ਜਾਂ ਸੀ.ਐਮ ਯੋਗਸ਼ਾਲਾ ਪੋਰਟਲ cmdiyogshala.punjab.gov.in 'ਤੇ ਲੌਗਇਨ ਕਰ ਸਕਦੇ ਹਨ।

# ਐੱਸ ਡੀ ਓ/ਓ ਪੀ ਸਬ-ਡਵੀਜਨ ਮੁਅੱਤਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਊਰਜਾ ਮੰਤਰੀ ਅਨਿਲ ਵਿਜ ਦੀ ਸਿਫ਼ਾਰਿਸ਼ 'ਤੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਨੇ ਅਵਨੀਤ ਭਾਰਦਵਾਜ, ਐਸਡੀਓ/ਓਪੀ, ਸਬ -ਡਿਵੀਜਨ, ਡੀਏਐਚਬੀਵੀਐਨਐਲ, ਫਰੁਖਨਗਰ ਗੁਰੂਗ੍ਰਾਮ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਸ ਸਬੰਧ ਵਿੱਚ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਲਿਮਟਿਡ ਦੇ ਪ੍ਰਬੰਧ ਨਿਰਦੇਸ਼ਕ ਵੱਲੋਂ ਆਦੇਸ਼ ਜਾਰੀ ਹੋਏ ਹਨ।ਇਨਾਂ ਆਦੇਸ਼ਾਂ ਅਨੁਸਾਰ ਅਵਨੀਤ ਭਾਰਦਵਾਜ ਨੂੰ ਐਸਡੀਓ/ ਓਪੀ, ਸਬ -ਡਿਵੀਜਨ, ਡੀਏਐਚਬੀਵੀਐਨਐਲ, ਫਰੁਖਨਗਰ ਦੇ ਰੂਪ ਵਿੱਚ ਉਨ੍ਹਾਂ ਦੇ ਗੈਰ ਪ੍ਰਦਰਸ਼ਨ ਅਤੇ ਕੰਟ੍ਰੋਲ ਦੀ ਕਮੀ ਦੇ ਕਾਰਨ ਡੀਏਐਚਬੀਵੀਐਨਐਲ ਕਰਮਚਾਰੀ (ਸਜਾ ਅਤੇ ਅਪੀਲ) ਨਿਯਮ-2019 ਦੇ ਨਿਯਮ-7 ਦੇ ਤਹਿਤ ਅਨੁਸ਼ਾਸਨੀ ਕਾਰਵਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਗਿਆ ਹੈ।ਮੁਅੱਤਲ ਦੌਰਾਨ ਇਸ ਅਧਿਕਾਰੀ ਦਾ ਮੁੱਖ ਦਫ਼ਤਰ ਐਸਈ/ਓਪੀ ਸਰਕਲ, ਡੀਏਐਚਬੀਵੀਐਨਐਲ, ਹਿਸਾਰ ਦੇ ਦਫ਼ਤਰ ਵਿੱਚ ਨਿਰਧਾਰਿਤ ਕੀਤਾ ਗਿਆ ਹੈ, ਜਿੱਥੇ ਉਹ ਹਰ ਕੰਮਕਾਜੀ ਦਿਨ ਆਪਣੀ ਹਾਜ਼ਰੀ ਦਰਜ ਕਰਾਉਣਗੇ। ਇਸ ਦੇ ਇਲਾਵਾ, ਮੁਅੱਤਲੀ ਦੀ ਮਿਆਦ ਦੌਰਾਨ ਅਵਨੀਤ ਭਾਰਦਵਾਜ ਨੂੰ ਹਰਿਆਣਾ ਸਿਵਿਲ ਸੇਵਾਵਾਂ ਨਿਯਮ-2016 ਦੇ ਨਿਯਮ-83 ਅਨੁਸਾਰ ਗੁਜਾਰਾ ਭੱਤਾ ਦਿੱਤਾ ਜਾਵੇਗਾ।

# ਮੰਡੀ ਦੀ 5 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗੀ ਕਾਇਆਕਲਪ : ਡਾ. ਰਾਜ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਹੈ ਕਿ ਹੁਸ਼ਿਆਰਪੁਰ ਮੰਡੀ ਨੂੰ ਆਧੁਨਿਕ ਬਣਾਉਣ ਦੀ ਯੋਜਨਾ ਤਹਿਤ 5 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕੀਤੇ ਜਾਣਗੇ। ਇਸ ਸਬੰਧੀ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਮੌਜੂਦਗੀ ਹੇਠ ਮੰਡੀ ਬੋਰਡ ਦੇ ਅਧਿਕਾਰੀਆਂ ਅਤੇ ਆੜ੍ਹਤੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਰਕਮ ਮੰਡੀ ਦੇ ਢਾਂਚਾਗਤ ਸੁਧਾਰ, ਆਵਾਜਾਈ ਦੀ ਸੁਵਿਧਾ ਅਤੇ ਸੁਚਾਰੂ ਪ੍ਰਬੰਧਾਂ 'ਤੇ ਖਰਚ ਕੀਤੀ ਜਾਵੇਗੀ। ਡਾ. ਚੱਬੇਵਾਲ ਨੇ ਕਿਹਾ ਕਿ ਮੰਡੀ 'ਚ ਕੰਕਰੀਟ ਦੀ ਸੜਕ ਤਿਆਰ ਕੀਤੀ ਜਾਵੇਗੀ, ਜਿਸ ਨਾਲ ਫਸਲਾਂ ਅਤੇ ਸਾਮਾਨ ਦੀ ਆਵਾਜਾਈ ਵਿਚ ਆ ਰਹੀਆਂ ਰੁਕਾਵਟਾਂ ਦੂਰ ਹੋਣਗੀਆਂ। ਉਨ੍ਹਾਂ ਕਿਹਾ ਕਿ ਮੌਜੂਦਾ ਪਖਾਨਿਆਂ ਦੀ ਹਾਲਤ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੂੰ ਵੀ ਬਿਹਤਰ ਬਣਾਇਆ ਜਾਵੇਗਾ, ਤਾਂ ਜੋ ਕਿਸਾਨਾਂ ਤੇ ਆੜ੍ਹਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਮੰਡੀ ਨੂੰ ਪੰਜਾਬ ਦੀਆਂ ਸਭ ਤੋਂ ਆਧੁਨਿਕ ਅਤੇ ਸੁਵਿਧਾਜਨਕ ਮੰਡੀਆਂ ਵਿਚ ਸ਼ੁਮਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਅਤੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਹਮੇਸ਼ਾ ਪਹਿਲ ਦਿੱਤੀ ਜਾਵੇਗੀ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੰਡੀ ਵਿਚ ਆਲੂ ਅਤੇ ਪਿਆਜ਼ ਆਦਿ ਲਈ ਵੱਖ-ਵੱਖ ਸ਼ੈੱਡ ਬਣਾਏ ਜਾਣਗੇ, ਜਿਸ ਨਾਲ ਭੰਡਾਰਨ ਦੇ ਵਧੀਆ ਇੰਤਜ਼ਾਮਾਂ ਨਾਲ ਆੜ੍ਹਤੀਆਂ ਨੂੰ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਮੰਗ ਆੜ੍ਹਤੀਆਂ ਵੱਲੋਂ ਲੰਬੇ ਸਮੇਂ ਤੋਂ ਆ ਰਹੀ ਸੀ, ਜਿਸ ਨੂੰ ਹੁਣ ਅਮਲੀ ਜਾਮਾ ਪਹਿਨਾਇਆ ਜਾਵੇਗਾ। ਵਿਧਾਇਕ ਨੇ ਕਿਹਾ ਕਿ ਮੰਡੀ ਦੀਆਂ ਮੁੱਢਲੀਆਂ ਸੁਵਿਧਾਵਾਂ ਨੂੰ ਸੁਧਾਰਨ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ ਛਿੰਦਾ, ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਦਿ ਹੁਸ਼ਿਆਰਪੁਰ ਸੈਂਟਰਲ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਬੌਬੀ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸਿਵਲ ਹਸਪਤਾਲ ਵਿਖੇ ਮਮਤਾ ਦਿਵਸ ਮਨਾਇਆ



**ਬੰਗਾ (ਅਵਤਾਰ ਕਲੇਰ)**— ਡਾ. ਗੁਰਿੰਦਰਜੀਤ ਸਿੰਘ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਜਸਵਿੰਦਰ ਸਿੰਘ ਐਸ ਐਮ ਓ ਸਿਵਲ ਹਸਪਤਾਲ ਬੰਗਾ ਦੀ ਅਗਵਾਈ ਹੇਠ ਸਿਵਲ ਹਸਪਤਾਲ ਬੰਗਾ ਵਿਖੇ ਮਮਤਾ ਦਿਵਸ ਮਨਾਇਆ ਗਿਆ। ਇਸ ਵਿੱਚ ਜਨਮ ਤੋਂ ਲੈ ਕੇ 16 ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕੇ ਲਗਾਏ ਗਏ। ਉਹਨਾਂ ਨੂੰ ਆਇਰਨ ਫੋਲਿਕ ਐਸਿਡ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਵੰਡੀਆਂ ਗਈਆਂ, ਪੌਸ਼ਟਿਕ ਖੁਰਾਕ ਖਾਣ ਬਾਰੇ ਜਾਣਕਾਰੀ ਦਿੱਤੀ ਗਈ। ਡਿਲਿਵਰੀ ਸਰਕਾਰੀ ਹਸਪਤਾਲ ਵਿੱਚ ਕਰਵਾਉਣ ਲਈ ਵੀ ਕਿਹਾ ਗਿਆ। ਇਸ ਮੌਕੇ 'ਤੇ ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜਰ, ਬਲਵੀਰ ਕੌਰ ਅਤੇ ਸੁਖਦੇਵ ਕੌਰ ਏ ਐਨ ਐਮ, ਜਗਜੀਤ ਕੌਰ, ਸੀਮਾ, ਜਸਪ੍ਰੀਤ, ਪੂਜਾ, ਪਰਮਜੀਤ, ਸੁਨੀਤਾ, ਗੁਰਬਖਸ਼ ਕੌਰ ਅਤੇ ਸੰਦੀਪ ਕੌਰ ਆਸ਼ਾ ਵਰਕਰ ਹਾਜ਼ਰ ਸਨ।

9 May Page-9.qxd 5/9/2025 1:06 AM Page 1



# ਘਗਵਾਲ 'ਚ ਅਸਮਾਨ ਤੋਂ ਬੰਬਨੁਮਾ ਵਸਤੂ ਡਿੱਗਣ ਕਾਰਨ ਲੋਕਾਂ 'ਚ ਸਹਿਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਪਾਕਿਸਤਾਨ ਵਿਚਾਲੇ ਤਣਾਅ ਦਰਮਿਆਨ ਬੀਤੀ ਦੇਰ ਰਾਤ ਨੇੜਲੇ ਪਿੰਡ ਘਗਵਾਲ ਵਿਖੇ ਬੰਬਨੁਮਾ ਵਸਤੂ ਡਿੱਗਣ ਉਪਰੰਤ ਲੋਕਾਂ 'ਚ ਸਹਿਮ ਅਤੇ ਦਹਿਸ਼ਤ ਦਾ ਮਾਹੌਲ ਪਾਇਆ



ਜਾ ਰਿਹਾ ਹੈ। ਥਾਣਾ ਹਾਜੀਪੁਰ ਅਧੀਨ ਪੈਂਦੇ ਪਿੰਡ ਘਗਵਾਲ ਵਾਸੀ ਅਸ਼ੋਕ ਕੁਮਾਰ ਨੇ ਦਸਿਆ ਕਿ 6-7 ਦੀ ਦਰਮਿਆਨੀ ਰਾਤ ਨੂੰ ਕਰੀਬ ਡੇਢ ਵਜੇ ਉਨਾਂ ਦੇ ਵਿਹੜੇ 'ਚ ਅਸਮਾਨ 'ਚੋਂ ਇੱਕ ਬੰਬਨੁਮਾ ਵਸਤੂ ਆਣ ਡਿੱਗੀ। ਜਿਸ ਦੀ ਆਵਾਜ਼ ਸੁਣ ਕੇ ਉਹ ਅਤੇ ਨੇੜਲੇ ਘਰਾਂ 'ਚ ਸੁੱਤੇ ਲੋਕ ਉੱਠ ਖੜ੍ਹੇ ਹੋਏ। ਉਕਤ ਵਸਤੂ 'ਚੋਂ ਧੂੰਆਂ ਨਿਕਲ ਰਿਹਾ ਸੀ। ਘਟਨਾ ਦੀ ਸੂਚਨਾ ਹਾਜੀਪੁਰ ਪੁਲਸ ਨੂੰ ਦਿੱਤੀ ਗਈ। ਥਾਣਾ ਹਾਜੀਪੁਰ ਮੁਖੀ ਹਰਪ੍ਰੇਮ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਬੰਬਨੁਮਾ ਵਸਤੂ ਜਿਸ 'ਤੇ ਇੱਕ ਲੜੀ ਨੰਬਰ ਅਤੇ ਅੰਗਰੇਜ਼ੀ ਭਾਸ਼ਾ ਵਿੱਚ ' ਟੈਸਟ ਪੋਰਟ ਸੀਕਰੇਟ ' ਉਕਰਿਆ ਹੋਇਆ ਸੀ, ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ, ਜਿਸ ਦੀ ਅਗਲੇਰੀ ਜਾਂਚ ਲਈ ਪੁਲਸ ਨੇ ਫੋਰੈਂਸਿਕ ਟੀਮ ਨਾਲ ਰਾਬਤਾ ਕੀਤਾ, ਖ਼ਬਰ ਲਿਖੇ ਜਾਣ ਤੱਕ ਫੋਰੈਂਸਿਕ ਟੀਮ ਜਾਂਚ ਕਰ ਰਹੀ ਸੀ।

# ਦਲਬੀਰ ਸਿੰਘ ਲੈਕਚਰਾਰ ਨੂੰ ਦਿੱਤੀ ਨਿੱਘੀ ਵਿਦਾਇਗੀ



**ਮਹਿਤਪੁਰ (ਰਾਜਾ ਮਹਿਤਪੁਰ)** ਦਲਬੀਰ ਸਿੰਘ ਲੈਕਚਰਾਰ (ਅੰਗਰੇਜ਼ੀ) ਸਕੂਲ ਆਫ ਐਮੀਨੈਂਸ ਬਾਜਵਾ ਕਲਾਂ ਮਿਤੀ 30 ਅਪ੍ਰੈਲ 2025 ਨੂੰ ਸਰਕਾਰੀ ਹਦਾਇਤਾਂ ਅਨੁਸਾਰ 58 ਸਾਲ ਦੀ ਉਮਰ ਉਪਰੰਤ ਸੇਵਾ ਮੁਕਤ ਹੋਏ ਹਨ। ਇਸ ਸਮੇਂ ਸਕੂਲ ਵਲੋਂ ਵਿਦਾਇਗੀ ਸਮਾਰੋਹ ਸ਼ਾਹਕੋਟ ਵਿੱਚ ਕਰਵਾਇਆ ਗਿਆ, ਜਿੱਥੇ ਵੱਖ ਵੱਖ ਬੁਲਾਰਿਆਂ ਵੱਲੋਂ ਉਹਨਾਂ ਦੀ ਸ਼ਖ਼ਸ਼ੀਅਤ ਬਾਰੇ ਚਾਨਣਾ ਪਾਇਆ ਗਿਆ। ਦਲਬੀਰ ਸਿੰਘ ਬਹੁਤ ਹੀ ਮਿਹਨਤੀ, ਇਮਾਨਦਾਰ ਅਤੇ ਸਮੇਂ ਦੇ ਪਾਬੰਦ ਹੋਣ ਦੇ ਨਾਲ-ਨਾਲ ਚੰਗੇ ਸਲਾਹਕਾਰ ਵਜੋਂ ਜਾਣੇ ਜਾਂਦੇ ਹਨ। ਜਿਸ ਵੀ ਸਕੂਲ ਵਿੱਚ ਪੜ੍ਹਾਇਆ ਉਸ ਵਿੱਚ ਆਪ ਆਪਣੀ ਅਮਿੱਟ ਛਾਪ ਛੱਡ ਆਏ।ਦਲਬੀਰ ਸਿੰਘ ਨੇਂ ਸਰਕਾਰੀ ਪ੍ਰਾਇਮਰੀ ਸਕੂਲ ਉਮਰਵਾਲ ਬਿੱਲਾ ਤੋਂ ਆਪਣੀ ਨੌਕਰੀ ਦੀ ਸ਼ੁਰੂਆਤ ਮਿਤੀ 24.07.1997 ਨੂੰ ਕੀਤੀ ਤੇ ਜਲਦੀ ਹੀ ਸਿਪਾਹੀ ਸੁਖਵਿੰਦਰ ਰਾਮ ਸਰਕਾਰੀ ਮਿਡਲ ਸਕੂਲ ਉਮਰਵਾਲ ਬਿੱਲਾ ਵਿਖੇ ਸੇਵਾ ਕਰਨ ਦਾ ਮੌਕਾ ਮਿਲਿਆ ਜਿੱਥੇ ਆਪ ਨੇ ਸਭ ਤੋਂ ਵੱਧ ਸਮਾਂ ਸੇਵਾ ਨਿਭਾਈ। ਬਦਲੀ ਹੋਣ ਉਪਰੰਤ ਸਰਕਾਰੀ ਹਾਈ ਸਕੂਲ ਆਦਰਮਾਨ ਵਿਖੇ ਲਗਭਗ ਦੋ ਸਾਲ ਸੇਵਾ ਕੀਤੀ ਤੇ ਰਿਟਾਇਰਮੈਂਟ ਸਮੇਂ ਸਕੂਲ ਆਫ ਐਮੀਨੈਂਸ ਬਾਜਵਾ ਕਲਾਂ ਬਤੌਰ ਲੈਕਚਰਾਰ (ਅੰਗਰੇਜ਼ੀ) ਵਜੋਂ ਸੇਵਾ ਕੀਤੀ। ਸਿੱਖਿਆ ਵਿਭਾਗ ਤੋਂ ਇਲਾਵਾ ਆਪ ਨੇ ਚੋਣ ਕਮਿਸ਼ਨ ਲਈ ਸੈਕਟਰ ਅਫਸਰ ਵਜੋਂ ਸ਼ਾਨਦਾਰ ਸੇਵਾ ਨਿਭਾਈ। ਹਰਪ੍ਰੀਤ ਸਿੰਘ ਸੋਂਧੀ,ੀ ਨੰਦ ਸਿੰਘ, ਜਸਵੰਤ ਸਿੰਘ ਰੌਲੀ, ਜਸਵੀਰ ਸਿੰਘ ਸੀਐਚਟੀ, ਵਿਨੀਤ ਕੁਮਾਰ ਸੀ ਐਚਟੀ, ਬਲਦੇਵ ਸਿੰਘ ਸੋਹਲ ਐਡਵੋਕੇਟ, ਹੀਰਾ ਸਿੰਘ, ਗੁਰਮੁਖ ਸਿੰਘ, ਮਨਪ੍ਰੀਤ ਸਿੰਘ, ਮੈਡਮ ਬਲਜਿੰਦਰ ਕੌਰ ਅਤੇ ਹੋਰ ਬੁਲਾਰਿਆਂ ਨੇ ਦਲਬੀਰ ਸਿੰਘ ਨਾਲ ਬਿਤਾਏ ਪਲ ਸਾਂਝੇ ਕੀਤੇ।ਸਟੇਜ ਦੀ ਭੂਮਿਕਾ ਮੈਡਮ ਸਤਿੰਦਰ ਕੌਰ ਸਰਕਾਰੀ ਸੀਨੀਅਰ ਸੰਗੋਵਾਲ ਵੱਲੋਂ ਨਿਭਾਈ ਗਈ।ਸਮਾਗਮ ਵਿੱਚ ਪਰਵਾਰਕ ਮੈਂਬਰਾਂ ਤੋਂ ਇਲਾਵਾ, ਅਧਿਆਪਕ , ਪਤਵੰਤੇ ਸੱਜਣ ਅਤੇ ਰਿਸ਼ਤੇਦਾਰ ਹਾਜਰ ਸਨ

# ਨਵ-ਨਿਯੁਕਤ ਸਰਪੰਚਾਂ-ਪੰਚਾਂ ਦਾ ਸਿਖਲਾਈ ਪ੍ਰੋਗਰਾਮ ਮੁਕੰਮਲ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਦਿਸ਼ਾ ਨਿਰਦੇਸ਼ਾ ਉਤੇ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾਂ ਪੰਜਾਬ ਵੱਲੋਂ ਬੀਡੀਪੀਓ ਦਫਤਰ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਅਗੰਮਪੁਰ ਵਿਖੇ ਪੰਚਾਇਤੀ ਰਾਜ ਦੇ ਕੰਮਕਾਜ ਸਬੰਧੀ ਨਵ-ਨਿਯੁਕਤ ਸਰਪੰਚਾਂ ਅਤੇ ਪੰਚਾਂ ਨੂੰ ਸਿਖਲਾਈ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਇਸ਼ਾਨ ਚੌਧਰੀ ਬੀਡੀਪੀਓ ਨੇ ਸਿਖਲਾਈ ਵਿਚ ਗ੍ਰਾਮ ਪੰਚਾਇਤਾਂ ਦੇ ਨਵ-ਨਿਯੁਕਤ ਸਰਪੰਚਾਂ-ਪੰਚਾਂ ਨੂੰ ਵਧਾਈ ਦਿੱਤੀ ਅਤੇ ਪੰਚਾਇਤ ਦੇ ਕੰਮਕਾਜ ਲਈ ਸਿਖਲਾਈ ਪ੍ਰਾਪਤ ਕਰਨ ਲਈ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਦੀਆਂ ਪੇਂਡੂ ਵਿਕਾਸ ਸਕੀਮਾਂ ਅਤੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਇਹ ਸਿਖਲਾਈ ਕੈਂਪ 28 ਅਪ੍ਰੈਲ ਤੋਂ 7 ਮਈ ਤੱਕ ਹਰ ਇੱਕ ਪੰਚਾਇਤ ਲਈ ਤਿੰਨ ਦਿਨਾਂ ਤੇ ਅਨੁਸੂਚੀ ਤੇ ਲਗਾਇਆ ਗਿਆ ਅਤੇ ਸਿਖਲਾਈ ਕੈਂਪ ਵਿਚ ਪੰਚਾਇਤ ਦੇ ਸਰਪੰਚ-ਪੰਚ ਨੇ ਹਿੱਸਾ ਲਿਆ।ਸਿਖਲਾਈ ਕੈਂਪ ਦੇ ਮਾਸਟਰ ਰਿਸੋਰਸ ਪਰਸਨ ਪਰਮਜੀਤ ਕੌਰ ਅਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿਖਲਾਈ ਕੈਂਪ ਵਿਚ ਪੰਚਾਇਤ ਵਿਭਾਗ ਦੇ ਅਧਿਕਾਰੀਆਂ, ਸੀਡੀਪੀਓ, ਸਿੱਖਿਆ ਅਤੇ ਸਿਹਤ, ਮਗਨਰੇਗਾ, ਜਲ ਸਪਲਾਈ ਅਤੇ ਸੈਨੀਟੇਸ਼ਨ ਆਦਿ ਦੇ ਮਾਹਿਰਾਂ ਨੇ ਵੀ ਕਾਰਜਾਂ, ਸ਼ਕਤੀਆਂ, ਜਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ। ਗ੍ਰਾਮ ਪੰਚਾਇਤਾਂ ਦੇ ਪੰਚਾਂ, ਸਰਪੰਚਾਂ ਨੂੰ ਜ਼ਮੀਨ ਦੀ ਸਾਂਭ ਸੰਭਾਲ ਅਤੇ ਪੰਜਾਬ ਸਰਕਾਰ ਦੀਆਂ ਪੇਂਡੂ ਵਿਕਾਸ ਸਕੀਮਾਂ ਬਾਰੇ ਜਾਣਕਾਰੀ ਦੇ ਕੇ ਸਿਖਲਾਈ ਕਰਵਾਈ ਜਾ ਰਹੀ ਹੈ।ਇਸ ਮੌਕੇ ਜਗਤਾਰ ਸਿੰਘ ਪੰਚਾਇਤ ਅਫਸਰ, ਸਤਪਾਲ ਪਟਵਾਰੀ, ਬਲਵੀਰ ਕੌਰ ਹਾਜ਼ਰ ਸਨ।

# ਲੁੱਟ-ਖੋਹ ਦੇ ਮੁਕੱਦਮੇ 'ਚ ਲੋੜੀਂਦਾ ਇੱਕ ਹੋਰ ਵਿਅਕਤੀ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ



**ਕਪੂਰਥਲਾ (ਮਨਜੀਤ ਮਾਨ)**- ਥਾਣਾ ਢਿਲਵਾਂ ਪੁਲਿਸ ਨੇ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਸਮਾਨ ਡਲਿਵਰ ਕਰਨ ਦਾ ਕੰਮ ਕਰਨ ਵਾਲੇ ਨੌਜਵਾਨ ਪਾਸੋਂ ਮੋਬਾਇਲ, ਨਕਦੀ ਅਤੇ ਪਾਰਸਲਾਂ ਦੀ ਖੋਹ ਕਰਨ ਵਾਲੇ ਕਥਿਤ ਦੋਸ਼ੀਆਂ ਵਿਚ ਸ਼ਾਮਲ ਇਕ ਹੋਰ ਦੋਸ਼ੀ ਨੂੰ ਕੇਂਦਰੀ ਜੇਲ੍ਹ ਕਪੂਰਥਲਾ ਤੂੰ ਪ੍ਰੋਡਕਸ਼ਨ ਵਰੰਟ 'ਤੇ ਲਿਆਂਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਢਿਲਵਾਂ ਮੁਖੀ ਮਨਜੀਤ ਸਿੰਘ ਨੇ ਦੱਸਿਆ ਕਿ ਅਜੈਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਬੁਡਾਲਾ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਨੇ 4 ਅਪ੍ਰੈਲ 2024 ਨੂੰ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਡਿਲਵਰੀ ਦਾ ਕੰਮ ਕਰਦਾ ਹੈ ਤੇ ਜਦੋਂ ਉਹ ਸਰਕਾਰੀ ਹਸਪਤਾਲ ਬੁਤਾਲਾ ਕੋਲ ਪਹੁੰਚਿਆ ਤਾਂ ਦੋ ਮੋਟਰਸਾਈਕਲ ਸਵਾਰ ਚਾਰ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਕੋਲੋਂ ਲੁੱਟ ਖੋਹ ਕੀਤੀ ਹੈ । ਜਿਸ 'ਤੇ ਥਾਣਾ ਢਿਲਵਾਂ ਨੇ ਕੇਸ ਦਰਜ ਕਰ ਲਿਆ ਸੀ । ਉਨ੍ਹਾਂ ਦੱਸਿਆ ਕਿ ਏ ਐਸ ਆਈ ਪਰਮਜੀਤ ਸਿੰਘ ਵੱਲੋਂ ਮਾਮਲੇ ਵਿਚ ਨਿਰਵੈਲ ਸਿੰਘ ਵਾਸੀ ਦਬੁਲੀਆ ਥਾਣਾ ਭੁਲੱਥ ਕੇਂਦਰੀ ਜੇਲ ਕਪੂਰਥਲਾ ਕਿਸੇ ਕੇਸ ਵਿਚ ਬੰਦ ਸੀ, ਨੂੰ ਅੱਜ ਕੇਂਦਰੀ ਜੇਲ੍ਹ ਕਪੂਰਥਲਾ ਤੋਂ ਪ੍ਰੋਡਕਸ਼ਨ ਵਰੰਟ 'ਤੇ ਪੁੱਛਗਿਛ ਲਈ ਲਿਆਂਦਾ ਹੈ। ਪੁਲਸ ਜਾਂਚ ਕਰ ਰਹੀ ਹੈ।

# ਗੀਤ ਸੰਗ੍ਰਹਿ 'ਪੋਹਲੀ ਦੇ ਫੁੱਲ' 'ਤੇ ਵਿਚਾਰ-ਚਰਚਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ.ਏ.ਐੱਸ.ਨਗਰ ਦੇ ਵਿਹੜੇ ਸਵਪਨ ਫਾਊਂਡੇਸ਼ਨ, ਪਟਿਆਲਾ (ਰਜਿ.) ਵੱਲੋਂ ਉੱਘੇ ਸ਼ਾਇਰ ਧਰਮ ਕੰਮੇਆਣਾ ਦੇ ਗੀਤ ਸੰਗ੍ਰਹਿ 'ਪੋਹਲੀ ਦੇ ਫੁੱਲ' 'ਤੇ ਵਿਚਾਰ ਚਰਚਾ ਕਰਵਾਈ ਗਈ। ਖੋਜ ਅਫ਼ਸਰ ਡਾ. ਦਰਸ਼ਨ ਕੌਰ ਨੇ ਕਿਹਾ ਕਿ ਸਾਨੂੰ ਮਾਣ ਹੈ ਅਸੀਂ ਇਸ ਤਰ੍ਹਾਂ ਦੇ ਉੱਚ ਪੱਧਰੀ ਸਮਾਗਮ ਦਾ ਹਿੱਸਾਂ ਹਾਂ। ਉਹਨਾਂ ਗੀਤ ਸੰਗ੍ਰਹਿ ਬਾਰੇ ਵੀ ਕੁਝ ਗੱਲਾਂ ਸਾਂਝੀਆਂ ਕੀਤੀਆਂ। ਇਸ ਉਪਰੰਤ ਸ਼ਾਇਰ ਸੁਰਜੀਤ ਸੁਮਨ ਹੋਰਾਂ ਨੇ ਵਿਚਾਰ ਚਰਚਾ ਦਾ ਆਗਾਜ਼ ਕਰਦੇ ਹੋਏ ਕਿਹਾ ਕਿ ਇਸ ਗੀਤ ਸੰਗ੍ਰਹਿ ਵਿੱਚ ਸਮਾਜਿਕ ਮੁੱਦੇ ਗੰਭੀਰਤਾ ਨਾਲ ਉਭਾਰੇ ਗਏ ਹਨ।ਪ੍ਰਧਾਨਗੀ ਕਰਦੇ ਹੋਏ ਉੱਘੇ ਆਲੋਚਕ ਡਾ. ਰਾਜਿੰਦਰਪਾਲ ਬਰਾੜ ਨੇ ਗੀਤਕਾਰੀ ਦਾ ਇਤਿਹਾਸ ਸਾਂਝਾ ਕਰਦੇ ਹੋਏ ਗੀਤ ਦੇ ਪੱਛੜ ਜਾਣ ਬਾਰੇ ਕਈ ਗੱਲਾਂ ਸਾਂਝੀਆਂ ਕੀਤੀਆਂ।ਗੀਤ ਸੰਗ੍ਰਹਿ ਦੇ ਲੇਖਕ ਧਰਮ ਕੰਮੇਆਣਾ ਨੇ ਕਿਹਾ ਕਿ ਸਾਹਿਤ ਦੇ ਕਿਲ੍ਹੇ ਦਾ ਨਿਰਮਾਣ ਕਰਨਾ ਸੌਖਾ ਨਹੀਂ ਹੈ। ਮੁੱਖ ਮਹਿਮਾਨ ਪ੍ਰੋ. ਅਤੈ ਸਿੰਘ ਨੇ ਪੰਜਾਬੀ




ਗੀਤਕਾਰੀ ਦੇ ਇਤਿਹਾਸਕ ਪਰਿਪੇਖ ਬਾਰੇ ਗੱਲ ਕੀਤੀ। ਉਹਨਾਂ ਅਗਾਂਹ ਕਿਹਾ ਕਿ ਧਰਮ ਕੰਮੇਆਣਾ ਅਸਲ ਵਿੱਚ ਕਵੀ ਹੈ, ਗੀਤਕਾਰੀ ਵਿੱਚ ਉਹ ਬਾਅਦ ਵਿੱਚ ਆਇਆ।ਸਮਾਗਮ ਦਾ ਮੁੱਖ ਸੁਰ ਭਾਸ਼ਣ ਦਿੰਦੇ ਹੋਏ ਪੰਜਾਬੀ ਯੂਨੀਵਰਸਿਟੀ ਤੋਂ ਉੱਘੀ ਆਲੋਚਕ ਡਾ. ਵੀਰਪਾਲ ਕੌਰ ਸਿੱਧੂ ਨੇ ਕਿਹਾ ਕਿ ਧਰਮ ਕੰਮੇਆਣਾ ਦੇ ਗੀਤਾਂ ਨੂੰ ਲਗਭਗ ਸਾਰੇ ਪ੍ਰਮੁੱਖ ਗਾਇਕਾਂ ਨੇ ਗਾਇਆ ਹੈ।ਸਮਾਗਮ ਦੇ ਵਿਸ਼ੇਸ਼ ਮਹਿਮਾਨ ਹਰਵਿੰਦਰ ਸਿੰਘ ਨੇ ਗੀਤ ਪ੍ਰਤੀ ਆਪਣੀ ਫਿਕਰਮੰਦੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਗੀਤ ਸਾਡੀ ਰਹਿਤਲ ਨਾਲ ਜੁੜਿਆ ਹੈ, ਅਸੀਂ ਹੋਰ ਸਾਹਿਤਕ ਸ਼ਾਇਰੀ ਦੀਆਂ ਸਿਨਫ਼ਾਂ ਦੇ ਆਉਣ ਨਾਲ ਇਸ ਨੂੰ ਵਿਸਾਰ ਦਿੱਤਾ ਹੈ। ।ਮੰਚ ਸੰਚਾਲਨ ਫਾਊਂਡੇਸ਼ਨ ਦੇ ਜਨਰਲ ਸਕੱਤਰ ਅਤੇ ਲੇਖਕ ਜਗਦੀਪ ਸਿੱਧੂ ਨੇ ਕੀਤਾ। ਇਸ ਸਮਾਗਮ ਵਿੱਚ ਪਰਵਾਸੀ ਸ਼ਾਇਰ ਗੁਰਦੇਵ ਚੌਹਾਨ, ਪਾਲ ਅਜਨਬੀ, ਗੁਰਦੀਪ ਸਿੰਘ, ਮੰਦਰ ਗਿੱਲ, ਪਿਆਰਾ ਸਿੰਘ ਰਾਹੀ, ਲਾਭ ਸਿੰਘ ਲਹਿਲੀ, ਧਰਮਿੰਦਰ ਸੇਖੋਂ, ਧਿਆਨ ਸਿੰਘ ਕਾਹਲੋਂ, ਲਕਸ਼ਮੀ ਸਿੱਧੂ,ਗਾਇਕ ਪਵਨਦੀਪ, ਭੁਪਿੰਦਰ ਮਲਿਕ, ਹਜ਼ਾਰਾ ਸਿੰਘ ਚੀਮਾ ਆਦਿ ਨੇ ਸ਼ਿਰਕਤ ਕੀਤੀ।ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ.ਏ.ਐੱਸ.ਨਗਰ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

# ਐੱਲ ਪੀ ਯੂ ਫਾਈਨ ਆਰਟਸ ਦੇ ਵਿਦਿਆਰਥੀਆਂ ਵੱਲੋਂ 'ਈਕੋਜ਼ ਆਫ਼ ਇਮੈਜ਼ੀਨੇਸ਼ਨ' ਚੇਨ ਦੀ ਪ੍ਰਦਰਸ਼ਨੀ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਕੂਲ ਆਫ਼ ਫਾਈਨ ਆਰਟਸ ਨੇ ਯਾਤਰਾ ਕਲਾ ਪ੍ਰਦਰਸ਼ਨੀ; 'ਈਕੋਜ਼ ਆਫ਼ ਇਮੈਜੀਨੇਸ਼ਨ' ਚੇਨ ਪ੍ਰਦਰਸ਼ਨੀ ਕੀਤੀ ਹੈ। ਸਿਰਫ਼ ਇੱਕ ਕਲਾ ਪ੍ਰਦਰਸ਼ਨੀ ਤੋਂ ਕਿਤੇ ਵੱਧ, ਇਹ ਚਲਦੀ ਪ੍ਰਦਰਸ਼ਨੀ ਜਨਤਕ ਥਾਵਾਂ ਨੂੰ ਜੀਵਤ ਗੈਲਰੀਆਂ ਵਿੱਚ ਬਦਲਦੀ ਹੈ ਜਿੱਥੇ ਰਚਨਾਤਮਕਤਾ ਸ਼ਹਿਰ ਤੋਂ ਸ਼ਹਿਰ ਤੱਕ ਵਹਿੰਦੀ ਹੈ, ਇੱਕ ਸਾਂਝੇ ਵਿਜ਼ੂਅਲ ਸੰਵਾਦ ਦੁਆਰਾ ਵਿਭਿੰਨ ਦਰਸ਼ਕਾਂ ਨੂੰ ਜੋੜਦੀ ਹੈ। ਐਲਪੀਯੂ ਫਾਈਨ ਆਰਟਸ ਦੇ ਵਿਦਿਆਰਥੀਆਂ ਲਈ, ਇਹ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹੈ; ਇਹ ਪ੍ਰਦਰਸ਼ਨ, ਕਹਾਣੀ ਸੁਣਾਉਣ ਅਤੇ ਅਸਲ-ਸੰਸਾਰ ਕਲਾਤਮਕ ਸ਼ਮੂਲੀਅਤ ਲਈ ਇੱਕ ਦਲੇਰ ਪਲੇਟਫਾਰਮ ਹੈ। 10 ਸਮਰਪਿਤ ਸਟਾਫ ਮੈਂਬਰਾਂ ਦੀ ਅਗਵਾਈ ਹੇਠ ਸੈਂਕੜੇ ਵਿਦਿਆਰਥੀ ਕਲਾਕਾਰਾਂ ਨੇ ਪ੍ਰਦਰਸ਼ਨੀ ਵਿੱਚ ਵੱਖ-ਵੱਖ ਕਲਾਕ੍ਰਿਤੀਆਂ ਪ੍ਰਦਰਸ਼ਿਤ ਕੀਤੀਆਂ। ਪ੍ਰਦਰਸ਼ਨੀ ਵਿੱਚ ਪੇਂਟਿੰਗ, ਪ੍ਰਿੰਟਮੇਕਿੰਗ, ਮੂਰਤੀ ਅਤੇ ਫੋਟੋਗ੍ਰਾਫੀ ਸ਼ਾਮਲ ਹਨ, ਜੋ ਕਿ ਸਾਰੇ ਜਨਤਕ ਦੇਖਣ ਅਤੇ ਖਰੀਦਣ ਲਈ ਖੁੱਲ੍ਹੇ ਹਨ। ਇਹ ਪਹਿਲ ਇੱਕ 'ਚੇਨ' ਸੰਕਲਪ ਨੂੰ ਅਪਣਾਉਂਦੀ ਹੈ, ਜਿੱਥੇ ਹਰੇਕ ਕਲਾਕ੍ਰਿਤੀ ਦ੍ਰਿਸ਼ਟੀਗਤ ਜਾਂ ਸੰਕਲਪਿਕ ਤੌਰ 'ਤੇ ਅਗਲੀ ਕਲਾਕ੍ਰਿਤੀ ਵਿੱਚ ਵਹਿੰਦੀ ਹੈ। ਇਸ ਸਮਾਗਮ ਦੇ ਮੁੱਖ ਮਹਿਮਾਨ, ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ, ਪ੍ਰੋ ਵਾਈਸ-



ਚਾਂਸਲਰ ਡਾ. ਸੰਜੇ ਮੋਦੀ ਦੇ ਨਾਲ, ਪ੍ਰਦਰਸ਼ਨੀ ਦਾ ਦੌਰਾ ਕੀਤਾ, ਵਿਦਿਆਰਥੀ ਕਲਾਕਾਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਕੰਮਾਂ ਦੇ ਪਿੱਛੇ ਰਚਨਾਤਮਕ ਪ੍ਰਕਿਰਿਆਵਾਂ ਬਾਰੇ ਸਿੱਖਿਆ। ਪ੍ਰਦਰਸ਼ਨੀ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ, ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਐਲਪੀਯੂ ਰਚਨਾਤਮਕ ਆਜ਼ਾਦੀ ਅਤੇ ਪੇਸ਼ੇਵਰਤਾ ਦੀ ਡੂੰਘਾਈ ਨਾਲ ਕਦਰ ਕਰਦਾ ਹੈ। ਕਲਾਕਾਰਾਂ ਦੇ ਤੌਰ 'ਤੇ, ਯਾਦ ਰੱਖੋ ਕਿ ਸੱਚਾ ਵਿਕਾਸ ਇਨ੍ਹਾਂ ਦੀਵਾਰਾਂ ਤੋਂ ਪਰੇ ਜਾਣ ਨਾਲ ਆਉਂਦਾ ਹੈ, ਦੁਨੀਆ ਨਾਲ ਜੁੜਨਾ, ਆਪਣੇ ਦ੍ਰਿਸ਼ਟੀਕੋਣ ਨੂੰ ਚੁਣੌਤੀ ਦੇਣਾ ਅਤੇ ਰਚਨਾਤਮਕ ਭਾਈਚਾਰੇ ਵਿੱਚ ਨੈੱਟਵਰਕ ਬਣਾਉਣਾ। ਪ੍ਰਦਰਸ਼ਨੀ ਵਿੱਚ ਆਪਣੇ ਅਨੁਭਵ ਬਾਰੇ ਗੱਲ ਕਰਦੇ ਹੋਏ, ਪਹਿਲੇ ਸਾਲ ਦੀ ਵਿਦਿਆਰਥਣ ਆਲੀਆ ਸੇਠੀ ਨੇ ਕਿਹਾ, ਮੇਰੀ ਕਲਾਕਾਰੀ 'ਡਾਈਲਮਾ' ਨੂੰ ਨਾ ਸਿਰਫ਼ ਇੱਥੇ ਦਿਲੋਂ ਪ੍ਰਸ਼ੰਸਾ ਮਿਲੀ ਹੈ ਬਲਕਿ ਇਸਨੂੰ ਵੱਕਾਰੀ ਲਲਿਤ ਕਲਾ ਅਕਾਦਮੀ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕਰਨ ਲਈ ਵੀ ਚੁਣਿਆ ਗਿਆ ਹੈ। ਮੈਂ ਆਪਣੀ ਯਾਤਰਾ ਦੇ ਸ਼ੁਰੂ ਵਿੱਚ ਇੰਨੀ ਜਲਦੀ ਅਜਿਹੀ ਮਾਨਤਾ ਦੀ ਕਲਪਨਾ ਵੀ ਨਹੀਂ ਕੀਤੀ ਸੀ। ਐਲਪੀਯੂ ਸੱਚਮੁੱਚ ਸਾਨੂੰ ਵੱਡੇ ਸੁਪਨੇ ਦੇਖਣ ਅਤੇ ਵਧਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ। ਪ੍ਰਦਰਸ਼ਨੀ ਨੂੰ ਹੋਰ ਅਮੀਰ ਬਣਾਉਣ ਲਈ, ਨਿਪੁੰਨ ਕਲਾਕਾਰਾਂ ਦੁਆਰਾ ਓਪਨ ਵਰਕਸ਼ਾਪਾਂ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਹਰੀਸ਼ ਵਰਮਾ, ਫ੍ਰੀਲਾਂਸ ਆਰਟਿਸਟ ਦੁਆਰਾ ਕੈਲੀਗ੍ਰਾਫੀ, ਡਾ. ਅਪੂਰਵੀ, ਸਹਾਇਕ ਪ੍ਰੋਫੈਸਰ, ਐਲਪੀਯੂ ਦੁਆਰਾ ਡੂਡਲਿੰਗ ਅਤੇ ਮੌਸਮ ਰਾਜ, ਫ੍ਰੀਲਾਂਸ ਆਰਟਿਸਟ ਦੁਆਰਾ ਪ੍ਰਿੰਟਮੇਕਿੰਗ ਸ਼ਾਮਲ ਹਨ।

# ਲੋਕਾਂ ਨੂੰ ਸਰੀਰਕ ਤੇ ਮਾਨਸਿਕ ਸੰਤੁਸ਼ਟੀ ਦੇ ਰਹੀ ਹੈ 'ਸੀ ਐੱਮ ਦੀ ਯੋਗਸ਼ਾਲਾ' : ਐੱਸ ਡੀ ਐੱਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਐਸ.ਡੀ.ਐਮ. ਮੋਹਾਲੀ ਦਮਨਦੀਪ ਕੌਰ ਨੇ ਦੱਸਿਆ ਕਿ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਯੋਗਾ ਦਾ ਬਹੁਤ ਵੱਡਾ ਰੋਲ ਹੈ। ਯੋਗ ਅਭਿਆਸ ਕਰਨ ਨਾਲ ਅਸੀਂ ਸਰੀਰਕ ਪੱਖੋਂ ਸਿਹਤਮੰਦ ਤਾਂ ਹੁੰਦੇ ਹੀ ਹਾਂ ਬਲਕਿ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਦੇ ਹਾਂ। ਇਸ ਨਾਲ ਮਨ ਵੀ ਸਥਿਰ ਹੁੰਦਾ ਹੈ ਤੇ ਅੰਦਰੋਂ ਮਨ ਨੂੰ ਮਿਲਦੀ ਸ਼ਾਂਤੀ ਦਾ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਵੱਡਾ ਰੋਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤੇ ਚਲਾਈ ਜਾ ਰਹੀ ਸੀ ਐੱਮ ਦੀ ਯੋਗਸ਼ਾਲਾ ਤਹਿਤ ਸਮੁੱਚੇ ਜ਼ਿਲ੍ਹੇ ਵਿੱਚ ਮਾਹਿਰ ਟ੍ਰੇਨਰ ਲੋਕਾਂ ਨੂੰ ਯੋਗ ਰਾਹੀਂ ਤੰਦਰੁਸਤ ਜੀਵਨ ਸ਼ੈਲੀ ਨਾਲ ਜੋੜ ਰਹੇ ਹਨ। ਉਨ੍ਹਾਂ ਦੱਸਿਆ ਕਿ ਮੋਹਾਲੀ ਵਿਖੇ 'ਸੀ ਐਮ ਦੀ ਯੋਗਸ਼ਾਲਾ' ਲਈ ਟ੍ਰੇਨਰ ਸਵਾਤੀ ਸੈਣੀ ਵੱਲੋਂ ਰੋਜ਼ਾਨਾ 5 ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਨ੍ਹਾਂ 'ਚ ਉਨ੍ਹਾਂ ਵੱਲੋਂ ਪਹਿਲੀ ਕਲਾਸ ਐਰੋਵਿਸਟਾ ਗੁਰੂ ਗੋਬਿੰਦ ਨਗਰ ਜ਼ੀਰਕਪੁਰ ਵਿਖੇ ਸਵੇਰੇ 6.00 ਤੋਂ 7.00 ਵਜੇ ਤੱਕ, ਦੂਸਰੀ ਕਲਾਸ ਸੈਕਟਰ 66ਬੀ ਅੰਬਿਕਾ ਲਾਅ ਪੇਰੀਸੀਅਨ ਸੁਸਾਇਟੀ ਵਿਖੇ ਸਵੇਰੇ 7.35 ਤੋਂ 8.35 ਵਜੇ ਤੱਕ, ਤੀਸਰੀ ਕਲਾਸ ਮੋਤੀਆ ਐਰੋ ਗ੍ਰੀਨਜ 2 ਐਰੋਸਿਟੀ ਰੋਡ ਮੋਹਾਲੀ ਵਿਖੇ ਸਵੇਰੇ 9.20 ਤੋਂ 10.20 ਵਜੇ ਤੱਕ, ਚੌਥੀ ਕਲਾਸ ਐਰੋਸਿਟੀ ਬਲਾਕ ਐਫ ਵਿਖੇ ਸ਼ਾਮ 5.00 ਤੋਂ 6.00 ਵਜੇ ਤੱਕ ਅਤੇ ਦਿਨ ਦੀ ਆਖਰੀ ਪੰਜਵੀਂ ਕਲਾਸ ਟੈਕ ਟਾਊਨ ਐਲ ਬਲਾਕ ਐਰੋਸਿਟੀ ਸੁਸਾਇਟੀ ਪਾਰਕ ਵਿਖੇ ਸ਼ਾਮ 6.30 ਤੋਂ 7.30 ਵਜੇ ਤੱਕ ਲਗਾਈ ਜਾਂਦੀ ਹੈ, ਜਿੱਥੇ ਬਿਨਾਂ ਕੋਈ ਫ਼ੀਸ ਲਿਆ ਯੋਗਾ ਦੀ ਸਿਖਲਾਈ ਦਿੱਤੀ ਜਾਂਦੀ ਹੈ।

# ਪਹਿਲਗਾਮ ਹਮਲੇ ਦਾ ਬਦਲਾ ਲੈਣ 'ਤੇ ਸ਼ਿਵ ਸੈਨਾ ਹਿੰਦੁਸਤਾਨ ਨੇ ਮੋਦੀ ਤੇ ਫੌਜ ਦੀ ਕੀਤੀ ਸ਼ਲਾਘਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਪਹਿਲਗਾਮ ਵਿੱਚ ਪਾਕਿਸਤਾਨੀ ਅੱਤਵਾਦੀਆਂ ਵੱਲੋਂ ਚੁਣ-ਚੁਣ ਕੇ ਮਾਰੇ ਗਏ ਹਿੰਦੂਆਂ ਦਾ ਬਦਲਾ ਲੈਣ ਲਈ ਭਾਰਤ ਦੀ ਮੋਦੀ ਸਰਕਾਰ ਅਤੇ ਭਾਰਤੀ ਫੌਜ ਨੇ ਅੱਤਵਾਦੀਆਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਜਿਸ ਤਰ੍ਹਾਂ ਖਤਮ ਕੀਤਾ ਉਸਦੀ ਸ਼ਲਾਘਾ ਕਰਨ ਸਬੰਧੀ ਸ਼ਿਵ ਸੇਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਬਲਾਕ ਪ੍ਰਧਾਨ ਗਣੇਸ਼ ਵੈਦ, ਯੁਵਾ ਨੇਤਾ ਰਾਜੂ ਖੋਸਲਾ, ਸੀਨੀਅਰ ਸਿਟੀ ਪ੍ਰਧਾਨ ਰਜੀਵ ਖੰਨਾ, ਵੀਰ ਕ੍ਰਿਸ਼ਨਾ ਕਲੱਬ ਦੇ ਪ੍ਰਧਾਨ ਰਾਜ ਅਹੀਆਪੁਰ ਤੇ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ।ਖੰਨਾ ਨੇ ਕਿਹਾ ਕਿ ਪਾਕਿਸਤਾਨ ਆਪਣੇ ਅੱਤਵਾਦੀਆਂ ਨੂੰ ਭਾਰਤ ਭੇਜ ਕੇ ਕਦੇ ਫੌਜੀ ਜਵਾਨਾਂ ਤੇ ਕਦੇ ਜੰਮੂ ਸ੍ਰੀਨਗਰ ਦੇ ਲੋਕਾਂ ਤੇ ਜਾਨਲੇਵਾ ਹਮਲਾ ਕਰਵਾ ਰਿਹਾ ਸੀ ਅਤੇ ਹੁਣ 22 ਅਪ੍ਰੈਲ ਨੂੰ ਵੱਖ-ਵੱਖ ਸਟੇਟਾਂ ਵਿੱਚੋਂ ਸੈਰ ਸਪਾਟੇ ਲਈ ਪਹਿਲਗਾਮ ਗਏ ਹਿੰਦੂਆਂ ਨੂੰ ਇਨ੍ਹਾਂ ਅੱਤਵਾਦੀਆਂ ਨੇ ਜਿਸ ਤਰ੍ਹਾਂ ਚੁਣ ਚੁਣ ਕੇ ਗੋਲੀਆਂ ਮਾਰ ਕੇ ਮਾਰਿਆ, ਉਸ ਨਾਲ ਸਾਰੇ ਭਾਰਤ ਵਿੱਚ ਰੋਸ ਦੀ ਭਾਵਨਾ ਜਾਗ੍ਰਿਤ ਹੋ ਗਈ ਸੀ ਅਤੇ ਭਾਰਤ ਦਾ ਹਰ ਨਾਗਰਿਕ ਮੋਦੀ ਸਰਕਾਰ ਸਮੇਤ ਭਾਰਤ ਦੀ ਫੌਜ ਤੋਂ ਇਸਦਾ ਬਦਲਾ ਲੈਣ ਦੀ ਮੰਗ ਕਰ ਰਿਹਾ ਸੀ। ਭਾਰਤੀ ਫੌਜ ਨੇ ਪਾਕਿਸਤਾਨ 'ਚ ਵੜ ਕੇ ਲਸ਼ਕਰ ਅਤੇ ਜੈਸ਼ ਅੱਤਵਾਦੀਆਂ ਦੇ ਟਿਕਾਣੇ ਤਬਾਹ ਕਰਕੇ 100 ਅੱਤਵਾਦੀਆਂ ਨੂੰ ਮਾਰ ਕੇ ਪਹਿਲਗਾਮ ਦਾ ਬਦਲਾ ਲੈ ਲਿਆ ਹੈ। ਇਸ ਮੌਕੇ 'ਤੇ ਵਿਕਾਸ ਖੋਸਲਾ, ਭਾਰਤ ਮਰਵਾਹਾ, ਰਾਹੁਲ ਕਸ਼ਅਪ, ਅਮਿਤ ਸ਼ਾਲੂ, ਸੁਜਲ ਢਿੰਗਰਾ, ਸੰਜੂ ਭੱਟੀ, ਰਾਹੁਲ ਭੱਟੀ, ਸੌਰਵ ਗਿੱਲ, ਕਰਨ ਗਿੱਲ ਅਤੇ ਹੋਰ ਸ਼ਿਵ ਸੇਨਾ ਵਰਕਰ ਹਾਜ਼ਰ ਸਨ।

# ਬੰਦ ਹੋਇਆ ਸੀਵਰੇਜ ਦਾ ਪਾਈਪ ਬਦਲਣ 'ਚ ਨਗਰ ਨਿਗਮ ਬੁਰੀ ਤਰ੍ਹਾਂ ਫੇਲ੍ਹ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਜਨੀਤਿਕ ਦਬਾਅ ਕਾਰਨ ਨਗਰ ਨਿਗਮ ਦੇ ਅਧਿਕਾਰੀ ਵਿਰੋਧੀ ਪਾਰਟੀਆਂ ਦੇ ਕੌਂਸਲਰਾਂ ਦੇ ਵਾਰਡਾਂ ਵਿੱਚ ਕੰਮ ਕਰਨ ਤੋਂ ਬੁਰੀ ਤਰ੍ਹਾਂ ਨਾਲ ਫੇਲ੍ਹ ਹੋ ਚੁੱਕੇ ਹਨ। ਜਿਸ ਨਾਲ ਲੋਕਤੰਤਰ ਦਾ ਬੁਰੀ ਤਰ੍ਹਾਂ ਘਾਣ ਹੋ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਰਬੱਤ ਦਾ ਭਲਾ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਡਾਕਟਰ ਪੀ ਐਸ ਮਾਨ ਨੇ ਦੱਸਿਆ ਕਿ ਉਹਨਾਂ ਦੀ ਪਤਨੀ ਦਵਿੰਦਰ ਕੌਰ ਮਾਨ ਵਾਰਡ ਨੰਬਰ 27 ਦੀ ਕਾਂਗਰਸ ਪਾਰਟੀ ਵੱਲੋਂ ਕੌਂਸਲਰ ਹੈ ਤੇ ਇਸ ਵਾਰਡ ਅਧੀਨ ਆਉਂਦੇ ਮਹੱਲਾ ਨਿਊ ਦੀਪ ਨਗਰ ਦੀ ਗਲੀ ਨੰਬਰ 4 ਦੀ ਸੀਵਰੇਜ ਦੀ ਪਾਈਪਲਾਈਨ ਬਲਾਕ ਹੋਈ ਸੀ ਜਿਸ ਕਾਰਨ ਗਲੀ ਨਿਵਾਸੀ ਬਹੁਤ ਪਰੇਸ਼ਾਨ ਸਨ। ਦੋ ਅਪ੍ਰੈਲ ਨੂੰ ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਨੂੰ ਬੇਨਤੀ ਪੱਤਰ ਦਿੱਤਾ ਸੀ ਜਿਸ ਦਾ ਡਾਇਰੀ ਨੰਬਰ 884/2/4/25 ਹੈ ਕਿਸ ਸੰਬੰਧ ਵਿੱਚ ਬਾਰ-ਬਾਰ ਕਾਰਪੋਰੇਸ਼ਨ ਦਫਤਰ ਜਾਣ 'ਤੇ ਕਿਸੇ ਨੇ ਇਸ ਮੁਸ਼ਕਿਲ ਵੱਲ ਧਿਆਨ ਨਹੀਂ ਦਿੱਤਾ। ਬਾਅਦ ਵਿੱਚ ਉਹਨਾਂ ਨੂੰ ਪਤਾ ਲੱਗਾ ਕਿ ਨਿਗਮ ਦੇ ਅਧਿਕਾਰੀਆਂ ਉੱਪਰ ਵਿਰੋਧੀ ਪਾਰਟੀ ਦਾ ਕੌਂਸਲਰ ਹੋਣ ਕਾਰਨ ਕੰਮ ਨਾ ਕਰਨ ਦਾ ਭਾਰੀ ਦਬਾਅ ਪਿਆ ਹੋਇਆ ਹੈ। ਲੋਕਾਂ ਦੀ ਮੁਸ਼ਕਿਲ ਨੂੰ ਵੇਖਦਿਆਂ ਉਹਨਾਂ ਖੁਦ ਸਰਬਤ ਦਾ ਭਲਾ ਵੈਲਫੇਅਰ ਸੋਸਾਇਟੀ ਦੇ ਖਾਤੇ ਵਿੱਚੋਂ ਖਰਚਾ ਕਰਕੇ ਇਹ 20 ਫੁੱਟ ਦਾ ਟੋਟਾ ਪਵਾ ਕੇ ਮੁਹੱਲਾ ਨਿਵਾਸੀਆਂ ਦੀ ਸਮੱਸਿਆ ਹੱਲ ਕਰਵਾ ਦਿੱਤੀ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਗਲੀ ਨੰਬਰ ਇੱਕ ਵਿੱਚ ਮਹਲਾ ਨਿਊ ਦੀਪ ਨਗਰ ਅਜਿਹੀ ਸਮੱਸਿਆ ਆਈ ਸੀ ਜਿਸ ਨੂੰ ਵੀ ਉਹਨਾਂ ਆਪਣੇ ਖਰਚੇ 'ਤੇ ਹੀ ਪਾਈਪ ਪੁਆ ਕੇ ਹੱਲ ਕਰਵਾਇਆ ਸੀ। ਉਹਨਾਂ ਸਵਾਲ ਕਰਦਿਆਂ ਕਿਹਾ ਕਿ ਜੇਕਰ ਲੋਕਾਂ ਨੂੰ ਹਰ ਪ੍ਰਕਾਰ ਦੇ ਟੈਕਸ ਦੇਣ ਦੇ ਬਾਵਜੂਦ ਕੋਈ ਸਹੂਲਤ ਨਹੀਂ ਮਿਲ ਰਹੀ।

# 20 ਨੂੰ ਹੜਤਾਲ ਦੇ ਨਾਲ ਜ਼ਿਲ੍ਹਾ ਜਾਮ ਕੀਤਾ ਜਾਵੇਗਾ : ਬੱਡੋਆਣ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਲਾਲ ਝੰਡਾ ਭੱਠਾ ਵਰਕਰਜ਼ ਯੂਨੀਅਨ ਸੀਟੂ ਵਲੋਂ 20 ਮਈ ਦੀ ਹੋ ਰਹੀ ਹੜਤਾਲ ਜਿਸ ਵਿੱਚ ਦੇਸ਼ ਦੀਆਂ 10 ਟਰੇਡ ਯੂਨੀਅਨਾਂ ਅਤੇ ਮੁਲਾਜ਼ਮਾਂ ਦੀਆਂ ਫੈਡਰੇਸ਼ਨਾਂ ਸ਼ਾਮਲ ਹਨ, ਜਿਸ ਦੇ ਸਬੰਧ ਵਿੱਚ ਹੜਤਾਲ ਦਾ ਨੋਟਿਸ ਪ੍ਰਧਾਨ ਮੁਨੀਸ਼ ਗੁਪਤਾ ਭੱਠਾ ਮਾਲਕ ਐਸੋਸੀਏਸ਼ਨ ਹੁਸ਼ਿਆਰਪੁਰ, ਇਨ੍ਹਾਂ ਦੇ ਨਾਲ ਰਣਦੀਪ ਸਿੰਘ ਬਿਕਰਮ ਪਟਿਆਲ ਨਵੀਨ ਨੂੰ ਦਿੱਤਾ ਗਿਆ। ਇਸ ਮੌਕੇ ਮਜ਼ਦੂਰਾਂ ਵਲੋਂ ਕਾਮਰੇਡ ਮਹਿੰਦਰ ਕੁਮਾਰ ਬੱਡੋਆਣ, ਧਨਪਤ, ਬਦਰੀ ਨਾਥ, ਚੁੰਨੀ ਲਾਲ, ਤੀਰਥ ਰਾਮ ਅਤੇ ਹੋਰ ਸਾਥੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ 4 ਲੇਬਰ ਕੋਡ ਰੱਦ ਕਰਨ, ਘੱਟੋ ਘੱਟ ਉਜਰਤ 26000 ਰੁਪਏ ਮਹੀਨਾ ਕਰਨ, ਸਕੀਮ ਵਰਕਰ ਪੱਕੇ ਕਰਨ, ਠੇਕਾ ਸਿਸਟਮ ਬੰਦ ਕਰਨ, ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦੀ ਮੰਗ ਕੀਤੀ। ਉਨ੍ਹਾਂ ਭੱਠਿਆਂ ਨੂੰ ਜੀ ਐਸ ਟੀ ਤੇ ਮਾਇਨਿੰਗ ਤੋਂ ਬਾਹਰ ਕੱਢਣ, ਕਿਉਕਿ ਜੇ ਭੱਠਿਆਂ ਵਾਲਿਆਂ ਨੂੰ ਸਰਕਾਰ ਨੇ ਰੇਤਾ, ਮਿੱਟੀ ਚੁੱਕਣ ਨਹੀ ਦੇਣੀ ਤਾਂ ਲੱਖਾਂ ਮਜ਼ਦੂਰ ਵਿਹਲੇ ਹੋ ਜਾਣਗੇ। ਉਪਰੋਕਤ ਮੰਗਾਂ ਦੀ ਪ੍ਰਾਪਤੀ ਲਈ 20 ਮਈ ਦੀ ਹੜਤਾਲ ਵਿੱਚ ਭੱਠਾ ਮਜ਼ਦੂਰ, ਮਨਰੇਗਾ ਵਰਕਰ, ਆਸ਼ਾ ਵਰਕਰ, ਆਂਗਣਵਾੜੀ ਵਰਕਰ, ਹੈਲਪਰ, ਚੌਕੀਦਾਰ ਅਤੇ ਕਨਸਟਰੱਕਸ਼ਨ ਵਰਕਰ ਜ਼ਿਲ੍ਹੇ ਅੰਦਰ ਜ਼ੋਰਦਾਰ ਢੰਗ ਨਾਲ ਹੜਤਾਲ ਕਰਨਗੇ ਅਤੇ ਜ਼ਿਲ੍ਹਾ ਜਾਮ ਕੀਤਾ ਜਾਵੇਗਾ।

# ਮੁਫ਼ਤ ਮੈਗਾ ਮੈਡੀਕਲ ਕੈਂਪ ਲਗਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਹੁਸ਼ਿਆਰਪੁਰ ਭਰਵਾਈ ਰੋਡ ਵਿਖੇ ਵਿਸ਼ਾਲ ਮੈਗਾ ਮੁਫ਼ਤ ਮੈਡੀਕਲ ਕੈਂਪ ਏਕਤਾ ਲਹਿਰ ਅਤੇ ਦਾ ਵਰਕਿੰਗ ਰਿਪੋਰਟਰ ਐਸੋਸੀਏਸ਼ਨ ਰਜਿ. ਪੰਜਾਬ (ਇੰਡੀਆ) ਦੇ ਸਹਿਯੋਗ ਨਾਲ ਲਗਾਇਆ ਗਿਆ।ਉਦਘਾਟਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ



ਹੁਸ਼ਿਆਰਪੁਰ ਨੇ ਕੀਤਾ! ਵਿਜੈ ਸਾਂਪਲਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਪੱਤਰਕਾਰਾਂ ਦੱਸਿਆ ਕਿ ਮੁਫਤ ਮੈਡੀਕਲ ਕੈਂਪ ਵਿੱਚ ਦਿਲ, ਦਿਮਾਗ, ਰੀਡ ਦੀ ਹੱਡੀ, ਦੇ ਰੋਗਾਂ ਦਾ ਮੁਫਤ ਚੈਕ ਅੱਪ ਕੀਤਾ ਗਿਆ।ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੁਧਾਂਸ਼ੂ ਬੁੱਧਾ ਕੋਟੀ, ਦਿਮਾਗ ਦੇ ਰੋਗਾਂ ਦੇ ਮਾਹਿਰ ਡਾਕਟਰ ਐਚ ਐਸ ਬਰਾੜ, ਪੈਰਾਂ ਅਤੇ ਗਿੱਟੇ ਦੇ ਰੋਗਾਂ ਦੇ ਮਾਹਿਰ ਡਾਕਟਰ ਚੰਦਨ ਨਾਰੰਗ ਚੈੱਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਮੁੱਹਈਆ ਕਰਵਾਈਆਂ ਗਈਆਂ।ਮਰੀਜ਼ਾਂ ਦੇ ਵਾਸਤੇ ਚਾਹ ਪਾਣੀ ਅਤੇ ਲੰਗਰ ਦੀ ਵਿਵਸਥਾ ਵੀ ਕੀਤੀ ਗਈ। ਇਸ ਮੌਕੇ ਤਰਸੇਮ ਦੀਵਾਨਾ, ਗੁਰਵਿੰਦਰ ਸਿੰਘ ਪਲਾਹਾ, ਵਿਨੋਦ ਕੌਸ਼ਲ, ਚੇਅਰਮੈਨ ਚੰਦਰਪਾਲ ਹੈਪੀ ਮਾਨਾ, ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਭੁੰਗਰਨੀ, ਅਮਰਜੀਤ ਸਿੰਘ ਜੰਡੂ ਸਿੰਘਾ, ਕਰਮਵੀਰ ਸਿੰਘ ਆਦਮਪੁਰ, ਓ ਪੀ ਰਾਣਾ ਹੁਸ਼ਿਆਰਪੁਰ, ਜਸਵੀਰ ਸਿੰਘ ਮੁੱਖਲਿਆਣਾ ਪ੍ਰਧਾਨ ਮੇਹਟੀਆਣਾ ਯੂਨਿਟ, ਅਸ਼ਵਨੀ ਸ਼ਰਮਾ, ਅਮਰਜੀਤ ਸਿੰਘ, ਮਨਜੀਤ ਸਿੰਘ, ਸੰਜੀਵ ਕੁਮਾਰ ਅੱਤੋਵਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੱਤਰਕਾਰ ਭਾਈਚਾਰਾ ਹਾਜ਼ਰ ਸੀ।

# 13 ਨੂੰ ਜਗਰਾਉਂ 'ਚ ਹੋਵੇਗੀ ਜਬਰ ਵਿਰੋਧੀ ਵਿਸ਼ਾਲ ਰੈਲੀ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)** ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਡਾਕਟਰ ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਸੂਬਾਈ ਦਫਤਰ ਸ਼ਹੀਦ ਸਰਵਨ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਹੋਈ। ਇਸ ਮੌਕੇ 'ਤੇ ਸ਼ੋਕ ਮਤੇ ਪੇਸ਼ ਕਰਦਿਆਂ ਪੁਲਵਾਮਾ ਵਿੱਚ ਹੋਏ ਦਹਿਸ਼ਤੀ ਹਮਲੇ 'ਚ ਜਾਨਾਂ ਗਵਾ ਗਏ ਲੋਕਾਂ ਅਤੇ ਕਿਸਾਨ ਆਗੂਆਂ ਸ਼ੀਤਲ ਸਿੰਘ ਤਲਵੰਡੀ ਅਤੇ ਪਿਆਰਾ ਸਿੰਘ ਪਰਖ ਨੂੰ ਦੋ ਮਿੰਟ ਖੜੇ ਹੋ ਕੇ ਸ਼ਰਧਾਂਜਲੀਆਂ ਭੇਟ ਕੀਤੀ ਗਈ। ਅਜਨਾਲਾ ਨੇ ਆਖਿਆ ਕਿ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਲੋਕਾਂ ਦੇ ਮਸਲੇ ਹੱਲ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ। ਉਹ ਲੋਕਾਂ ਦਾ ਧਿਆਨ ਜੰਗ ਲਗਾ ਕੇ ਵੰਡਣਾ ਚਾਹੁੰਦੀਆਂ ਹਨ। ਜਿਸ ਦਾ ਉਹ ਵਿਰੋਧ ਕਰਦੇ ਹਨ। ਉਨਾਂ ਆਖਿਆ ਕਿ ਜੰਗ ਦੌਰਾਨ ਹਮੇਸ਼ਾ ਹੀ ਆਮ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਉਨਾਂ ਆਖਿਆ ਕਿ ਸਾਮਰਾਜੀ ਸ਼ਕਤੀਆਂ ਕੇਵਲ ਆਪਣੇ ਹਥਿਆਰ



ਵੇਚਣ ਲਈ ਗਰੀਬ ਮੁਲਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਦੇ ਹਨ। ਉਨਾਂ ਅਮਨ ਪਸੰਦ ਲੋਕਾਂ ਨੂੰ ਜੰਗ ਦੇ ਵਿਰੋਧ ਕਰਨ ਦਾ ਸੱਦਾ ਦਿੱਤਾ। ਉਹਨਾਂ ਕਿਸਾਨ ਆਗੂ ਰਾਕੇਸ਼ ਟਕੈਤ ਉੱਪਰ ਕੀਤੇ ਜਾ ਰਹੇ ਹਮਲਿਆਂ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਜਪਾ ਦੇ ਲੋਕਾਂ ਵੱਲੋਂ ਟਕੈਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਆਖਿਆ ਕਿ ਹਾਕਮਾਂ ਵੱਲੋਂ ਜੰਗ ਵਰਗਾ ਮਾਹੌਲ ਦੇਸ਼ ਵਿੱਚ ਸਿਰਜਣ ਦੀ ਉਹ ਵਿਰੋਧਤਾ ਕਰਦੇ ਹਨ। ਉਹਨਾਂ ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਆਖਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਦੇ ਵਿੱਚ ਤਿੰਨ ਥਾਵਾਂ ਜਗਰਾਉਂ, ਬਠਿੰਡਾ ਅਤੇ ਸੰਗਰੂਰ ਵਿੱਚ ਤਿੰਨ ਵੱਡੀਆਂ ਰੈਲੀਆਂ ਪੰਜਾਬ ਸਰਕਾਰ ਵੱਲੋਂ ਲੋਕ ਸੰਘਰਸ਼ਾਂ ਨੂੰ ਕੁਚਲਣ ਵਾਸਤੇ ਪੁਲਸ ਦੇ ਜ਼ੋਰ ਨਾਲ ਕੀਤੇ ਗਏ ਜਬਰ ਖਿਲਾਫ ਕੀਤੀਆਂ ਜਾ ਰਹੀਆਂ ਹਨ। ਮੀਟਿੰਗ ਵਿੱਚ ਪਿੱਛੇ ਕੀਤੀਆਂ ਗਈਆਂ ਸਰਗਰਮੀਆਂ ਦੀ ਰਿਪੋਰਟ ਉੱਪਰ ਤਸੱਲੀ ਜਾਹਰ ਕਰਦਿਆਂ ਸੂਬਾ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਆਖਿਆ ਕਿ ਜਥੇਬੰਦੀ ਵੱਲੋਂ ਲੋਕਾਂ ਦੀਆਂ ਮੰਗਾਂ ਮੁਸ਼ਕਲਾਂ ਹੱਲ ਕਰਵਾਉਣ ਲਈ ਭਰਪੂਰ ਯੋਗਦਾਨ ਪਾਇਆ ਗਿਆ ਹੈ।

# ਸੰਵਿਧਾਨ ਨਾਲ ਛੇੜਖਾਨੀ ਬਰਦਾਸ਼ਤ ਨਹੀਂ ਕਰਾਂਗੇ : ਭਰੋਮਜਾਰਾ



**ਬੰਗਾ (ਅਵਤਾਰ ਕਲੇਰ)** ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੀ ਸਮਾਜ ਨੂੰ ਵੱਡੀ ਦੇਣ ਹੈ। ਬਾਬਾ ਸਾਹਿਬ ਵਲੋਂ ਕਹੀਆਂ ਗਈਆਂ ਗੱਲਾਂ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਪਿੰਡ ਕੁਲਥਮ ਵਿਖੇ ਭਾਰਤੀ ਸਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਦਿਨ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਭਾਰਤੀ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਰਾ ਹੀ ਸੰਤ ਸਮਾਜ ਸਵਿਧਾਨ ਦੀ ਰਾਖੀ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੈ। ਉਹਨਾਂ ਕਿਹਾ ਕਿ ਰੋਟੀ ਭਾਵੇਂ ਘੱਟ ਖਾ ਲਿਓ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਓ ਤਾਂ ਜੋ ਬਾਬਾ ਸਾਹਿਬ ਜੀ ਦਾ ਮਿਸ਼ਨ ਪੂਰਾ ਕੀਤਾ ਜਾ ਸਕੇ। ਇਸ ਮੌਕੇ ਵੱਖ ਵੱਖ ਕਲਾਕਾਰਾਂ ਨੇ ਮਿਸ਼ਨਰੀ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ।

# ਕਮਲ ਗਿੱਲ ਦਾ ਦੂਜਾ ਨਾਵਲ 'ਅਧੂਰੀ ਕਹਾਣੀ' ਰਿਲੀਜ਼

**ਕਾਲਾ ਸੰਘਿਆਂ (ਮਨਜੀਤ ਮਾਨ)**- ਗੰਧਲੇ ਰਿਸ਼ਤੇ ਨਾਵਲ ਦੀ ਕਾਮਯਾਬੀ ਤੋਂ ਬਾਅਦ ਕਮਲ ਗਿੱਲ ਦਾ ਦੂਜਾ ਨਾਵਲ ਅਧੂਰੀ ਕਹਾਣੀ ਸਥਾਨਕ ਪ੍ਰੈਸ ਕਲੱਬ ਵਿਖੇ ਰਿਲੀਜ਼ ਕੀਤਾ ਗਿਆ ।ਯੂ.ਕੇ.ਵਾਸੀ ਪੰਜਾਬੀ ਲੇਖਿਕਾ ਕਮਲ ਗਿੱਲ ਦੇ ਇਸ ਨਾਵਲ ਲਈ ਫ਼ਰੀਦਕੋਟ ਵਿੱਚ ਕਲਮਾਂ ਦੇ ਰੰਗ ਸਾਹਿਤਕ ਸਭਾ ਦੁਆਰਾ




ਆਯੋਜਿਤ ਸਮਾਗਮ ਵਿਚ ਕਮਲ ਗਿੱਲ ਨੂੰ ਉਸਦੇ ਪਹਿਲੇ ਨਾਵਲ ਗੰਧਲੇ ਰਿਸ਼ਤੇ ਦੀ ਸਫਲਤਾ ਲਈ ਸਨਮਾਨਿਤ ਵੀ ਕੀਤਾ ਗਿਆ ਸੀ।ਉਹਨਾਂ ਕਹਾਣੀਆਂ ਅਤੇ ਲੇਖਾਂ ਰਾਹੀਂ ਆਪਣੇ ਲਿਖਣ ਦੇ ਸਫ਼ਰ ਦੀ ਸ਼ੁਰੂਆਤ ਕੀਤੀ। ਸਿਰਫ 19 ਸਾਲ ਦੀ ਛੋਟੀ ਉਮਰ ਵਿੱਚ ਕਮਲ ਦਾ ਵਿਆਹ ਹੋ ਗਿਆ ਅਤੇ ਉਹ ਇੰਗਲੈਂਡ ਚਲੀ ਗਈ ।ਜਿੱਥੇ ਉਸਨੇ ਇੱਕ ਵਿਅਸਤ ਜੀਵਨ ਸ਼ੈਲੀ ਕਾਰਨ ਲਿਖਣ ਤੋਂ ਇੱਕ ਛੋਟਾ ਜਿਹਾ ਬ੍ਰੇਕ ਲਿਆ।ਸਮੇਂ ਦੇ ਨਾਲ, ਉਸ ਦੁਆਰਾ ਲਿਖੀਆਂ ਕਹਾਣੀਆਂ ਅਤੇ ਲੇਖ ਵੱਖ-ਵੱਖ ਪਲੇਟਫਾਰਮਾਂ 'ਤੇ ਪ੍ਰਕਾਸ਼ਿਤ ਹੋਏ।2024 ਵਿੱਚ, ਉਸਦਾ ਪਹਿਲਾ ਨਾਵਲ ਗੰਧਲੇ ਰਿਸ਼ਤੇ ਰਿਲੀਜ਼ ਹੋਇਆ । ਮਿਸਟਰ ਸਿੰਘ ਪਬਲੀਕੇਸ਼ਨ ਬਠਿੰਡਾ ਵੱਲੋਂ ਪ੍ਰਕਾਸ਼ਿਤ ਇਹ ਨਾਵਲ ਬਾਲ ਛੇੜਛਾੜ ਦੇ ਸੰਵੇਦਨਸ਼ੀਲ ਅਤੇ ਗੰਭੀਰ ਮੁੱਦੇ ਨੂੰ ਸੰਬੋਧਿਤ ਕਰਦਾ ਹੈ, ਅਤੇ ਇੱਕ ਸੱਚੀ ਕਹਾਣੀ 'ਤੇ ਅਧਾਰਤ ਹੈ। ਇਹ ਨਾਵਲ 1993 ਤੋਂ 2003 ਦੇ ਦੌਰ ਦੀ ਕਹਾਣੀ ਹੈ ਜਦੋ ਕੁੜੀਆਂ ਨੂੰ ਐਨ ਆਰ ਆਈਜ਼ ਨਾਲ ਬਿਨਾਂ ਉਨ੍ਹਾਂ ਦੀ ਮਰਜ਼ੀ ਪੁੱਛੇ ਵਿਆਹ ਦਿਤਾ ਜਾਂਦਾ ਸੀ, ਉਸ ਦੌਰ ਵਿਚ ਹਜ਼ਾਰਾਂ ਕੁੜੀਆਂ ਦੇ ਸੁਪਨੇ ਉਨ੍ਹਾਂ ਤੋਂ ਬਿਨਾਂ ਪੁੱਛੇ ਬਲੀ ਚੜ੍ਹ ਗਏ । ਇਹ ਵੀ ਨਹੀਂ ਦੇਖਿਆ ਜਾਂਦਾ ਸੀ ਕਿ ਮੁੰਡੇ ਦੀ ਉਮਰ ਕਿੰਨੀ ਹੈ। ਉਹ ਪ੍ਰਦੇਸ ਵਿਚ ਕੀ ਕੰਮ ਕਰਦਾ ਹੈ, ਉਸ ਦਾ ਉਥੇ ਰਹਿਣ-ਸਹਿਣ ਕਿਹੋ ਜਿਹਾ ਹੈ। ਬੱਸ ਇਹ ਸੁਣ ਕੇ ਕਿ ਮੁੰਡਾ ਯੂ. ਕੇ., ਕੈਨੇਡਾ, ਅਮਰੀਕਾ ਤੋਂ ਆਇਆ ਹੈ ਉਸ ਨਾਲ ਕੁੜੀ ਤੋਰ ਦਿੱਤੀ ਜਾਂਦੀ ਸੀ। ਵਿਆਹ ਤੋਂ ਬਾਅਦ ਕੁੜੀ ਦਾ ਪ੍ਰਦੇਸ ਵਿਚ ਕਿ ਹਾਲ ਹੋਵੇਗਾ ਇਸ ਦਾ ਕੋਈ ਨਹੀਂ ਸੋਚਦਾ ਸੀ। ਇਸ ਮੌਕੇ ਪੁਲਸ ਅਧਿਕਾਰੀ ਜਸਬੀਰ ਸਿੰਘ, ਇੰਟਰਨੈਸ਼ਨਲ ਗਾਇਕ ਜੀ ਸ਼ਰਮੀਲਾ, ਜਤਿੰਦਰ ਰਾਵਤ, ਗਾਇਕ ਦੀਪ ਸਫੀਪੁਰੀਆ, ਗਾਇਕ ਆਰ ਕੇ ਰੰਮੀ ਇੰਗਲੈਂਡ, ਬਿੰਦਰ ਦੇਦੜਾ, ਮਨਦੀਪ ਸਿੰਘ, ਗਾਇਕ ਅਦਾਕਾਰ ਪ੍ਰੋਡਿਊਸਰ ਮਨੋਹਰ ਧਾਰੀਵਾਲ ਹਾਜ਼ਰ ਸਨ।

# 'ਨਵੀਨਤਮਕਾਰੀ ਅਧਿਆਪਨ ਕੁਸ਼ਲਤਾਵਾਂ ਤੇ ਖੋਜ ਵਿਧੀਆਂ ਦਾ ਪਾਲਣ' ਵਿਸ਼ੇ 'ਤੇ ਸਮਾਗਮ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ), ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ, ਜਲੰਧਰ 'ਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਭਵਿੱਖ ਦੀ ਲੀਡਰਸ਼ਿਪ ਨੂੰ ਸਮਰੱਥ ਬਣਾਉਣ ਲਈ ਨਵੀਨਤਮਕਾਰੀ ਅਧਿਆਪਨ ਕੁਸ਼ਲਤਾਵਾਂ ਅਤੇ ਖੋਜ ਵਿਧੀਆਂ ਦਾ ਪਾਲਣ ਕਰਨਾ ਵਿਸ਼ੇ ਉੱਤੇ Two Week Faculty Development Programme (FDP) 5th – 17th May 2025' ਦਾ ਦੂਜਾ ਦਿਨ ਸਫਲਤਾਪੂਰਵਕ ਸੰਪੰਨ ਹੋਇਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵੱਜੋਂ ਪ੍ਰੋ. ਡਾ. ਬਲਵੀਰ ਸਿੰਘ ਕੈਂਥ, ਮੁਖੀ ਰਸਾਇਣ ਵਿਗਿਆਨ (ਆਈ.ਟੀ.ਈ.ਪੀ, ਐਨ. ਆਈ. ਟੀ ਜਲੰਧਰ) ਨੇ




ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਗਿਆਨ ਅਤੇ ਤਕਨਾਲੋਜੀ ਵਿਚ ਨਵੀਨਤਾਕਾਰੀ ਬਾਇਓਮਟੀਰੀਅਲ ਅਤੇ ਉਨ੍ਹਾਂ ਦੇ ਉਪਯੋਗ ਵਿਸ਼ੇ ਉੱਤੇ ਆਪਣੇ ਵਿਚਾਰ ਪੇਸ਼ ਕੀਤੇ, ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਖੇਤੀਬਾੜੀ ਵਿਚ ਵਰਤੇ ਜਾਣ ਵਾਲੇ ਬਾਇਓਮਟੀਰੀਅਲ ਜਿਵੇਂ ਕਿ ਨੈਨੋਜੈਲ ਖਾਦਾਂ ਅਤੇ ਕੀਟਨਾਸ਼ਕਾਂ ਦੀ ਰੀਲੀਜ਼ ਨੂੰ ਕੰਟਰੋਲ ਕਰਦੇ ਹਨ ਜਿਸ ਨਾਲ ਜ਼ਮੀਨ ਦੀ ਉਪਜਾਊ ਤਾਕਤ ਵਿਚ ਵਾਧਾ ਹੁੰਦਾ ਹੈ ਤੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਨੁਕਸਾਨ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਬਾਇਓਮਟੀਰੀਅਲ ਮੈਡੀਕਲ ਖੇਤਰ ਵਿਚ ਵੀ ਮੁੱਖ ਭੂਮਿਕਾ ਨਿਭਾਅ ਰਹੇ ਹਨ।ਇਹ ਅਜਿਹੇ ਡਰੱਗ ਪਹੁੰਚ ਸਿਸਟਮ ਬਣਾਉਂਦੇ ਹਨ ਜੋ ਸਰੀਰ ਦੇ ਬੀਮਾਰ ਹਿੱਸੇ ਤੱਕ ਦਵਾਈ ਸਿੱਧੀ ਪਹੁੰਚਾਉਂਦੇ ਹਨ। ਜਿਸ ਨਾਲ ਸਰੀਰਕ ਨੁਕਸਾਨ ਘੱਟ ਹੁੰਦੇ ਹਨ। ਡਾ. ਕੈਥ ਨੇ ਆਖਿਰ 'ਚ ਕਿਹਾ ਬਾਇਓਮਟੀਰੀਅਲ ਵਿਗਿਆਨ ਦੇ ਖੇਤਰ 'ਚ ਅਜਿਹਾ ਸੰਭਾਵਨਾਵਾਂ ਭਰਿਆ ਖੇਤਰ ਹੈ ਜੋ ਖੇਤੀਬਾੜੀ ਤੋਂ ਲੈ ਕੇ ਸਰੀਰਕ ਸਿਹਤ ਤੱਕ ਹਰ ਪੱਖ ਤੋਂ ਨਵੀਂ ਉਮੀਦ ਨੂੰ ਜਨਮ ਦੇ ਰਹੇ ਹਨ।ਇਹ ਸਮਾਗਮ ਡਾ. ਵਿਜੈ ਧੀਰ, ਡੀਨ ਅਕਾਦਮਿਕਸ (ਕੋਡੀਨੇਟਰ), ਡਾ. ਇੰਦੂ ਸ਼ਰਮਾ (ਕੋਡੀਨੇਟਰ),ਡਾ. ਜਗਦੀਪ ਕੌਰ (ਕੋਡੀਨੇਟਰ) ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਇਸ ਮੌਕੇ ਰੂਪ ਸਿੰਘ (ਡਿਪਟੀ ਰਜਿਸਟਰਾਰ) ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ ਵੀ ਹਾਜ਼ਰ ਸਨ।ਇਸ ਐਫ.ਡੀ.ਪੀ ਵਿਚ 82 ਪ੍ਰੋਫੈਸਰਾਂ ਨੇ ਭਾਗ ਲਿਆ।ਉਪਕੁਲਪਤੀ ਮਾਨਯੋਗ ਪ੍ਰੋ.(ਡਾ.) ਧਰਮਜੀਤ ਸਿੰਘ ਪਰਮਾਰ ਨੇ ਆਏ ਹੋਏ ਮੁੱਖ ਮਹਿਮਾਨ ਪ੍ਰੋ. ਡਾ. ਬਲਵੀਰ ਸਿੰਘ ਕੈਂਥ ਨੂੰ ਸਰੋਪਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ। ਡਾ. ਸਿਮ੍ਰਿਤੀ ਠਾਕੁਰ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਪੁਲਸ ਦਾ ਸਹਿਯੋਗ ਕਰਨ ਆਮ ਲੋਕ : ਬੇਦੀ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਪੁਲਸ ਪੈਨਸ਼ਨਰਜ ਐਸੋਸ਼ੀਏਸ਼ਨ ਫਗਵਾੜਾ ਦੀ ਇਕ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਿਟਾਇਰਡ ਇੰਸਪੈਕਟਰ ਹਰਦੀਪ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ 'ਯੁੱਧ ਨਸ਼ੇ ਵਿਰੁੱਧ' ਮੁਹਿਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਐਸ.ਪੀ. ਕਪੂਰਥਲਾ ਦੀ ਨਿਗਰਾਨੀ ਹੇਠ ਜ਼ਿਲ੍ਹਾ ਕਪੂਰਥਲਾ ਵਿਚ ਪੁਲਿਸ ਵਲੋਂ ਇਸ ਮੁਹਿੰਮ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾ ਰਿਹਾ ਹੈ, ਜੋ ਕਿ ਸ਼ਲਾਘਾਯੋਗ ਹੈ। ਉਹਨਾਂ ਸਮੂਹ ਪੰਚਾਇਤਾਂ ਨੂੰ ਖਾਸ ਤੌਰ ਅਪੀਲ ਕੀਤੀ ਕਿ ਇਸ ਮੁਹਿੰਮ ਨੂੰ ਸਫਲ ਬਨਾਉਣ ਵਿਚ ਪੁਲਸ ਦਾ ਪੂਰਾ ਸਹਿਯੋਗ ਕਰਨ। ਕਿਉਂਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਆਮ ਲੋਕਾਂ ਦੇ ਸਹਿਯੋਗ ਦੀ ਅਹਿਮ ਭੂਮਿਕਾ ਹੁੰਦੀ ਹੈ। ਮੀਟਿੰਗ ਦੌਰਾਨ ਰਿਟਾਇਰਡ ਪੁਲਸ ਮੁਲਾਜਮਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਪ੍ਰਧਾਨ ਹਰਦੀਪ ਸਿੰਘ ਬੇਦੀ ਨੇ ਦੱਸਿਆ ਕਿ ਜਨਵਰੀ 2016 ਤੋਂ 30 ਜੂਨ 2021 ਤੱਕ ਜੋ ਕਰਮਚਾਰੀ ਸੇਵਾ ਮੁਕਤ ਹੋਏ ਹਨ, ਉਹਨਾਂ ਦੀ ਕੈਸ਼ ਕ੍ਰੈਡਿਟ ਲੀਵ ਦੇ ਪੈਸਿਆਂ ਦਾ ਬਕਾਇਆ ਐਸ. ਐਸ. ਪੀ. ਦਫਤਰ ਕਪੂਰਥਲਾ ਵਲੋਂ ਜਲਦੀ ਹੀ ਕਿਸ਼ਤਾਂ ਵਿਚ ਰਿਲੀਜ਼ ਕਰ ਦਿੱਤਾ ਜਾਵੇਗਾ। ਉਹਨਾਂ ਭਰੋਸਾ ਦਿੱਤਾ ਕਿ ਰਿਟਾਇਰਡ ਪੁਲਸ ਮੁਲਾਜਮਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹਲ ਕਰਵਾਇਆ ਜਾਵੇਗਾ। ਇਸ ਮੌਕੇ ਇੰਸਪੈਕਟਰ ਸੁਮਿੰਦਰ ਸਿੰਘ ਭੱਟੀ, ਇੰਸਪੈਕਟਰ ਨਰਿੰਦਰ ਸਿੰਘ, ਐਸ.ਆਈ. ਉਂਕਾਰ ਸਿੰਘ, ਐਸ.ਆਈ. ਜਗਦੀਸ਼ ਲਾਲ, ਐਸ.ਆਈ. ਨਾਰਾਇਣ ਦਾਸ, ਏ.ਐਸ.ਆਈ. ਮਨਜੀਤ ਸਿੰਘ, ਏ.ਐਸ.ਆਈ. ਮੋਹਨ ਲਾਲ, ਏ.ਐਸ.ਆਈ. ਸਤਨਾਮ ਸਿੰਘ, ਏ.ਐਸ.ਆਈ. ਜਸਵਿੰਦਰ ਸਿੰਘ, ਐਚ.ਸੀ. ਬਲਜਿੰਦਰ ਸਿੰਘ, ਐਚ.ਸੀ. ਜਸਵਿੰਦਰ ਸਿੰਘ ਆਦਿ ਹਾਜਰ ਸਨ।

# ਜਲਾਲਪੁਰ ਨੇ ਵਾਰਡ ਨੰਬਰ 4 ਤੇ 11 ਨੂੰ ਦਿੱਤੀਆਂ ਗ੍ਰਾਂਟਾਂ



**ਬਲਾਚੌਰ (ਜਸਵਿੰਦਰ ਬੈਂਸ)**— ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਬਲਾਚੌਰ ਦੇ ਵਾਰਡ ਨੰਬਰ ਚਾਰ ਦੇ ਜੰਞ ਘਰ ਦੀ ਉਸਾਰੀ ਲਈ ਢਾਈ ਲੱਖ ਰੁਪਏ ਦੀ ਗਰਾਂਟ ਬਲਾਚੌਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ (ਲਾਡੀ ਰਾਣਾ) ਨੂੰ ਦਿੱਤੀ ਗਈ ਅਤੇ ਵਾਰਡ ਨੰਬਰ 11 ਦੇ ਜੰਞ ਘਰ ਦੀ ਉਸਾਰੀ ਲਈ 3 ਲੱਖ ਰੁਪਏ ਦੀ ਗਰਾਂਟ ਐਮ ਸੀ ਨਿਰਮਲਾ ਰਾਣੀ ਨੂੰ ਦਿੱਤੀ ਗਈ। ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ 2022 ਵਿੱਚ ਜਿਹੜੇ ਜਨਤਾ ਨਾਲ ਵਾਅਦੇ ਕਰਕੇ ਆਈ ਸੀ ਉਹ ਲਗਭਗ ਪੂਰੇ ਕਰ ਚੁੱਕੀ ਹੈ। ਉਹਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਵਾਸਤੇ ਕੋਈ ਵੀ ਕਮੀ ਨਹੀਂ ਛੱਡੀ ਜਾ ਰਹੀ।ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲਾਂ ਵਿੱਚ ਜਿੱਥੇ ਸਿਹਤ ਸਹੂਲਤਾਂ, ਸਿੱਖਿਆ ਕ੍ਰਾਂਤੀ ਅਤੇ ਨਸ਼ਿਆ ਵਿਰੁੱਧ ਹੁਣ ਤੱਕ ਜੋ ਕੰਮ ਕੀਤੇ ਗਏ ਹਨ, ਅਜਿਹੇ ਕੰਮ ਪਿਛਲੀਆਂ ਸਰਕਾਰਾਂ ਨੇ ਨਹੀਂ ਕੀਤੇ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦਾ ਵਿਕਾਸ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤਾ ਜਾ ਰਿਹਾ।ਮੀਟਿੰਗ 'ਚ ਹਲਕਾ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਵੀ ਮੌਜੂਦ ਰਹੇ। ਇਸ ਮੌਕੇ 'ਤੇ ਬਲਾਚੌਰ ਦੇ ਕੌਂਸਲਰਾਂ ਨੂੰ ਸਨਮਾਨਤ ਕੀਤਾ ਗਿਆ।

## ਮੁਹੰਮਦ ਖਾਨ ਦੇ ਏ ਐੱਸ ਆਈ ਬਣਨ 'ਤੇ ਐੱਸ ਐੱਸ ਪੀ ਨੇ ਲਗਾਏ ਸਟਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨੀਂ ਪੰਜਾਬ ਪੁਲਸ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਮੁਲਾਜ਼ਮਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ, ਜਿਸ ਤਹਿਤ ਪਿਛਲੇ ਲੰਮੇ ਸਮੇਂ ਤੋਂ ਹੌਲਦਾਰ ਦੇ ਅਹੁਦੇ 'ਤੇ ਆਪਣੀਆਂ ਜ਼ਿੰਮੇਵਾਰੀ ਤੇ ਬੇਦਾਗ ਸੇਵਾਵਾਂ ਨਿਭਾਉਣ ਵਾਲੇ ਹੌਲਦਾਰ ਮੁਹੰਮਦ ਸੁਖਚੈਨ ਖਾਨ ਨੂੰ ਪੰਜਾਬ ਸਰਕਾਰ ਤੇ ਡੀ.ਜੀ.ਪੀ. ਗੌਰਵ ਯਾਦਵ ਨੇ ਤਰੱਕੀ ਦੇ ਕੇ ਉਨ੍ਹਾਂ ਨੂੰ ਹੌਲਦਾਰ ਤੋਂ ਏ.ਐੱਸ.ਆਈ ਬਣਾਇਆ, ਜਿਸ 'ਤੇ ਮੁਹੰਮਦ ਸੁਖਚੈਨ ਖਾਨ ਨੂੰ ਬਰਨਾਲਾ ਦੇ ਐੱਸ ਐੱਸ ਪੀ. ਮੁਹੰਮਦ ਸਰਫਰਾਜ਼ ਆਲਮ ਆਈਪੀਐੱਸ ਤੇ ਐੱਸ ਪੀ. ਹੈੱਡ ਕੁਆਰਟਰ ਵੱਲੋਂ ਏ.ਐੱਸ.ਆਈ. ਦੇ ਸਟਾਰ ਲਾ ਕੇ ਵਧਾਈ ਦਿੱਤੀ ਗਈ।ਇਸ ਮੌਕੇ ਨਵੇਂ ਬਣੇ ਏ.ਐੱਸ.ਆਈ. ਮੁਹੰਮਦ ਸੁਖਚੈਨ ਖਾਨ ਨੇ ਕਿਹਾ ਕਿ ਉਹ ਆਪਣੀ ਡਿਊਟੀ ਪਹਿਲਾਂ ਦੀ ਤਰ੍ਹਾਂ ਇਮਾਨਦਾਰੀ ਨਾਲ ਨਿਭਾਉਂਦਾ ਹੋਇਆ ਪੀੜਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਵਚਨਬੱਧ ਰਹਿਣਗੇ।ਇਸ ਮੌਕੇ ਐੱਸ ਆਈ ਮਹਿਲ ਸਿੰਘ ਦੇ ਇਲਾਵਾ ਸਮੂਹ ਸਟਾਫ ਨੇ ਏ.ਐੱਸ.ਆਈ. ਸੁਖਚੈਨ ਸਿੰਘ ਨੂੰ ਮੁਬਾਰਕਬਾਦ ਦਿੱਤੀ।

## 6 ਗ੍ਰਾਮ ਹੈਰੋਇਨ ਸਮੇਤ 2 ਗ੍ਰਿਫ਼ਤਾਰ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 6 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਰਮਨ ਕੁਮਾਰ ਤੇ ਰਾਜੀਵ ਕੁਮਾਰ ਵਾਸੀ ਮਾਛੀਵਾੜਾ ਵਜੋਂ ਹੋਈ ਹੈ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਕਰਨੈਲ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕਰ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਸੀ ਤੇ ਮੁਹੱਲਾ ਨਿਊ ਸਿਟੀ ਨੇੜੇ 2 ਨੌਜਵਾਨ ਆਪਸ ਵਿੱਚ ਖੜ ਕੇ ਗੱਲਾਂ ਕਰ ਰਹੇ ਸਨ। ਪੁਲਸ ਪਾਰਟੀ ਨੂੰ ਦੇਖ ਕੇ ਇਹ ਦੋਵੇਂ ਪਿੰਡ ਅਧਿਆਨਾ ਵੱਲ ਨੂੰ ਤੁਰਨ ਲੱਗੇ ਤਾਂ ਇੱਕ ਨੇ ਆਪਣੀ ਜੇਬ 'ਚੋਂ ਇੱਕ ਲਿਫ਼ਾਫੀ ਕੱਢ ਕੇ ਜ਼ਮੀਨ 'ਤੇ ਸੁੱਟ ਦਿੱਤੀ। ਪੁਲਸ ਨੂੰ ਦੇਖ ਕੇ ਜਦੋਂ ਇਹ ਭੱਜਣ ਲੱਗੇ ਤਾਂ ਇਨ੍ਹਾਂ ਨੂੰ ਕਾਬੂ ਕਰ ਲਿਆ ਗਿਆ, ਜਿਨ੍ਹਾਂ 'ਚੋਂ ਇੱਕ ਨੇ ਆਪਣਾ ਨਾਮ ਰਮਨ ਕੁਮਾਰ ਤੇ ਦੂਸਰੇ ਨੇ ਰਾਜੀਵ ਕੁਮਾਰ ਦੱਸਿਆ। ਇਨ੍ਹਾਂ ਵੱਲੋਂ ਸੁੱਟੀ ਲਿਫ਼ਾਫੀ 'ਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ 'ਤੇ ਪੁਲਸ ਨੇ ਉਕਤ ਦੋਵਾਂ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਥਾਣਾ ਮੁਖੀ ਅਨੁਸਾਰ ਇਨ੍ਹਾਂ 'ਤੇ ਪਹਿਲਾਂ ਵੀ ਨਸ਼ੀਲੇ ਪਦਾਰਥਾਂ ਦੇ ਮਾਮਲੇ ਦਰਜ ਹਨ।

## ਕਿਸਾਨਾਂ ਨੂੰ ਜਲਦ ਰਿਹਾਅ ਨਾ ਕੀਤਾ ਤਾਂ ਜਥੇਬੰਦੀ ਲਵੇਗੀ ਸਖ਼ਤ ਐਕਸ਼ਨ : ਡੱਲੇਵਾਲ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਲੋਕਾਂ ਦਾ ਸੰਵਿਧਾਨਕ ਹੱਕ ਹੈ ਤੇ ਉਹ ਆਪਣੇ ਹੱਕਾਂ ਨੂੰ ਲੈ ਕੇ ਸੰਘਰਸ਼ ਕਰ ਸਕਦੇ ਹਨ, ਜਿਸ ਦੀ ਇਜਾਜ਼ਤ ਸਾਨੂੰ ਸਾਡੇ ਦੇਸ਼ ਦਾ ਸੰਵਿਧਾਨ ਦਿੰਦਾ ਹੈ।ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਘਰ ਵਿੱਚ ਕੈਦ ਕਰਕੇ ਰੱਖਣਾ ਸਰਕਾਰ ਦਾ ਅਤਿ ਨਿੰਦਣਯੋਗ ਕਦਮ ਹੈ ਅਤੇ ਪਿੰਡ ਡੱਲੇਵਾਲ ਵਿਖੇ ਚੱਲ ਰਹੇ ਕਿਸਾਨਾਂ ਦੇ ਮੋਰਚੇ ਵਿੱਚ ਵੀ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਸ਼ਾਮਲ ਨਹੀਂ ਹੋਣ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਉਹ ਕਿਸਾਨ ਆਗੂ ਹੋਣ ਦੇ ਨਾਲ ਨਾਲ ਇੱਕ ਅੰਮ੍ਰਿਤਧਾਰੀ ਸਿੱਖ ਵੀ ਹਨ ਤੇ ਉਹ ਰੋਜ਼ਾਨਾ ਨਿੱਤ ਨੇਮ ਵਜੋਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੇ ਹਨ, ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਤੱਕ ਵੀ ਨਾ ਜਾਣ ਦਿੱਤਾ ਜਾਣਾ, ਇਸ ਤੋਂ ਵੀ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਕਿਸਾਨਾਂ ਨਾਲ ਧੱਕੇਸ਼ਾਹੀ ਕਰਨ ਵਾਲੇ ਪੁਲਸ ਅਧਿਕਾਰੀਆਂ 'ਤੇ ਬਣਦੀ ਕਾਰਵਾਈ ਕਰਨ ਦੀ ਬਜਾਏ ਅਤੇ ਕਿਸਾਨਾਂ ਨਾਲ ਬਾਰਡਰਾਂ 'ਤੇ ਹੋਈ ਧੱਕੇਸ਼ਾਹੀ ਦਾ ਇਨਸਾਫ ਦੇਣ ਦੀ ਬਜਾਏ ਕਿਸਾਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਦੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਬੈਠ ਕੇ ਗੱਲਬਾਤ ਕਰਨ ਤੇ ਇਨਸਾਫ਼ ਦੇਣ ਦੀ ਗੱਲ ਕਰਨ ਦੀ ਬਜਾਏ ਕਿਸਾਨ ਆਗੂਆਂ ਨੂੰ ਆਪਣੇ ਘਰਾਂ ਵਿੱਚ ਕੈਦ ਕਰਨਾ ਬਹੁਤ ਮੰਦਭਾਗਾ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕਿਸਾਨਾਂ ਨੂੰ ਜਲਦੀ ਰਿਹਾਅ ਕੀਤਾ ਜਾਵੇ ਤੇ ਜੇਕਰ ਸਰਕਾਰ ਆਪਣੀ ਅੜੀ ਤੋਂ ਪਿਛਾਂਹ ਨਾ ਹਟੀ ਤੇ ਕਿਸਾਨ ਆਗੂਆਂ ਨੂੰ ਰਿਹਾਅ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਕੋਈ ਵੱਡਾ ਐਕਸ਼ਨ ਲਿਆ ਜਾਵੇਗਾ, ਜਿਸ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਪਿੰਡ ਡੱਲੇਵਾਲ ਵਿਖੇ ਚੱਲ ਰਹੇ ਮੋਰਚੇ ਵਿੱਚ ਬਠਿੰਡਾ ਤੇ ਬਰਨਾਲਾ ਜ਼ਿਲ੍ਹੇ ਦੇ ਸੈਂਕੜੇ ਕਿਸਾਨ ਆਗੂ ਹਾਜ਼ਰ ਸਨ।

## ਭਾਰਤੀ ਫੌਜਾਂ ਵੱਲੋਂ ਅੱਤਵਾਦੀ ਟਿਕਾਣਿਆਂ 'ਤੇ ਕੀਤੀ ਕਾਰਵਾਈ ਸ਼ਲਾਘਾਯੋਗ : ਸੈਨਿਕ ਲੀਗ



**ਸ਼ੇਰਪੁਰ (ਰਵੀ ਟਿੱਬਾ)**-ਭਾਰਤੀਆ ਸਾਬਕਾ ਸੈਨਿਕ ਲੀਗ (ਪੰ ਤੇ ਚੰਡੀ.) ਬਲਾਕ ਸ਼ੇਰਪੁਰ ਦੀ ਮਹੀਨਾਵਾਰ ਇਕੱਤਰਤਾ ਲੀਗ ਪ੍ਰਧਾਨ ਸੂਬੇਦਾਰ ਮੇਜਰ ਹਰਜੀਤ ਸਿੰਘ ਦੀ ਅਗਵਾਈ ਹੇਠ ਲੀਗ ਦਫਤਰ ਪੁਰਾਣੀ ਤਹਿਸੀਲ ਵਿਖੇ ਹੋਈ।ਸਾਬਕਾ ਸੈਨਿਕਾਂ ਨੇ ਪਹਿਲਗਾਮ 'ਚ ਦਹਿਸ਼ਤਗਰਦਾਂ ਵੱਲੋਂ ਨਿਰਦੋਸ਼ ਲੋਕਾਂ ਦੇ ਕੀਤੇ ਗਏ ਕਤਲੇਆਮ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਕਿਹਾ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ।ਸਾਬਕਾ ਸੈਨਿਕਾਂ ਨੇ 6-7 ਮਈ ਦੀ ਰਾਤ ਨੂੰ ਭਾਰਤੀ ਫੌਜਾਂ ਵੱਲੋਂ ਪਾਕਿ ਸਥਿਤ ਅੱਤਵਾਦੀ ਠਿਕਾਣਿਆਂ 'ਤੇ ਕੀਤੀ ਗਈ ਕਰਵਾਈ ਦੀ ਸ਼ਲਾਘਾ ਕੀਤੀ ਅਤੇ ਆਖਰੀ ਦਮ ਤੱਕ ਭਾਰਤੀ ਸੈਨਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜੇ ਹੋਣ ਦਾ ਅਹਿਦ ਲਿਆ।ਸੈਨਿਕ ਆਗੂ ਸੂਬੇਦਾਰ ਮੇਜਰ ਹਰਜੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਨੂੰ ਅੱਤਵਾਦ ਦਾ ਖਾਤਮਾ ਕਰਨ ਲਈ ਭਾਰਤ ਦਾ ਸਾਥ ਦੇਣਾ ਚਾਹੀਦਾ ਹੈ।ਭਾਰਤ ਇੱਕ ਸ਼ਾਂਤੀ ਪਸੰਦ ਦੇਸ਼ ਹੈ, ਪਰ ਦਹਿਸ਼ਤ ਦੇ ਛਾਏ ਹੇਠ ਨਹੀਂ ਰਹਿ ਸਕਦਾ ਤੇ ਸਾਡੀ ਫੌਜ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚੰਗੀ ਤਰ੍ਹਾਂ ਜਾਣਦੀ ਹੈ।ਉਨ੍ਹਾਂ ਜੰਗ ਬਾਰੇ ਕਿਹਾ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ। ਇਸ ਲਈ ਇਸ ਮੁਸ਼ਕਲ ਦੀ ਘੜੀ 'ਚ ਦੋਵਾਂ ਦੇਸ਼ਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।ਕੈਪਟਨ ਅਵਤਾਰ ਸਿੰਘ ਟਿੱਬਾ ਨੇ ਕਿਹਾ ਕਿ ਸਾਬਕਾ ਸੈਨਿਕਾਂ ਦੀ ਪੈਨਸ਼ਨ, ਜੋ 80 ਸਾਲ ਪੂਰੇ ਹੋਣ 'ਤੇ 20 ਪ੍ਰਤੀਸ਼ਤ ਵਧਦੀ ਹੈ , ਉਹ 65 ਸਾਲ ਤੋਂ ਬਾਅਦ 5 ਪ੍ਰਤੀਸ਼ਤ ਹਰ ਪੰਜ ਸਾਲ ਬਾਅਦ ਵਧਣੀ ਚਾਹੀਦੀ ਹੈ।

## ਸੰਤ ਕਬੀਰ ਸਕੂਲ ਦੀ ਆਯੂ ਪੋਰਸ 5ਵੇਂ ਤੇ ਅਨੰਨਿਆ ਤਿਵਾੜੀ 7ਵੇਂ ਸਥਾਨ 'ਤੇ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਦੁਨੀਆ ਭਰ 'ਚ ਅਬੈਕਸ ਸਿੱਖਿਆ ਲਈ ਮਸ਼ਹੂਰ ਯੂ ਸੀ ਐਮ ਏ ਐਸ ਅਬੈਕਸ ਗਰੁੱਪ ਆਫ਼ ਇੰਡੀਆ ਦਾ 18ਵਾਂ ਰਾਸ਼ਟਰੀ ਮੁਕਾਬਲਾ 27 ਅਪ੍ਰੈਲ ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਪੰਜਾਬ ਵਿਖੇ ਆਯੋਜਤ ਕੀਤਾ ਗਿਆ। ਇਸ ਮੁਕਾਬਲੇ ਵਿੱਚ ਵੱਖ-ਵੱਖ ਰਾਜਾਂ ਦੇ 5 ਤੋਂ 13 ਸਾਲ ਉਮਰ ਵਰਗ ਦੇ ਲਗਭਗ 1200 ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਮੁਕਾਬਲੇ ਵਿੱਚ ਸਾਰੇ ਪ੍ਰਤੀਯੋਗੀਆਂ ਨੂੰ ਆਪਣੀ ਉਮਰ ਦੇ ਅਨੁਸਾਰ ਵੱਖ-ਵੱਖ ਪ੍ਰਸ਼ਨ ਪੱਤਰ ਹੱਲ ਕਰਨੇ ਸਨ। ਪ੍ਰਸ਼ਨ ਪੱਤਰ ਵਿੱਚ 8 ਮਿੰਟਾਂ 'ਚ ਲਿਖਤੀ ਰੂਪ ਵਿੱਚ 200 ਗੁੰਝਲਦਾਰ ਗਣਿਤ ਦੇ ਪ੍ਰਸ਼ਨ ਹੱਲ ਕਰਨ ਦਾ ਟੀਚਾ ਸੀ। ਮੁਕਾਬਲੇ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੀ ਦੂਜੀ ਜਮਾਤ ਦੀ ਵਿਦਿਆਰਥਣ ਆਯੂ ਪੋਰਸ ਤੇ ਤੀਜੀ ਜਮਾਤ ਦੀ ਵਿਦਿਆਰਥਣ ਅਨੰਨਿਆ ਤਿਵਾੜੀ ਨੇ ਭਾਗ ਲਿਆ। ਆਯੂ ਪੋਰਸ ਨੇ ਪੰਜਾਬ ਰਾਜ ਵਿੱਚ 5ਵਾਂ ਅਤੇ ਅਨੰਨਿਆ ਤਿਵਾੜੀ ਨੇ 7ਵਾਂ ਸਥਾਨ ਪ੍ਰਾਪਤ ਕੀਤਾ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਕਰਾਏ ਗਏ ਮੁਕਾਬਲੇ ਦੇ ਪੁਰਸਕਾਰ ਐਤਵਾਰ ਨੂੰ ਹੋਏ ਸਨਮਾਨ ਸਮਾਰੋਹ ਵਿੱਚ ਦਿੱਤੇ ਗਏ। ਸਕੂਲ ਦੇ ਐਮ.ਡੀ. ਪ੍ਰੋਫੈਸਰ ਐਮ.ਐਲ.ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ ਤੇ ਮੈਡਮ ਸੋਨੀਆ ਧਵਨ ਨੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਆਯੂ ਪੋਰਸ ਤੇ ਅਨੰਨਿਆ ਤਿਵਾੜੀ ਨੇ ਇਸ ਮੁਕਾਬਲੇ ਲਈ ਬਹੁਤ ਮਿਹਨਤ ਕੀਤੀ ਹੈ। ਆਪਣੇ ਹੁਨਰ ਦਾ ਵਧੀਆ ਪ੍ਰਦਰਸ਼ਨ ਕਰਕੇ ਉਨ੍ਹਾਂ ਨੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।

## ਅੱਤਵਾਦੀ ਟਿਕਾਣਿਆਂ 'ਤੇ ਹਮਲੇ ਲਈ ਫੌਜ ਨੂੰ ਸਲਾਮ : ਗਰਚਾ



**ਖੰਨਾ (ਸੁਖਵਿੰਦਰ ਸਿੰਘ)**-ਜਿਨ੍ਹਾਂ ਅੱਤਵਾਦੀਆਂ ਨੇ ਨਿਰਦੋਸ਼ ਲੋਕਾਂ ਨੂੰ ਉਨ੍ਹਾਂ ਦੇ ਧਰਮ ਪੁੱਛ ਕੇ ਮਾਰਿਆ ਤੇ ਉਨ੍ਹਾਂ ਭੈਣਾਂ ਦੀ ਮਾਂਗ ਦਾ ਸੰਧੂਰ ਮਿਟਾਇਆ, ਉਨ੍ਹਾਂ ਭੈਣਾਂ ਦੇ ਜ਼ਖਮਾਂ 'ਤੇ ਮਲ੍ਹਮ ਲਾਉਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਵਾਅਦਾ ਕੀਤਾ ਸੀ, ਉਹ ਪੂਰਾ ਹੋ ਗਿਆ ਹੈ।ਇਹ ਗੱਲਾਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸੁਖਵਿੰਦਰਪਾਲ ਸਿੰਘ ਗਰਚਾ ਨੇ ਪਾਕਿਸਤਾਨ 'ਚ ਅੱਤਵਾਦੀਆਂ 'ਤੇ ਕੀਤੇ ਗਏ ਅਪ੍ਰੇਸ਼ਨ ਸੰਧੂਰ-ਭਾਰਤ ਦੀ ਸਰਜੀਕਲ ਸਟ੍ਰਾਈਕ ਸਬੰਧੀ ਕਹੀਆਂ। ਗਰਚਾ ਨੇ ਕਿਹਾ ਕਿ ਅੱਜ ਪੂਰੇ ਪਾਕਿਸਤਾਨ ਵਿੱਚ ਦਹਿਸ਼ਤ ਦਾ ਮਾਹੌਲ ਹੈ ਤੇ ਅੱਤਵਾਦ ਦੀਆਂ ਜੜ੍ਹਾਂ ਕੱਟੀਆਂ ਜਾ ਰਹੀਆਂ ਹਨ।ਇਸ ਦੇ ਲਈ ਮੈਂ ਦੇਸ਼ ਦੇ ਜਵਾਨਾਂ ਤੇ ਭਾਰਤੀ ਫੌਜ ਨੂੰ ਸਲਾਮ ਕਰਦਾ ਹਾਂ।ਇਸ ਤੋਂ ਪਹਿਲਾਂ ਵੀ ਦੇਸ਼ ਦੀ ਸਰਕਾਰ ਨੇ ਪਾਕਿਸਤਾਨ 'ਤੇ ਸਰਜੀਕਲ ਸਟ੍ਰਾਈਕ ਕੀਤੀ ਸੀ ਤੇ ਅੱਜ ਵੀ ਪਾਕਿਸਤਾਨ 'ਚ ਸਥਾਪਤ ਅੱਤਵਾਦੀ ਠਿਕਾਣਿਆਂ ਨੂੰ ਖਤਮ ਕਰਕੇ ਦੇਸ਼ ਦੀ ਸਰਕਾਰ ਨੇ ਦੇਸ਼ ਦੇ ਹਰ ਕੋਨੇ 'ਚ ਸਖ਼ਤ ਸੰਦੇਸ਼ ਦਿੱਤਾ ਹੈ।ਵਿਰੋਧੀ ਪਾਰਟੀਆਂ ਵੱਲੋਂ ਪਾਕਿਸਤਾਨ 'ਤੇ ਕਾਰਵਾਈ ਦਾ ਸਮਰਥਨ ਕਰਨ ਦੇ ਸਵਾਲ 'ਤੇ ਭਾਜਪਾ ਆਗੂ ਸੁਖਵਿੰਦਰਪਾਲ ਸਿੰਘ ਗਰਚਾ ਨੇ ਕਿਹਾ ਕਿ ਇਹ ਮੁੱਦਾ ਕੋਈ ਸਿਆਸੀ ਮੁੱਦਾ ਨਹੀਂ ਹੈ, ਸਗੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਸਵਾਲ ਹੈ।ਦੇਸ਼ ਦੇ ਸਾਰੇ ਨਾਗਰਿਕ ਦੇਸ਼ ਦੀ ਏਕਤਾ ਤੇ ਪ੍ਰਭੂਸੱਤਾ ਲਈ ਇਕਜੁੱਟ ਹਨ ਅਤੇ ਕੇਂਦਰ ਸਰਕਾਰ ਦੇ ਨਾਲ ਖੜੇ ਹਨ।

## 'ਮੁੱਖ ਮੰਤਰੀ ਨੇ ਨਸ਼ਿਆਂ ਨੂੰ ਠੱਲ੍ਹ ਪਾ ਕੇ ਮਾਪਿਆਂ ਦਾ ਦਿਲ ਜਿੱਤਿਆ'

**ਨਿਹਾਲ ਸਿੰਘ ਵਾਲਾ (ਲਵਲੀ ਮਹਿਕੇ)**-ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਦੀ ਤੰਦਰੁਸਤੀ ਵਾਸਤੇ ਸੂਬੇ 'ਚ ਨਸ਼ਿਆਂ ਨੂੰ ਠੱਲ੍ਹ ਪਾ ਕੇ ਮਾਪਿਆਂ ਦਾ ਦਿਲ ਜਿੱਤਿਆ ਤੇ ਇਹ ਵਾਅਦਾ ਕੀਤਾ ਕਿ ਅੱਜ ਤੋਂ ਬਾਅਦ ਨਸ਼ਿਆਂ ਨੂੰ ਪੰਜਾਬ ਵਿੱਚ ਇਹ ਦਿਨ ਦੁੱਗਣੀ ਵੱਧਿਆ ਜਾਵੇਗਾ। ਉਨ੍ਹਾਂ ਦੇ ਨਾਮ ਇਤਿਹਾਸਿਕ ਸ਼ਬਦਾਂ ਵਿੱਚ ਕਿਹਾ ਕਿ ਕੋਈ ਛੋਟਾ ਵੱਡਾ ਆਮ ਆਦਮੀ ਪਾਰਟੀ ਦਾ ਕੋਈ ਵੀ ਆਗੂ ਕਿਉਂ ਨਾ ਹੋਵੇ, ਉਸ ਦੀ ਕਦੇ ਸਿਫਾਰਸ਼ ਨਹੀਂ ਮੰਨੀ ਜਾਵੇਗੀ। ਨੌਜਵਾਨ ਪੀੜ੍ਹੀ ਨੂੰ ਨਸ਼ਿਆਂ 'ਚ ਬਰਬਾਦ ਕਰਨ ਵਾਲੇ ਵਿਅਕਤੀ ਕਿਸੇ ਵੀ ਕੀਮਤ 'ਚ ਬਖਸ਼ੇ ਨਹੀਂ ਜਾਣਗੇ।ਸੱਤਾਧਾਰੀ ਪਾਰਟੀ ਦੇ ਆਗੂਆਂ ਨੇ ਇੱਕ ਮੀਟਿੰਗ ਕਰਨ ਤੋਂ ਬਾਅਦ ਇਹ ਗੱਲ ਆਖੀ ਕਿ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇਗਾ।ਇੱਥੇ ਪਿੰਡ ਕੱਕੜੀ ਬੁੱਟਰ ਵਿਖੇ ਸਿਰਕੱਢ ਨੌਜਵਾਨ ਗੁਰਪ੍ਰੀਤ ਸਿੰਘ ਬੁੱਟਰ ਦੇ ਗ੍ਰਹਿ ਵਿਖੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਸੁਖਦੀਪ ਸਿੰਘ ਸਾਧ ਸਰਪੰਚ ਭਾਗੀਕੇ ਜੋ ਆਮ ਆਦਮੀ ਪਾਰਟੀ ਦੇ ਹਲਕਾ ਨਿਹਾਲ ਸਿੰਘ ਵਾਲਾ ਦੇ ਦਫ਼ਤਰ ਇੰਚਾਰਜ ਹਨ, ਨੇ ਵੀ ਸਮੇਂ ਦੀ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਉਣ ਵਾਲੇ ਦੋ ਸਾਲ 'ਚ ਰਹਿੰਦੇ ਅਧੂਰੇ ਸਾਰੇ ਵਿਕਾਸ ਕਾਰਜਾਂ ਦੇ ਕੰਮ ਕੀਤੇ ਜਾਣਗੇ, ਭਾਵੇਂ ਉਹ ਕਿਸੇ ਵੀ ਮਹਿਕਮੇ ਨਾਲ ਸਬੰਧਤ ਹੋਵੇ।

## 'ਪੇਟੈਂਟ ਤੇ ਕਾਪੀਰਾਈਟਸ ਦੇ ਨਵੀਨਤਾਕਾਰੀ ਵਿਚਾਰਾਂ' ਵਿਸ਼ੇ 'ਤੇ ਪੰਜ-ਰੋਜ਼ਾ ਵਰਕਸ਼ਾਪ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ 'ਪੇਟੈਂਟ ਤੇ ਕਾਪੀਰਾਈਟਸ ਦੇ ਨਵੀਨਤਾਕਾਰੀ ਵਿਚਾਰਾਂ' ਵਿਸ਼ੇ 'ਤੇ ਪੰਜ-ਰੋਜ਼ਾ ਰਾਸ਼ਟਰੀ ਵਿਗਿਆਨ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਫੈਕਲਟੀ, ਖੋਜ ਵਿਦਵਾਨਾਂ ਤੇ ਵਿਦਿਆਰਥੀਆਂ ਨੂੰ ਕਾਪੀਰਾਈਟ, ਟ੍ਰੇਡਮਾਰਕ ਅਤੇ ਪੇਟੈਂਟ ਦਾਇਰ ਕਰਨ ਵਿੱਚ ਮੁੱਖ ਪਹੁੰਚਾਂ ਦੀ ਵਿਹਾਰਕ ਸਿਖਲਾਈ ਤੇ ਡੂੰਘੀ ਨਾਲ ਸਮਝ ਪ੍ਰਦਾਨ ਕਰਨਾ ਸੀ।ਵਰਕਸ਼ਾਪ ਦੀ ਸ਼ੁਰੂਆਤ ਡਾ. ਕਮਲਜੀਤ ਕੌਰ, ਮੈਂਬਰ ਸੀਐੱਸਆਈਆਰ ਦੁਆਰਾ ਇੱਕ ਸੈਸ਼ਨ ਨਾਲ ਹੋਈ, ਜਿਨ੍ਹਾਂ ਨੇ 'ਵਿਚਾਰਾਂ ਤੋਂ ਮਾਲਕੀ ਤੱਕ : ਅਕਾਦਮੀਆ ਵਿੱਚ ਬੌਧਿਕ ਸੰਪੱਤੀ ਅਧਿਕਾਰਾਂ (ਆਈਪੀਆਰ) ਦੀ ਸ਼ਕਤੀ ਨੂੰ ਅਨਲੌਕ ਕਰਨਾ' ਵਿਸ਼ੇ 'ਤੇ ਭਾਸ਼ਣ ਦਿੱਤਾ, ਜਿਸ ਵਿੱਚ ਨਵੀਨਤਾ ਤੇ ਖੋਜ ਵਿੱਚ ਆਈਪੀਆਰ ਦੀ ਮਹੱਤਤਾ ਨੂੰ ਦਰਸਾਇਆ ਗਿਆ।ਦੂਜੇ ਦਿਨ, ਆਰਏਐੱਸ ਇੰਟੈਲੈਕਟ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ, ਮੋਹਾਲੀ ਦੀ ਡਾਇਰੈਕਟਰ ਤੇ ਸੀਈਓ ਡਾ. ਰੁਚੀ ਸਿੰਗਲਾ ਨੇ 'ਆਈਪੀਆਰ ਫਾਈਲਿੰਗ ਤੇ ਪ੍ਰੋਟੈਕਸ਼ਨ' ਵਿਸ਼ੇ 'ਤੇ ਸੈਸ਼ਨ ਦੀ ਅਗਵਾਈ ਕੀਤੀ, ਜਿਸ ਵਿੱਚ ਪੇਟੈਂਟ ਫਾਈਲਿੰਗ ਤੇ ਆਈਪੀ ਦੀ ਸੁਰੱਖਿਆ ਵਿੱਚ ਸ਼ਾਮਲ ਪ੍ਰਕਿਰਿਆਤਮਕ ਕਦਮਾਂ ਬਾਰੇ ਵਿਆਪਕ ਸਿਖਲਾਈ ਦਿੱਤੀ ਗਈ। ਤੀਜੇ ਦਿਨ ਡਾ. ਪੰਕਜਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ ਤੇ ਮੁਖੀ, ਫਿਜ਼ੀਓਥੈਰੇਪੀ ਵਿਭਾਗ ਦੁਆਰਾ 'ਕਾਪੀਰਾਈਟਸ ਦੀ ਜਾਣ-ਪਛਾਣ' ਵਿਸ਼ੇ 'ਤੇ ਡਾ. ਸੁਖਦੀਪ ਬਿੰਦਰਾ ਸਹਾਇਕ ਪ੍ਰੋਫੈਸਰ ਫਿਜ਼ੀਓਥੈਰੇਪੀ ਵਿਭਾਗ ਦੁਆਰਾ ਇੱਕ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ।ਚੌਥੇ ਦਿਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਬਲਵਿੰਦਰ ਸਿੰਘ ਸੂਚ ਵੱਲੋਂ 'ਅਕਾਦਮਿਕ ਸੰਸਥਾਵਾਂ ਤੋਂ ਆਈ ਪੀ ਦਾ ਵਪਾਰਕਕਰਨ' ਵਿਸ਼ੇ 'ਤੇ ਸੈਸ਼ਨ ਕੀਤਾ ਗਿਆ, ਜਿਸ ਵਿੱਚ ਅਕਾਦਮਿਕ ਸੰਸਥਾਵਾਂ ਦੇ ਅੰਦਰ ਪੈਦਾ ਹੋਏ ਆਈ ਪੀ ਨੂੰ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਵਪਾਰਕ ਕਿਵੇਂ ਬਣਾਇਆ ਜਾ ਸਕਦਾ ਹੈ, 'ਤੇ ਜ਼ੋਰ ਦਿੱਤਾ ਗਿਆ। ਵਰਕਸ਼ਾਪ ਦੇ ਆਖਰੀ ਦਿਨ ਆਰਏਐੱਸ ਇੰਟੈਲੈਕਟ ਸਲਿਊਸ਼ਨ ਪ੍ਰਾਈਵੇਟ ਲਿਮਟਿਡ ਮੋਹਾਲੀ ਦੀ ਪ੍ਰਤੀਨਿਧੀ ਡਾ. ਸ਼ਰਮਿਸ਼ਠਾ ਚੈਟਰਜੀ ਨੇ ਸੰਬੋਧਨ ਕੀਤਾ। ਸਮਾਪਤੀ ਸੈਸ਼ਨ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ ਤੇ ਯੂਨੀਵਰਸਿਟੀ ਦੇ ਆਈਪੀਆਰ ਸੈੱਲ ਡਾਇਰੈਕਟਰ ਡਾ. ਰੁਪਿੰਦਰ ਕੌਰ ਤੇ ਸਾਰੇ ਸੀਐੱਸਆਈਆਰ ਦੇ ਮੈਂਬਰਾਂ ਵੱਲੋਂ ਅਜਿਹੀ ਹੁਨਰ ਵਧਾਉਣ ਵਾਲੀ ਵਰਕਸ਼ਾਪ ਦੇ ਆਯੋਜਨ ਵਿੱਚ ਉਨ੍ਹਾਂ ਦੀ ਪਹਿਲਕਦਮੀ ਦੀ ਸ਼ਲਾਘਾ ਕੀਤੀ।ਸੀ ਐੱਸ ਆਰ ਆਈ ਦੇ ਚੇਅਰਮੈਨ ਪ੍ਰੋ. (ਡਾ.) ਤੇਜਬੀਰ ਸਿੰਘ ਨੇ ਸਮਾਪਤੀ ਟਿੱਪਣੀਆਂ ਦਿੱਤੀਆਂ, ਸਿਧਾਂਤਕ ਗਿਆਨ ਨੂੰ ਵਿਵਹਾਰਕ ਉਪਯੋਗ ਨਾਲ ਜੋੜਨ ਵਿੱਚ ਅਜਿਹੀਆਂ ਵਰਕਸ਼ਾਪਾਂ ਦੀ ਭੂਮਿਕਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਸੀ ਐੱਸ ਆਰ ਆਈ ਦੇ ਸਾਰੇ ਮੈਂਬਰਾਂ ਨੇ ਸਾਰੇ ਵਿਅਕਤੀਆਂ ਤੇ ਵਰਕਸ਼ਾਪ ਦੇ ਭਾਗੀਦਾਰਾਂ ਦਾ ਉਨ੍ਹਾਂ ਦੀ ਉਤਸ਼ਾਹੀ ਸ਼ਮੂਲੀਅਤ ਤੇ ਸਮਾਗਮ ਨੂੰ ਸ਼ਾਨਦਾਰ ਬਣਾਉਣ ਲਈ ਦਿੱਲੋਂ ਧੰਨਵਾਦ ਕੀਤਾ।

## ਬਾਰ ਐਸੋਸੀਏਸ਼ਨ ਵੱਲੋਂ ਸਕੂਲੀ ਬੱਚਿਆਂ ਦੀ ਯਾਦ ਨੂੰ ਸਮਰਪਤ ਬਲੈਕ ਡੇਅ ਮੌਕੇ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸੜਕ ਹਾਦਸੇ ਵਿੱਚ ਮਾਰੇ ਗਏ ਸਕੂਲੀ ਬੱਚਿਆਂ ਦੀ ਯਾਦ ਨੂੰ ਸਮਰਪਤ ਬਲੈਕ ਡੇਅ ਮਨਾਉਂਦਿਆਂ ਬਾਰ ਐਸਸੀਏਸ਼ਨ ਨੇ ਹੜਤਾਲ ਕਰਕੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ।

ਬਾਰ ਐਸੋਸੀਏਸ਼ਨ ਵੱਲੋਂ ਦੋ ਮਿੰਟ ਮੌਨ ਵਰਤ ਰੱਖ ਕੇ ਮਾਰੇ ਗਏ ਸਕੂਲੀ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਜ਼ਖ਼ਮੀ ਬੱਚਿਆਂ ਦੀ ਜਲਦੀ ਠੀਕ ਹੋਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਬਾਰ ਐਸੋਸੀਏਸਨ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਐਡਵੋਕੇਟ, ਮੀਤ ਪ੍ਰਧਾਨ ਸੰਦੀਪ ਜਿੰਦਲ ਐਡਵੋਕੇਟ, ਸੈਕਟਰੀ ਕਸਮੀਰ ਸਿੰਘ ਚੁੰਬਰ ਐਡਵੋਕੇਟ ਨੇ ਕਿਹਾ ਕਿ ਮਿੱਟੀ ਨਾਲ ਭਰੇ ਟਿੱਪਰ ਤੇ ਸਕੂਲੀ ਬੱਚਿਆਂ ਵਾਲੀ ਇਨੋਵਾ ਗੱਡੀ ਵਿੱਚ ਟੱਕਰ ਬੜੀ ਭਿਆਨਕ ਤੇ ਦੁਖਦਾਈ ਸੀ , ਜਿਸ ਵਿੱਚ ਛੇ ਸਕੂਲੀ ਬੱਚਿਆਂ ਤੇ ਡਰਾਈਵਰ ਦੀ ਮੌਤ ਹੋ ਗਈ ਹੈ।

ਬਾਰ ਐਸੋਸੀਏਸ਼ਨ ਇਸ ਘਟਨਾ ਦੀ ਕਰੜੀ ਨਿੰਦਿਆ ਕਰਦੀ ਹੈ ਤੇ ਮਾਰੇ ਗਏ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਵਕੀਲ ਭਾਈਚਾਰੇ ਵੱਲੋਂ ਦੋ ਮਿੰਟ ਦਾ ਮੋਨ ਵਰਤ ਰੱਖ ਕੇ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਰ ਐਸੋਸੀਏਸ਼ਨ ਸੜਕੀ ਹਾਦਸੇ ਵਿੱਚ ਮਾਰੇ ਗਏ ਬੱਚਿਆਂ ਦੇ ਪਰਵਾਰ ਨਾਲ ਅਫ਼ਸੋਸ ਪ੍ਰਗਟ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਸੰਦੀਪ ਜਿੰਦਲ, ਸੈਕਟਰੀ ਐਡਵੋਕੇਟ ਕਸਮੀਰ ਸਿੰਘ ਚੁੰਬਰ, ਜੁਆਇੰਟ ਸੈਕਟਰੀ ਕੁਲਜੀਤ ਸਿੰਘ ਵਿਰਕ, ਕੈਸ਼ੀਅਰ ਐਡਵੋਕੇਟ ਬਘੇਲ ਸਿੰਘ ਸੰਧੂ, ਲਾਇਬ੍ਰੇਰੀਅਨ ਐਡਵੋਕੇਟ ਖਵਾਬ ਸੋਨੀ, ਐਗਜ਼ੈਕਟਿਵ ਮੈਂਬਰ ਐਡਵੋਕੇਟ ਅਰਨਦੀਪ ਸਿੰਘ ਸੰਧੂ, ਨੇਹਾ ਚੋਪੜਾ, ਜਸਵਿੰਦਰ ਸਿੰਘ ਗੋਲਣ ਤੋਂ ਇਲਾਵਾ ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਦਵਿੰਦਰ ਸਿੰਘ ਢਿੱਲੋਂ, ਗੁਰਜੀਤ ਕੌਰ ਬੱਲ ਐਡਵੋਕੇਟ, ਅਰਮਾਨ ਸਿੰਘ, ਕਸ਼ਮੀਰ ਸਿੰਘ ਵਿਰਕ, ਕੁਲਵੰਤ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਡਵੋਕੇਟ ਹਾਜ਼ਰ ਸਨ।

## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 10 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਰਨਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 10 ਮਈ ਨੂੰ ਸਵੇਰੇ 9:00 ਵਜੇ ਸਥਾਨਕ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਹੋਵੇਗੀ।ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਸੇਵਾ ਮੁਕਤ ਕਰਮਚਾਰੀਆਂ ਤੇ ਫੈਮਲੀ ਪੈਨਸ਼ਨਰਜ਼ ਭਾਗ ਲੈਣਗੇ।ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ, ਜਦੋਂਕਿ ਸਟੇਜ ਸੰਚਾਲਨ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਕਰਨਗੇ।ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਸੀਨੀਅਰ ਆਗੂਆਂ ਵੱਲੋਂ ਪੈਨਸ਼ਨਰਾਂ ਦੀ ਹੱਕੀ ਮੰਗਾਂ, ਅਦਾਲਤੀ ਕੇਸਾਂ ਦੇ ਮੌਜੂਦਾ ਸਟੇਟਸ ਤੇ ਹੋਰ ਮਹੱਤਵਪੂਰਨ ਜਾਣਕਾਰੀਆਂ ਦਿੱਤੀਆਂ ਜਾਣਗੀਆਂ।ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਸਮੂਹ ਵਿਭਾਗਾਂ ਦੇ ਸੇਵਾ ਮੁਕਤ ਕਰਮਚਾਰੀਆਂ ਤੇ ਫੈਮਲੀ ਪੈਨਸ਼ਨਰਾਂ ਨੂੰ ਮੀਟਿੰਗ ਵਿੱਚ ਸਮੇਂ-ਸਿਰ ਪਹੁੰਚਣ ਦੀ ਅਪੀਲ ਕੀਤੀ।

## ਪ੍ਰੋਫੈਸਰ ਭੋਲਾ ਯਮਲਾ ਦੇ ਗੀਤ 'ਹਿੰਦ ਵਰਸਿਜ਼ ਪਾਕਿ' ਦਾ ਪੋਸਟਰ ਜਾਰੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਰਤ ਤੇ ਪਾਕਿਸਤਾਨ ਵਿੱਚ ਜਿੱਥੇ ਰੋਜ਼ ਨਵੇਂ ਤਣਾਅ ਤੇ ਤਕਰਾਰਾਂ ਦੀਆਂ ਖ਼ਬਰਾਂ ਆਉਂਦੀਆਂ ਹਨ, ਉਥੇ ਪ੍ਰੋਫੈਸਰ ਭੋਲਾ ਯਮਲਾ ਇੱਕ ਅਜਿਹੇ ਮਹਾਨ ਕਲਾਕਾਰ ਹਨ, ਜੋ ਹਮੇਸ਼ਾ ਆਪਣੇ ਗੀਤਾਂ ਰਾਹੀਂ ਸਮਾਜਿਕ ਮੁੱਦਿਆਂ ਦੀ ਗੱਲ ਕਰਦੇ ਹਨ, ਜਿਨ੍ਹਾਂ ਦੀ ਗਾਇਕੀ ਦਿਲਾਂ ਨੂੰ ਜੋੜਨ ਦੀ ਤਾਕਤ ਰੱਖਦੀ ਹੈ।ਇਸੇ ਸੰਦੇਸ਼ ਨੂੰ ਲੈ ਕੇ ਗਿੱਲ ਮਾਨ ਪ੍ਰੋਡਕਸ਼ਨ ਵੱਲੋਂ 'ਇੰਡਿਕ ਆਰਟਸ ਵੈੱਲਫੇਅਰ ਕੌਂਸਲ' ਦੇ ਵਿਸ਼ੇਸ਼ ਸਹਿਯੋਗ ਨਾਲ ਪ੍ਰਸਿੱਧ ਕਵੀ ਬਾਬਾ ਨਜ਼ਮੀ ਦੀ ਰਚਨਾ 'ਹਿੰਦ ਵਰਸਿਜ਼ ਪਾਕਿ' ਪੇਸ਼ ਕੀਤੀ ਜਾ ਰਹੀ ਹੈ, ਜੋ ਭਾਰਤ ਤੇ ਪਾਕਿਸਤਾਨ ਵਿਚਕਾਰ ਅਮਨ, ਸਾਂਝ ਤੇ ਇਨਸਾਨੀਅਤ ਦਾ ਸੁਨੇਹਾ ਦਿੰਦੀ ਹੈ।ਇਹ ਗੀਤ ਪੰਜਾਬ ਦੇ ਮਸ਼ਹੂਰ ਲੋਕ ਗਾਇਕ, ਸਟੇਟ ਐਵਾਰਡੀ, ਰਾਜ ਦਰਬਾਰੀ ਗਾਇਕ ਤੇ ਵਰਲਡ ਰਿਕਾਰਡ ਹੋਲਡਰ ਪ੍ਰੋਫੈਸਰ ਬਾਈ ਭੋਲਾ ਯਮਲਾ ਦੀ ਸੁਰੀਲੀ ਆਵਾਜ਼ 'ਚ ਰਿਕਾਰਡ ਕੀਤਾ ਗਿਆ ਹੈ।ਇਸ ਦੇ ਬੋਲ ਪਾਕਿਸਤਾਨ ਦੇ ਮਸ਼ਹੂਰ ਸ਼ਾਇਰ ਬਾਬਾ ਨਜ਼ਮੀ ਵੱਲੋਂ ਲਿਖੇ ਗਏ ਹਨ, ਜਿਨ੍ਹਾਂ ਦੀ ਕਲਮ ਹਮੇਸ਼ਾ ਦੋਸਤੀ, ਇਨਸਾਨੀਅਤ ਤੇ ਅਮਨ ਦੀ ਪੱਖਦਾਰ ਰਹੀ ਹੈ।ਸੰਗੀਤ ਦੀ ਰਚਨਾ ਕੀਤੀ ਹੈ ਗੁਰਨੇਕ ਮੋਹਲਾਂ ਨੇ, ਜਿਨ੍ਹਾਂ ਨੇ ਰਵਾਇਤੀ ਤੇ ਜਜ਼ਬਾਤੀ ਸੰਗੀਤ ਦਾ ਸੁੰਦਰ ਮੇਲ ਪੇਸ਼ ਕੀਤਾ ਹੈ।ਵੀਡੀਓ ਨਿਰਦੇਸ਼ਨ ਬਲਵਿੰਦਰ ਗਿੱਲ ਤੇ ਵਿੱਕੀ ਮਾਨ ਨੇ ਕੀਤਾ ਹੈ, ਜਿਸ ਦੀ ਸ਼ੂਟਿੰਗ ਡ੍ਰੀਮਲੈਂਡ ਫ਼ਿਲਮ ਸਿਟੀ, ਬਠਿੰਡਾ ਵਿਖੇ ਹੋਈ।ਕੈਮਰੇ ਦੀ ਨਿਗਰਾਨੀ ਅਮਰਿੰਦਰ ਸਿੰਘ ਨੇ ਕੀਤੀ, ਐਡੀਟਿੰਗ ਹਰਵਿੰਦਰ ਸਿੰਘ ਨੇ ਕੀਤੀ ਹੈ, ਇਹ ਗੀਤ ਜਲਦੀ ਹੀ ਗਿੱਲ ਮਾਨ ਪ੍ਰੋਡਕਸ਼ਨ ਦੇ ਆਫਿਸ਼ੀਅਲ ਯੂਟਿਊਬ ਚੈਨਲ ਰਾਹੀਂ ਰਿਲੀਜ਼ ਕੀਤਾ ਜਾਵੇਗਾ।

## ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਵਿਧਾਇਕ ਉਦਘਾਟਨੀ ਸਮਾਗਮ 'ਚ ਨਾ ਪਹੁੰਚੇ



**ਬਠਿੰਡਾ (ਰਾਜੀਵ ਗੋਇਲ)**

ਬੀਤੇ ਦਿਨੀਂ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ ਕਾ ਵਿਖੇ ਪਿੰਡ ਅੰਦਰ ਸਥਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਜਿਹੜਾ ਕਿ ਦਾਨੀ ਸੱਜਣਾਂ ਤੇ ਐੱਨ.ਆਰ.ਆਈ. ਲੋਕਾਂ ਦੀ ਮਦਦ ਨਾਲ ਚੱਲਦਾ ਹੈ, ਉੱਥੇ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਵੱਲੋਂ ਉਦਘਾਟਨ ਕੀਤਾ ਜਾਣਾ ਸੀ, ਪਰ ਜਦੋਂ ਇਹ ਗੱਲ ਕਿਸਾਨ ਆਗੂਆਂ ਦੇ ਕੰਨੀ ਪਈ ਤਾਂ ਉਹ ਉੱਥੇ ਇਕੱਤਰ ਹੋਣਾ ਸ਼ੁਰੂ ਹੋ ਗਏ, ਪਰ ਉਦਘਾਟਨ ਕਰਨ ਲਈ ਵਿਧਾਇਕ ਸਾਬਿਬ ਨਹੀਂ ਪਹੁੰਚੇ। ਕਿਸਾਨ ਆਗੂ ਜਗਤਾਰ ਸਿੰਘ ਤਾਰੀ ਦਾ ਕਹਿਣਾ ਸੀ ਕਿ ਇਹ ਸਕੂਲ ਵਾਲੀ ਜਗ੍ਹਾ ਲੋਕਾਂ ਵੱਲੋਂ ਇਕੱਠੇ ਕੀਤੇ ਗਏ ਪੈਸਿਆਂ ਨਾਲ ਖਰੀਦੀ ਗਈ ਹੈ ਤੇ ਆਮ ਆਦਮੀ ਪਾਰਟੀ ਦਾ ਇਸ ਜਗ੍ਹਾ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਮੌਜੂਦਾ ਸਰਕਾਰ ਨੇ ਇੱਥੇ ਕੁਝ ਵੀ ਨਹੀਂ ਬਣਾਇਆ, ਪਰ ਇਸ ਮਸਲੇ ਨੂੰ ਲੈ ਕੇ ਜਦੋਂ ਵਿਧਾਇਕ ਦੇ ਪੀ ਏ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ ਸਕੂਲ ਨੂੰ 9,55000/- ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ, ਜਿਸ ਨਾਲ ਉੱਥੇ ਇੱਕ ਕਮਰੇ ਦਾ ਨਿਰਮਾਣ ਕਰਵਾਇਆ ਗਿਆ ਹੈ, ਜਿਸ ਦਾ ਉਦਘਾਟਨ ਕਰਨ ਲਈ ਹਲਕਾ ਵਿਧਾਇਕ ਨੇ ਪਹੁੰਚਣਾ ਸੀ, ਪਰ ਉਨ੍ਹਾਂ ਨੂੰ ਕੋਈ ਕੰਮ ਹੋਣ ਦੇ ਚਲਦਿਆਂ ਕਿਸੇ ਦੀ ਉਦਘਾਟਨ ਸੰਬੰਧੀ ਡਿਊਟੀ ਲਗਾ ਦਿੱਤੀ ਗਈ। ਉਨ੍ਹਾਂ ਇੱਥੋਂ ਤੱਕ ਕਹਿ ਦਿੱਤਾ ਕਿ ਤੁਸੀਂ ਇਸ ਗ੍ਰਾਂਟ ਸੰਬੰਧੀ ਪ੍ਰਿੰਸੀਪਲ ਨੂੰ ਪੁੱਛ ਸਕਦੇ ਹੋ। ਸਕੂਲ ਦੀ ਜਗ੍ਹਾ ਬਾਰੇ ਪੱਛਦੇ ਹੋਏ ਉਨ੍ਹਾਂ ਅਣਜਾਨਤਾ ਪ੍ਰਗਟਾਈ।

## ਹਲਕੇ ਦੇ 22 ਪਿੰਡਾਂ 'ਚ 5.90 ਕਰੋੜ ਨਾਲ ਬਣਨਗੇ ਖੇਡ ਗਰਾਊਂਡ : ਡਾ. ਬਲਜੀਤ ਕੌਰ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਦੀ ਮਾੜੀ ਆਦਤ ਤੋਂ ਬਚਾਉਣ ਤੇ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ।ਇਸ ਲੜੀ ਤਹਿਤ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪਿੰਡ ਦਾਨੇਵਾਲਾ ਵਿਖੇ ਬਣਨ ਵਾਲੇ ਖੇਡ ਗਰਾਊਂਡ ਦਾ ਨੀਂਹ ਪੱਥਰ ਰੱਖਿਆ ਤੇ ਉਨ੍ਹਾਂ ਕਿਹਾ ਕਿ ਮਲੋਟ ਹਲਕੇ ਦੇ 22 ਪਿੰਡਾਂ ਵਿੱਚ ਤਕਰੀਬਨ 5 ਕਰੋੜ 90 ਲੱਖ ਰੁਪਏ ਦੀ ਲਾਗਤ ਨਾਲ ਖੇਡ ਗਰਾਊਂਡ ਬਣਾਏ ਜਾ ਰਹੇ ਹਨ।ਉਨ੍ਹਾਂ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਲੋਟ ਹਲਕੇ ਦੇ ਪਿੰਡ ਔਲਖ ਵਿਖੇ 39.77 ਲੱਖ ਰੁਪਏ, ਭੰਗਚੜ੍ਹੀ ਵਿਖੇ 28.24 ਲੱਖ ਰੁਪਏ, ਦਾਨੇਵਾਲਾ ਵਿਖੇ 38.37 ਲੱਖ ਰੁਪਏ, ਈਨਾ ਖੇੜਾ ਵਿਖੇ 39.86 ਲੱਖ ਰੁਪਏ, ਘੁਮਿਆਰਾ ਖੇੜਾ ਵਿਖੇ 35.77 ਲੱਖ ਰੁਪਏ, ਝੋਰੜ ਵਿਖੇ 39.8 ਲੱਖ ਰੁਪਏ, ਕਟੋਰੇਵਾਲਾ ਵਿਖੇ 39.94 ਲੱਖ ਰੁਪਏ, ਖੁੰਨਣ ਕਲਾਂ ਵਿਖੇ 38.59 ਲੱਖ ਰੁਪਏ, ਲਖਮੀਰੇ ਆਣਾ ਵਿਖੇ 39.17 ਲੱਖ ਰੁਪਏ, ਨਵਾਂ ਪਿੰਡ ਮਲੋਟ ਵਿਖੇ 36.32 ਲੱਖ ਰੁਪਏ, ਫੂਲੇਵਾਲਾ ਵਿਖੇ 39.89 ਲੱਖ ਰੁਪਏ, ਸ਼ੇਰਗੜ੍ਹ ਗਿਆਨ ਸਿੰਘ ਵਿਖੇ 39.98 ਲੱਖ ਰੁਪਏ, ਢਾਣੀ ਗੁਰੂ ਕੇ ਆਸਲ ਵਿਖੇ 7.31 ਲੱਖ ਰੁਪਏ ਦੀ ਲਾਗਤ ਨਾਲ ਖੇਡ ਮੈਦਾਨਾਂ ਦਾ ਨਿਰਮਾਣ ਕੀਤਾ ਜਾਵੇਗਾ।ਇਸੇ ਤਰ੍ਹਾਂ ਹੀ ਕਟੋਰੇਵਾਲਾ ਵਿਖੇ 7.31 ਲੱਖ ਰੁਪਏ, ਪਿੰਡ ਮਲੋਟ ਵਿਖੇ 7.31 ਲੱਖ ਰੁਪਏ, ਸਾਉਂਕੇ ਵਿਖੇ 7.31 ਲੱਖ ਰੁਪਏ, ਤਰਖਾਣਵਾਲਾ ਵਿਖੇ 7.31 ਲੱਖ ਰੁਪਏ, ਸ਼ੇਖੂ ਵਿਖੇ 2.03 ਲੱਖ ਰੁਪਏ, ਜੰਡਵਾਲਾ ਵਿਖੇ 19.15 ਲੱਖ ਰੁਪਏ, ਤਾਮਕੋਟ ਵਿਖੇ 20.6 ਲੱਖ ਰੁਪਏ, ਵਿਰਕ ਖੇੜਾ ਵਿਖੇ 18.06 ਲੱਖ ਰੁਪਏ ਤੇ ਰੱਥੜੀਆਂ ਵਿਖੇ 37.13 ਲੱਖ ਰੁਪਏ ਦੀ ਲਾਗਤ ਨਾਲ ਖੇਡ ਗਰਾਊਂਡਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਨੌਜਵਾਨੀ ਨੂੰ ਲੈ ਕੇ ਪੂਰੀ ਤਰ੍ਹਾਂ ਚਿੰਤੰਤ ਹੈ ਤੇ ਇਹ ਖੇਡ ਗਰਾਊਂਡ ਨੌਜਵਾਨਾਂ ਨੂੰ ਪ੍ਰੇਰਿਤ ਕਰਨਗੇ ਕਿ ਉਨ੍ਹਾਂ ਦੀ ਜਵਾਨੀ ਨਸ਼ਿਆਂ ਤੋਂ ਦੂਰ ਇਨ੍ਹਾਂ ਖੇਡ ਗਰਾਊਂਡਾਂ ਵਿੱਚ ਬੀਤੇਗੀ।

ਇਸ ਮੌਕੇ ਨਿੱਜੀ ਸਹਾਇਕ ਅਰਸ਼ਦੀਪ ਸਿੰਘ, ਸ਼ਿੰਦਰਪਾਲ ਸਿੰਘ ਪੀ ਏ, ਸਰਪੰਚ ਸੁਖਪਾਲ ਸਿੰਘ, ਗਗਨਦੀਪ ਸਿੰਘ ਔਲਖ, ਬਿੱਟੂ ਜਟਾਣਾ, ਰਾਜਪਾਲ ਸਿੰਘ, ਉਂਕਾਰ ਸਿੰਘ, ਪ੍ਰੀਤਮ ਸਿੰਘ ਤੋਂ ਇਲਾਵਾ ਪਤਵੰਤੇ ਵਿਅਕਤੀ ਹਾਜ਼ਰ ਸਨ।

## ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪਿੰਡ ਪ੍ਰਭਾਤ ਸਿੰਘ ਵਾਲਾ ਵਿਖੇ ਇੱਕ ਵਿਅਕਤੀ ਨੂੰ 50 ਨਸ਼ੇ ਦੀਆਂ ਗੋਲੀਆਂ ਤੇ 210 ਪਰੇਗਾ ਕੈਪਸੂਲ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬਿਸ਼ਨ ਰਾਮ ਨੇ ਦੱਸਿਆ ਕਿ ਪੁਲਸ ਪਾਰਟੀ ਸਮੇਤ ਉਹ ਗਸ਼ਤ ਦੌਰਾਨ ਪਿੰਡ ਪ੍ਰਭਾਤ ਸਿੰਘ ਵਾਲਾ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪ੍ਰਭਾਤ ਸਿੰਘ ਵਾਲਾ ਦੇ ਪੁਲ ਨਹਿਰ ਦੇ ਕੋਲ ਕਵਲਜੀਤ ਸਿੰਘ ਉਰਫ ਕਵਲੀ ਪੁੱਤਰ ਛਿੰਦਰ ਸਿੰਘ ਵਾਸੀ ਢੰਡੀ ਕਦੀਮ, ਜੋਕਿ ਨਸ਼ੇ ਦੀਆਂ ਗੋਲੀਆ ਵੇਚ ਰਿਹਾ ਹੈ। ਇਤਲਾਹ ਠੋਸ ਤੇ ਭਰੋਸੇਯੋਗ ਹੋਣ 'ਤੇ ਪੁਲਸ ਪਾਰਟੀ ਵੱਲੋਂ ਰੇਡ ਕਰਕੇ 50 ਨਸ਼ੇ ਦੀਆਂ ਗੋਲੀਆਂ ਤੇ 210 ਪਰੇਗਾ ਕੈਪਸੂਲ ਸਮੇਤ ਕਵਲਜੀਤ ਸਿੰਘ ਉਰਫ ਕਵਲੀ ਨੂੰ ਕਾਬੂ ਕੀਤਾ ਗਿਆ, ਜਿਸ ਦੇ ਖਿਲਾਫ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਰਜਿਸਟਰ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## 'ਨਸ਼ੇ ਦੀ ਲਤ, ਮਾਰ ਦੇਵੇ ਮਤ' ਨੁੱਕੜ ਨਾਟਕ ਕਰਵਾਇਆ

### ਔਰਤਾਂ ਨਸ਼ਿਆਂ ਖਿਲਾਫ਼ ਅੱਗੇ ਆਉਣ : ਏ ਡੀ ਸੀ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਡਿਪਟੀ ਕਮਿਸ਼ਨਰ ਮਾਲੇਰਕੋਟਲਾ ਦੀ ਯੋਗ ਅਗਵਾਈ ਹੇਠ ਪੰਜਾਬ ਉਰਦੂ ਅਕਾਦਮੀ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮਹਿੰਮ ਤਹਿਤ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਮਲੇਰਕੋਟਲਾ ਦੇ ਵਿਦਿਆਰਥੀਆਂ ਵੱਲੋਂ 'ਨਸ਼ੇ ਦੀ ਲਤ, ਮਾਰ ਦੇਵੇ ਮਤ' ਨੁੱਕੜ ਨਾਟਕ ਖੇਡਿਆ ਗਿਆ।ਇਸ ਮੌਕੇ ਲੁਧਿਆਣਾ ਤੋਂ ਉਚੇਚੇ ਤੌਰ 'ਤੇ ਪੁੱਜੇ ਰਾਜਨ ਪ੍ਰੀਤ ਸਿੰਘ ਬੈਂਸ ਨੇ 'ਨਸ਼ਿਆਂ ਦਾ ਕਹਿਰ' ਗੀਤ ਤੇ ਕਵਿਤਾ 'ਨਾ ਰੋਲ ਜਵਾਨੀ ਨੂੰ' ਦੀ ਪੇਸ਼ਕਾਰੀ ਕੀਤੀ।ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਰਫ ਸਰਕਾਰ ਜਾਂ ਪੁਲਸ ਹੀ ਨਹੀਂ, ਸਗੋਂ ਸਮਾਜ ਦੇ ਹਰ ਇਕ ਪੱਖ ਨੂੰ, ਖਾਸ ਤੌਰ 'ਤੇ ਔਰਤਾਂ ਨੂੰ, ਮਾਵਾਂ ਤੇ ਭੈਣਾਂ ਨੂੰ ਇਸ ਮਾਹੌਲ ਖਿਲਾਫ ਮੋਹਰੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।ਘਰ ਦੀ ਮਾਂ ਜਦੋਂ ਨਸ਼ਿਆਂ ਖਿਲਾਫ ਅਵਾਜ਼ ਚੁੱਕਦੀ ਹੈ, ਤਾਂ ਉਹ ਸਭ ਤੋਂ ਵੱਡੀ ਤਾਕਤ ਬਣ ਜਾਂਦੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਪੂਰੀ ਨਸਲ ਪੰਜਾਬੀਅਤ ਖਤਰੇ 'ਚ ਹੈ ਅਤੇ ਇਹ ਲੜਾਈ ਘਰ-ਘਰ ਦੀ ਲੜਾਈ ਬਣ ਚੁੱਕੀ ਹੈ।ਉਨ੍ਹਾਂ ਕਿਹਾ ਕਿ ਨੁੱਕੜ ਨਾਟਕ ਕਰਵਾਉਣ ਦਾ ਉਪਰਾਲਾ ਸਰਾਹੁਣਯੋਗ ਹੈ, ਕਿਉਂਕਿ ਕਲਾ ਰਾਹੀਂ ਲੋਕਾਂ ਦੇ ਦਿਲ-ਦਿਮਾਗ 'ਚ ਜਾਗਰੂਕਤਾ ਪੈਦਾ ਹੋ ਸਕਦੀ ਹੈ।ਉਨ੍ਹਾਂ ਇਸ ਮੌਕੇ ਅਪੀਲ ਕੀਤੀ ਕਿ ਵਿਦਿਆਰਥੀਆਂ, ਮਾਵਾਂ ਤੇ ਭੈਣਾਂ ਨਸ਼ਿਆਂ ਖਿਲਾਫ ਕਸਮ ਲੈਣ ਅਤੇ ਪੱਕਾ ਇਰਾਦਾ ਕਰਨ ਕਿ ਉਹ ਆਪਣੇ ਘਰ-ਪਿੰਡ ਵਿੱਚ ਨਸ਼ਿਆਂ ਖਿਲਾਫ ਜਾਗਰੂਕਤਾ ਫੈਲਾਉਣਗੇ ਅਤੇ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਸਾਥ ਦੇਣਗੇ ਅਤੇ ਪੰਜਾਬ ਨੂੰ ਹੱਸਦਾ ਵਸਦਾ, ਨੱਚਦਾ ਟੱਪਦਾ, ਰੰਗਲਾ ਪੰਜਾਬ ਬਣਾਉਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਣਗੇ। ਇਸ ਮੌਕੇ ਸਥਾਨਕ ਇਸਲਾਮੀਆ ਸੀਨੀਅਰ ਸਕੰਡਰੀ ਸਕੂਲ (ਲੜਕੇ) ਦੇ ਵਿਦਿਆਰਥੀਆਂ ਨੇ ਨਸ਼ਿਆਂ ਦੀ ਅਲਾਮਤ ਵਿਰੁੱਧ ਭਾਸ਼ਣ, ਕਵਿਤਾ ਤੇ ਗੀਤਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਡਾ. ਵਾਹਿਦ ਮੁਹੰਮਦ ਨੇ ਨੌਜਵਾਨਾਂ ਨੂੰ ਨਿੱਜੀ, ਪਰਿਵਾਰਕ ਤੇ ਸਮਾਜਿਕ ਸਮੱਸਿਆ ਦੇ ਚੱਲਦੇ ਨਸ਼ਿਆਂ ਦੇ ਰੁਝਾਨ ਤੋਂ ਦੂਰ ਰਹਿਣ ਲਈ ਪ੍ਰੇਰਿਤ ਵੀ ਕੀਤਾ।ਇਸ ਮੌਕੇ ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ, ਸਿਵਲ ਸਰਜਨ ਡਾ. ਸੰਜੇ ਗੋਇਲ, ਡੀ.ਐੱਸ.ਪੀ. ਰਣਜੀਤ ਸਿੰਘ, ਡਾ. ਰੇਸ਼ਮਾ ਭੋਰਾ, ਮੁਹੰਮਦ ਅਖਲਾਕ, ਪ੍ਰਿੰਸੀਪਲ ਕਮੇਸ਼, ਪ੍ਰਿੰਸੀਪਲ ਆਰਤੀ ਗੁਪਤਾ ਤੋਂ ਇਲਾਵਾ ਵੱਖ ਵੱਖ ਸਕੂਲਾਂ ਦੇ ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

## ਗੁਰਦੁਆਰਾ ਸ੍ਰੀ ਕਿਰਪਾਨ ਭੇਟ ਸਾਹਿਬ ਵਿਖੇ ਦਸਵੀਂ ਦਾ ਦਿਹਾੜਾ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਕਿਰਪਾਨ ਭੇਟ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਸੁਰਜਣ ਸਿੰਘ ਗਲਵਾਲਾ ਦੀ ਦੇਖਰੇਖ ਹੇਠ ਦਸਵੀਂ ਦਾ ਪਵਿੱਤਰ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਸਰਵਣ ਸਿੰਘ ਗਲਵਾਲਾ ਵੱਲੋਂ ਕਥਾ ਵਿਚਾਰ ਕੀਤੀ ਤੇ ਭੈਣੀ ਸਾਹਿਬ ਜਥੇ ਵੱਲੋਂ ਇਤਿਹਾਸਿਕ ਪ੍ਰਸੰਗ ਸੁਣਾਏ ਗਏ। ਦੀਵਾਨ ਸਮਾਪਤੀ ਤੋਂ ਉਪਰੰਤ ਧਾਰਮਿਕ ਬੁਲਾਰਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬਾਬਾ ਅਨੇਕ ਸਿੰਘ, ਸਮੇਤ ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਹ ਇਤਿਹਾਸਿਕ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਸਬੰਧਤ ਹੈ ਤੇ ਇਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੇ ਮੁਸਲਮਾਨ ਭੈਣਾਂ ਵੱਲੋਂ ਭੇਟ ਕੀਤੇ ਖਾਸ ਨੂੰ ਕਿਰਪਾਨ ਨਾਲ ਵਰਨ ਕਰ ਦਿੱਤਾ ਸੀ ਤੇ ਸ੍ਰੀ ਗੁਰ ਪ੍ਰਸਾਦਿ ਰੂਪ ਕਾ ਨਾਸ ਕਰਿ ਕੇ ਛਕਣ ਦੇ ਹੁਕਮ ਦਿੱਤੇ ਸਨ। ਭਾਈ ਖਾਲਸਾ ਨੇ ਦੱਸਿਆ ਇਹ ਇਤਿਹਾਸਿਕ ਗੁਰਦੁਆਰਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਬਾਬਾ ਸਰਵਣ ਸਿੰਘ ਗਲਵਾਲਾ ਦੀ ਅਗਵਾਈ ਹੇਠ ਚੱਲ ਰਿਹਾ ਹੈ।

## ਹਰਗੋਬਿੰਦ ਪਬਲਿਕ ਸਕੂਲ 'ਚ ਮਨਾਇਆ ਵਿਸ਼ਵ ਐਥਲੈਟਿਕਸ ਦਿਵਸ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿੱਚ ਵਿਸ਼ਵ ਐਥਲੈਟਿਕਸ ਦਿਵਸ ਮਨਾਇਆ ਗਿਆ, ਜਿਸ ਦੌਰਾਨ ਸਕੂਲ ਦੇ ਬੱਚਿਆਂ ਨੂੰ ਖੇਡਾਂ ਕਰਵਾਈਆਂ ਗਈਆਂ। ਸਕੂਲ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਦੱਸਿਆ ਕਿ ਪਹਿਲਾ ਵਿਸ਼ਵ ਐਥਲੈਟਿਕਸ ਦਿਵਸ 1996 ਨੂੰ ਮਨਾਇਆ ਗਿਆ। ਉਸ ਤੋਂ ਬਾਅਦ ਹਰ ਸਾਲ 7 ਮਈ ਇਸ ਦਿਨ ਨੂੰ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਣ ਲੱਗਾ। ਇਸ ਦੀ ਸਥਾਪਨਾ ਆਈਏਐੱਫ ਦੇ ਪ੍ਰਧਾਨ ਪ੍ਰੀਮੋ ਨੇਬਿਓਲੋ ਦੁਬਾਰਾ ਕੀਤੀ ਗਈ ਸੀ। ਇਸ ਦਾ ਮੁੱਖ ਉਦੇਸ਼ ਬੱਚਿਆਂ ਤੇ ਨੌਜਵਾਨਾਂ ਨੂੰ ਫਿਟਨੈੱਸ ਦੀ ਮਹੱਤਤਾ ਦੱਸਣਾ ਤੇ ਐਥਲੈਟਿਕਸ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਨਾ ਹੈ। ਇਸ ਮੌਕੇ ਧਾਰਮਿਕ ਅਧਿਆਪਕ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗਗਨਦੀਪ ਕੌਰ, ਗੁਰਪ੍ਰੀਤ ਕੌਰ, ਪਵਨਪ੍ਰੀਤ ਕੌਰ, ਤਰਨਵੀਰ ਕੌਰ, ਰਣਦੀਪ ਕੌਰ, ਜਸਵੀਰ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਮਿਸ਼ਨ ਸੰਧੂਰ ਤਹਿਤ ਕੱਢੇ ਪੈਦਲ ਮਾਰਚ ਨੇ ਲੋਕਾਂ ਨੂੰ ਦੇਸ਼ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ




**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਬੀਤੇ ਬੁੱਧਵਾਰ ਸ਼ਾਮ 6 ਵਜੇ ਸ਼ਹਿਰ ਵਾਸੀਆਂ ਤੇ ਸਮਾਜ ਸੇਵੀਆਂ ਦੇ ਸਮੂਹ ਵੱਲੋਂ ਮਿਸ਼ਨ ਸੰਧੂਰ ਤਹਿਤ ਸ਼ਹਿਰ ਵਿੱਚ ਪੈਦਲ ਮਾਰਚ ਕੱਢਿਆ ਗਿਆ।ਇਸ ਨਾਲ ਲੋਕਾਂ ਨੂੰ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਇਆ ਤੇ ਹੱਥਾਂ ਵਿੱਚ ਝੰਡਾ ਲਹਿਰਾਉਂਦੇ ਹੋਏ ਬਹੁਤ ਉਤਸ਼ਾਹ ਨਾਲ ਪੈਦਲ ਮਾਰਚ ਕੱਢਿਆ ਗਿਆ।ਇਹ ਪੈਦਲ ਮਾਰਚ ਸ਼ਹਿਰ ਵਾਸੀਆਂ ਲਈ ਇੱਕ ਮਹੱਤਵਪੂਰਨ ਘਟਨਾ ਸੀ, ਜਿਸ ਵਿੱਚ ਲੋਕਾਂ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਸਮਰਥਨ ਕੀਤਾ। ਇਹ ਪੈਦਲ ਮਾਰਚ ਮਿਸ਼ਨ ਸੰਧੂਰ ਦੇ ਉਦੇਸ਼ਾਂ ਨੂੰ ਉਤਸ਼ਾਹਤ ਕਰਨ ਤੇ ਲੋਕਾਂ ਨੂੰ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਆਯੋਜਿਤ ਕੀਤਾ ਗਿਆ ਸੀ।ਇਸ ਵਿੱਚ ਲੋਕਾਂ ਨੇ ਦੇਸ਼ ਦੇ ਵਿਕਾਸ ਤੇ ਤਰੱਕੀ ਲਈ ਆਪਣੀ ਵਚਨਬੱਧਤਾ ਪ੍ਰਗਟ ਕੀਤੀ।ਇਸ ਪੈਦਲ ਮਾਰਚ ਵਿੱਚ ਦੇਸ਼ ਦੇ ਸਾਰੇ ਧਰਮਾਂ ਤੇ ਰਾਜਨੀਤਕ ਪਾਰਟੀਆਂ ਦੇ ਭਾਗੀਦਾਰ ਰਾਸ਼ਟਰੀ ਝੰਡਾ ਨਾਲ ਦਿਖਾਈ ਦਿੱਤੇ।ਇਹ ਪ੍ਰੋਗਰਾਮ ਦੇਸ਼ ਵਿੱਚ ਏਕਤਾ ਤੇ ਭਾਈਚਾਰੇ ਦਾ ਸੰਦੇਸ਼ ਫੈਲਾਉਣ ਵਿੱਚ ਸਫਲ ਰਿਹਾ।ਇਸ ਪੈਦਲ ਮਾਰਚ ਵਿੱਚ ਬਹੁਤ ਸਾਰੇ ਸ਼ਹਿਰ ਵਾਸੀਆਂ ਦੇ ਨਾਲ-ਨਾਲ ਕਈ ਸਮਾਜਸੇਵੀ ਸੰਸਥਾਵਾਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਵਿਸ਼ੇਸ਼ ਸੈਮੀਨਾਰ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਕੰਪਿਊਟਰ ਸਾਇੰਸ ਵਿਭਾਗ ਨੇ ਵਿਦਿਆਰਥੀਆਂ ਦੇ ਪੇਸ਼ੇਵਰ ਹੁਨਰ ਤੇ ਕੈਰੀਅਰ ਦੀ ਤਿਆਰੀ ਲਈ 'ਰਿਜ਼ਿਊਮ ਤੋਂ ਭਰਤੀ ਤੱਕ : ਇੰਟਰਵਿਊ ਹੁਨਰ ਤੇ ਵਿਸ਼ਵਾਸ 'ਤੇ ਮਾਸਟਰ ਕਲਾਸ' 'ਤੇ ਸੈਮੀਨਾਰ ਕਰਵਾਇਆ।ਇਹ ਸਮਾਗਮ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਤੇ ਪ੍ਰੋਗਰਾਮ ਦੇ ਕਨਵੀਨਰ ਪ੍ਰੋ. ਡਾ. ਨਵਦੀਪ ਕੌਰ ਦੀ ਅਗਵਾਈ ਹੇਠ ਕੀਤਾ ਗਿਆ।ਇਸ ਦਾ ਪ੍ਰਭਾਵਸ਼ਾਲੀ ਢੰਗ ਨਾਲ ਤਾਲਮੇਲ ਕੰਪਿਊਟਰ ਸਾਇੰਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਕਿਰਨ ਪ੍ਰੀਤ ਕੌਰ ਤੇ ਸ੍ਰੀਮਤੀ ਜਸਕੀਰਤ ਕੌਰ ਦੁਆਰਾ ਕੀਤਾ ਗਿਆ।ਮੁੱਖ ਭਾਸ਼ਣ ਐੱਮ. ਐੱਮ. ਮੋਦੀ ਕਾਲਜ ਪਟਿਆਲਾ ਦੇ ਸਹਾਇਕ ਪ੍ਰੋਫੈਸਰ ਸ੍ਰ. ਹਰਪ੍ਰੀਤ ਸਿੰਘ ਤੇ ਸ੍ਰੀਮਤੀ ਮਨਿੰਦਰ ਕੌਰ ਬੈਂਸ ਦੁਆਰਾ ਦਿੱਤਾ ਗਿਆ। ਬੁਲਾਰਿਆਂ ਨੇ ਪ੍ਰਭਾਵਸ਼ਾਲੀ ਰੈਜ਼ਿਊਮ ਲਿਖਣ, ਇੰਟਰਵਿਊ ਦੀ ਤਿਆਰੀ, ਇੰਟਰਵਿਊ ਦੌਰਾਨ ਆਤਮਵਿਸ਼ਵਾਸ ਵਧਾਉਣ ਦੀਆਂ ਰਣਨੀਤੀਆਂ ਤੇ ਇੰਟਰਵਿਊ ਦੀ ਸਫਲਤਾ ਵਿੱਚ ਸਕਾਰਾਤਮਕ ਸਰੀਰਕ ਭਾਸ਼ਾ ਦੀ ਭੂਮਿਕਾ 'ਤੇ ਕੇਂਦ੍ਰਿਤ ਦਿਲਚਸਪ ਤੇ ਵਿਹਾਰਕ ਸੈਸ਼ਨ ਦਾ ਆਯੋਜਨ ਕੀਤਾ।ਇਸ ਸੈਮੀਨਾਰ ਵਿੱਚ ਅੰਤਿਮ ਸਾਲ ਤੇ ਪ੍ਰੀ-ਅੰਤਿਮ ਸਾਲ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਸਮਾਗਮ ਦਾ ਅੰਤ ਧੰਨਵਾਦ ਦੇ ਮਤੇ ਨਾਲ ਹੋਇਆ, ਜਿਸ ਵਿੱਚ ਪਤਵੰਤਿਆਂ, ਮਾਹਰ ਬੁਲਾਰਿਆਂ, ਕੋਆਰਡੀਨੇਟਰਾਂ ਤੇ ਵਿਦਿਆਰਥੀਆਂ ਦਾ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਤੇ ਸਮਾਗਮ ਦੀ ਸਫਲਤਾ ਵਿੱਚ ਯੋਗਦਾਨ ਲਈ ਧੰਨਵਾਦ ਕੀਤਾ ਗਿਆ।ਡਾ. ਨਵਦੀਪ ਕੌਰ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਿਤ ਪਾਲ ਸਿੰਘ ਦਾ ਉਨ੍ਹਾਂ ਦੇ ਸਮਰਥਨ ਤੇ ਦੂਰਦਰਸ਼ੀ ਅਗਵਾਈ ਲਈ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਤੇ ਡਾ. ਸਰਪ੍ਰੀਤ ਸਿੰਘ, ਡੀਨ ਅਲੂਮਨੀ ਅਮਲੇ ਦਾ ਵੀ ਧੰਨਵਾਦ ਕੀਤਾ।

## ਸ਼ਮਸ਼ੇਰ ਸਿੰਘ ਦੇ ਦਿਹਾਂਤ 'ਤੇ ਹਨੀ ਫੱਤਣਵਾਲਾ ਵੱਲੋਂ ਹਮਦਰਦੀ ਦਾ ਪ੍ਰਗਟਾਵਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਥਾਂਦੇਵਾਲਾ ਨਿਵਾਸੀ ਸ਼ਮਸ਼ੇਰ ਸਿੰਘ (72) ਦੇ ਦਿਹਾਂਤ 'ਤੇ ਉਨ੍ਹਾਂ ਦੇ ਪੁੱਤਰਾਂ ਸਿਕੰਦਰ ਸਿੰਘ ਤੇ ਹਰਪ੍ਰੀਤ ਸਿੰਘ ਨਾਲ ਅਫਸੋਸ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।ਹਨੀ ਫੱਤਣਵਾਲਾ ਨੇ ਕਿਹਾ ਕਿ ਸ਼ਮਸ਼ੇਰ ਸਿੰਘ ਉਨ੍ਹਾਂ ਦੇ ਬਹੁਤ ਕਰੀਬੀ ਸਨ ਤੇ ਇਕ ਬਹੁਤ ਹੀ ਮਿਲਣਸਾਰ ਤੇ ਨਿੱਘੇ ਸੁਭਾਅ ਦੇ ਮਾਲਕ ਸਨ।ਉਨ੍ਹਾਂ ਦੇ ਚਲੇ ਜਾਣ ਨਾਲ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।ਇਸ ਮੌਕੇ ਅਮਰਜੀਤ ਸਿੰਘ, ਇਕਬਾਲ ਸਿੰਘ ਬਰਾੜ, ਗੁਰਵਿੰਦਰ ਸਿੰਘ ਬੱਬੂ, ਸੰਦੀਪ ਸਿੰਘ, ਕਰਮਜੀਤ ਸਿੰਘ ਤੇ ਹੋਰ ਵੀ ਪਿੰਡ ਵਾਸੀ ਤੇ ਰਿਸ਼ਤੇਦਾਰ ਹਾਜ਼ਰ ਸਨ।

## ਜ਼ਿਲ੍ਹਾ ਚੈਂਪੀਅਨਸ਼ਿਪ ਲਈ ਖਿਡਾਰੀਆਂ ਦੀ ਚੋਣ 13 ਨੂੰ



**ਜਲਾਲਾਬਾਦ (ਜੀਤ ਕੁਮਾਰ)**-ਨੈੱਟਬਾਲ ਪ੍ਰਮੋਸ਼ਨ ਐਸੋਸੀਏਸ਼ਨ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ ਸੁਨੀਲ ਕੁਮਾਰ ਨੇ ਮੀਡੀਆ ਨੂੰ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਚੌਥੀ ਸਬ ਜੂਨੀਅਰ ਪੰਜਾਬ ਸਟੇਟ ਚੈਂਪੀਅਨਸ਼ਿਪ (ਮੁੰਡੇ/ਕੁੜੀਆਂ), ਦੂਜੀ ਸਬ ਜੂਨੀਅਰ ਫਾਸਟ 5 (ਮੁੰਡੇ/ਕੁੜੀਆਂ), ਪਹਿਲੀ ਸਬ ਜੂਨੀਅਰ ਮਿਕਸਡ ਪੰਜਾਬ ਸਟੇਟ ਨੈੱਟਬਾਲ ਚੈਂਪੀਅਨਸ਼ਿਪ 17-18 ਮਈ 2025 ਨੂੰ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਮਾਰਟ ਸਕੂਲ ਖੇੜੀ ਵਿਖੇ ਕਰਵਾਈ ਜਾ ਰਹੀ ਹੈ, ਜਿਸ ਦੇ ਸਬੰਧ ਵਿੱਚ ਸਬ ਜੂਨੀਅਰ ਜ਼ਿਲ੍ਹਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ। ਇਹ ਜ਼ਿਲ੍ਹਾ ਚੈਂਪੀਅਨਸ਼ਿਪ ਮਲਟੀਪਰਪਜ਼ ਸਪੋਰਟਸ ਸਟੇਡੀਅਮ ਜਲਾਲਾਬਾਦ ਵਿਖੇ 13 ਮਈ ਨੂੰ ਠੀਕ 10 ਵਜੇ ਸ਼ੁਰੂ ਕਰਵਾਈ ਜਾਵੇਗੀ। ਇਸ ਜ਼ਿਲ੍ਹਾ ਚੈਂਪੀਅਨਸ਼ਿਪ ਵਿੱਚ ਜਨਮ ਤਰੀਖ 31 ਮਈ 2009 ਦੇ ਬਾਅਦ ਵਾਲਾ ਖ਼ਿਡਾਰੀ ਭਾਗ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਨੈੱਟਬਾਲ ਗੇਮ ਖੇਡਣ ਵਾਲੇ ਖਿਡਾਰੀਆਂ, ਸਕੂਲ ਤੇ ਟ੍ਰੇਨਿੰਗ ਸੈਂਟਰ ਵਾਲਿਆਂ ਨੂੰ ਅਪੀਲ ਕੀਤੀ ਗਈ ਕਿ ਇਸ ਚੈਂਪੀਅਨਸ਼ਿਪ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਸਕਦੇ ਹਨ ਅਤੇ ਭਾਗ ਲੈਣ ਵਾਲੇ ਖਿਡਾਰੀਆਂ ਵਿੱਚੋਂ ਆਪਣੀ ਗੇਮ ਦਾ ਵਧੀਆ ਪ੍ਰਬੰਧ ਕਰਨ ਵਾਲੇ ਖਿਡਾਰੀਆਂ ਦੀ ਚੋਣ ਸਟੇਟ ਪੱਧਰ ਦੀ ਟੀਮ ਲਈ ਕੀਤੀ ਜਾਵੇਗੀ। ਹਰੇਕ ਖ਼ਿਡਾਰੀ ਆਪਣਾ ਅਧਾਰ ਕਾਰਡ ਨਾਲ ਲੈ ਕੇ ਆਉਣ ਤਾਂ ਜੋ ਇਸ ਚੈਂਪੀਅਨਸ਼ਿਪ ਵਿੱਚ ਭਾਗ ਲੈ ਸਕਣ।

# ਇੰਪਰੂਵਮੈਂਟ ਟਰੱਸਟ ਨੇ ਆਪਣੀ ਜ਼ਮੀਨ ਤੋਂ ਕਬਜ਼ੇ ਹਟਾਏ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)- ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਨੇ ਅੱਜ ਨਿਊ ਅੰਮ੍ਰਿਤਸਰ 340 ਏਕੜ ਸਕੀਮ ਭਾਈ ਗੁਰਦਾਸ ਨਗਰ ਵਿੱਚ ਆਪਣੀ ਕਰੋੜਾਂ ਰੁਪਏ ਦੀ ਜ਼ਮੀਨ 'ਤੇ ਲੰਮੇ ਸਮੇਂ ਤੋਂ ਚੱਲ ਰਹੇ ਨਾਜਾਇਜ਼ ਕਬਜ਼ਿਆਂ ਨੂੰ ਜੇ ਸੀ ਬੀ ਮਸ਼ੀਨ ਰਾਹੀਂ ਹਟਾ ਦਿੱਤਾ।

ਇਹ ਸਾਰੀ ਕਾਰਵਾਈ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਦੀ ਨਿਗਰਾਨੀ ਹੇਠ ਕੀਤੀ ਗਈ। ਚੇਅਰਮੈਨ ਰਿੰਟੂ ਨੇ ਕਿਹਾ ਕਿ ਭਾਈ ਗੁਰਦਾਸ ਨਗਰ ਵਿੱਚ ਟਰੱਸਟ ਦੀ ਕਰੋੜਾਂ ਰੁਪਏ ਦੀ ਜ਼ਮੀਨ 'ਤੇ ਲੋਕਾਂ ਨੇ ਪੱਕੇ ਤੌਰ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਇੱਥੇ ਸੜਕ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਕਬਜ਼ੇ ਵਾਲੀ ਜ਼ਮੀਨ 'ਤੇ ਸੜਕ ਬਣਨ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਨਾਜਾਇਜ਼ ਕਬਜ਼ਿਆਂ ਦੀ ਸ਼ਿਕਾਇਤ ਮਿਲਣ 'ਤੇ ਟਰੱਸਟ ਦੇ ਐਸ ਈ ਰਾਕੇਸ਼ ਗਰਗ, ਕਾਰਜਕਾਰੀ ਅਮਨਦੀਪ ਸਿੰਘ, ਟਰੱਸਟ ਅਧਿਕਾਰੀਆਂ ਨੂੰ ਇਨ੍ਹਾਂ ਕਬਜ਼ਿਆਂ ਨੂੰ ਹਟਾਉਣ ਦੇ ਆਦੇਸ਼ ਦਿੱਤੇ ਸਨ। ਉਨ੍ਹਾਂ ਦੀ ਨਿਗਰਾਨੀ ਹੇਠ ਡਿਊਟੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਅੰਗਦਪ੍ਰੀਤ ਸਿੰਘ ਬਰਾੜ, ਥਾਣਾ



ਮਕਬੂਲਪੁਰਾ ਦੇ ਇੰਚਾਰਜ ਅਤੇ ਭਾਰੀ ਪੁਲਿਸ ਫੋਰਸ ਦੀ ਮਦਦ ਨਾਲ, ਜੇ ਸੀ ਬੀ ਮਸ਼ੀਨ ਦੀ ਮਦਦ ਨਾਲ ਪੱਕੇ ਢਾਂਚੇ ਨਾਲ ਬਣੀਆਂ ਇੱਕ ਦਰਜਨ ਤੋਂ ਵੱਧ ਦੁਕਾਨਾਂ ਨੂੰ ਢਾਹ ਦਿੱਤਾ ਗਿਆ।

ਚੇਅਰਮੈਨ ਰਿੰਟੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਟਰੱਸਟ ਦੀ ਜ਼ਮੀਨ 'ਤੇ ਸਾਰੇ ਨਾਜਾਇਜ਼ ਕਬਜ਼ੇ ਹਟਾ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਟਰੱਸਟ 60 ਫੁੱਟ ਸੜਕ 'ਤੇ ਸੜਕ ਬਣਾ ਰਿਹਾ ਹੈ।

# ਜ਼ਿਲ੍ਹਾ ਗੁਰਦਾਸਪੁਰ 'ਚ ਰੋਜ਼ਾਨਾ ਰਾਤ 9 ਤੋਂ ਸਵੇਰੇ 5 ਵਜੇ ਤੱਕ ਹੋਵੇਗਾ ਬਲੈਕ ਆਊਟ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਹਿੰਦ-ਪਾਕਿ ਸਰਹੱਦ ਤੇ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਿਵਲ ਡਿਫੈਂਸ ਐਕਟ 1968 ਅਧੀਨ ਆਪਾਤਕਾਲੀਨ ਸਥਿਤੀ ਨਾਲ ਨਜਿੱਠਣ ਲਈ 8 ਮਈ 2025 ਤੋਂ ਲਗਾਤਾਰ ਅਗਲੇ ਹੁਕਮਾਂ ਤੱਕ ਰਾਤ 9.00 ਵਜੇ ਤੋਂ ਅਗਲੇ ਦਿਨ ਸਵੇਰੇ 5.00 ਵਜੇ ਤੱਕ ਜ਼ਿਲ੍ਹਾ ਗੁਰਦਾਸਪੁਰ ਅੰਦਰ ਪੂਰਨ ਤੌਰ 'ਤੇ ਬਲੈਕ ਆਊਟ ਦੇ ਹੁਕਮ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਬਲੈਕ ਆਊਟ 8 ਮਈ 2025 ਦੀ ਰਾਤ 9 ਵਜੇ ਤੋਂ ਅਗਲੇ ਦਿਨ ਸਵੇਰੇ 5.00 ਵਜੇ ਤੱਕ ਜਾਰੀ ਰਹੇਗਾ ਅਤੇ ਅਗਲੇ ਹੁਕਮਾਂ ਤੱਕ ਇਹ ਰੋਜ਼ਾਨਾ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਲੈਕ ਆਊਟ ਦਾ ਇਹ ਹੁਕਮ ਕੇਂਦਰੀ ਜੇਲ੍ਹ ਗੁਰਦਾਸਪੁਰ ਅਤੇ ਹਸਪਤਾਲਾਂ ਵਿੱਚ ਲਾਗੂ ਨਹੀਂ ਹੋਵੇਗਾ, ਪਰ ਇਹ ਵਿਭਾਗ ਕੇਂਦਰੀ ਜੇਲ੍ਹ ਗੁਰਦਾਸਪੁਰ ਅਤੇ ਹਸਪਤਾਲਾਂ ਦੀਆਂ ਖਿੜਕੀਆਂ ਰੋਜ਼ਾਨਾ ਰਾਤ 9.00 ਵਜੇ ਤੋਂ ਅਗਲੇ ਦਿਨ ਸਵੇਰੇ 5.00 ਤੱਕ ਬੰਦ ਰੱਖਣ ਦੇ ਨਾਲ-ਨਾਲ ਉਨ੍ਹਾਂ ਨੂੰ ਚੰਗੀ ਤਰ੍ਹਾਂ ਕਵਰ ਕਰਨ ਯਕੀਨੀ ਬਣਾਉਣਗੇ ਤਾਂ ਜੋ ਰੌਸ਼ਨੀ ਦੀ ਕੋਈ ਕਿਰਨ ਬਾਹਰ ਨਾ ਆ ਸਕੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਲੈਕ ਆਊਟ ਦੌਰਾਨ ਆਪਣੇ ਘਰਾਂ/ਕਾਰੋਬਾਰੀ ਥਾਵਾਂ ਦੀਆਂ ਲਾਈਟਾਂ ਬੰਦ ਕਰਕੇ ਸੁਰੱਖਿਆ ਅਭਿਆਸ ਵਿੱਚ ਸਹਿਯੋਗ ਕਰਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਬਲੈਕ ਆਊਟ ਸੁਰੱਖਿਆ ਤਿਆਰੀਆਂ ਨੂੰ ਮੁੱਖ ਰੱਖਦੇ ਕੀਤਾ ਗਿਆ ਹੈ, ਇਸ ਦੌਰਾਨ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ।

# ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਵਾਉਣ ਤੇ ਗ੍ਰਿਫ਼ਤਾਰ ਕਰਵਾਉਣ ਲਈ ਰੋਹ ਭਰਿਆ ਧਰਨਾ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਜਨਤਕ ਜਥੇਬੰਦੀਆਂ ਵੱਲੋਂ ਸੁੱਖਾ ਸਿੰਘ ਵਾਸੀ ਕਮੀਰਪੁਰਾ ਤੇ ਉਸ ਦਾ ਪਰਵਾਰ ਜੋ ਆਪਣੀ ਜ਼ਮੀਨ ਵਿੱਚ ਬੀਜੀ ਹੋਈ ਕਣਕ ਜਦ ਵੱਢ ਰਹੇ ਸਨ ਉਹਨਾਂ 'ਤੇ ਮੱਖਣ ਸਿੰਘ, ਜੁਗਰਾਜ ਸਿੰਘ, ਨਿੰਦਰ ਸਿੰਘ, ਜਸਕਰਨ ਸਿੰਘ, ਗੁਰਸ਼ਰਨ ਸਿੰਘ, ਸੁਖਦੀਪ ਸਿੰਘ, ਲਖਬੀਰ ਸਿੰਘ, ਕਰਨ ਸਿੰਘ ਉਰਫ਼ (ਹਰਮਨ ਸਿੰਘ) ਵਾਸੀਆਨ ਕਮੀਰਪੁਰਾ ਨੇ ਲਲਕਾਰੇ ਮਾਰਦਿਆਂ ਗਾਲਾਂ ਕੱਢਦਿਆਂ ਉਹਨਾਂ 'ਤੇ ਰਵਾਇਤੀ ਹਥਿਆਰਾਂ ਡਾਂਗਾਂ, ਗੰਡਾਸਿਆਂ, ਕਿਰਪਾਨ ਤੇ ਦਾਤਰਾਂ ਨਾਲ ਹਮਲਾ ਕਰ ਦਿੱਤਾ ਅਤੇ ਜਿੱਥੇ ਸੁੱਖਾ ਸਿੰਘ, ਡੋਲੀ ਕੌਰ, ਪਰਮਜੀਤ ਕੌਰ, ਕੁਲਵੰਤ ਕੌਰ ਤੇ ਮਨਪ੍ਰੀਤ ਕੌਰ ਆਦਿ ਨੂੰ ਗੰਭੀਰ ਸੱਟਾਂ ਮਾਰ ਦਿੱਤੀਆਂ ਜਿਹੜੇ ਜੇਰੇ ਇਲਾਜ ਹਨ। ਉਹਨਾਂ ਨੂੰ ਇਨਸਾਫ ਦਿਵਾਉਣ ਲਈ ਅਤੇ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਵਾਉਣ ਅਤੇ ਗ੍ਰਿਫਤਾਰ ਕਰਵਾਉਣ ਲਈ ਰਮਦਾਸ ਥਾਣੇ ਸਾਹਮਣੇ ਵਿਸ਼ਾਲ ਰੋਹ ਭਰਿਆ ਧਰਨਾ ਦਿੱਤਾ ਅਤੇ ਜ਼ੋਰਦਾਰ ਮੁਜ਼ਾਹਰਾ ਕੀਤਾ। ਧਰਨੇ ਨੂੰ ਸੰਬੋਧਨ ਕਰਦਿਆਂ ਐਸ ਕੇ ਐਮ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ਅਤੇ ਸਮਾਜ ਸੇਵਕ ਪ੍ਰੋ ਮਾਲਕ ਸਿੰਘ ਗੁਰਾਲਾ ਨੇ ਦੱਸਿਆ ਕਿ ਇਹਨਾਂ ਨੇ ਜਿਥੇ ਸੁੱਖਾ ਸਿੰਘ ਦੇ ਪਰਵਾਰ ਨੂੰ ਗੰਭੀਰ ਸੱਟਾਂ ਲਾਈਆਂ ਉੱਥੇ ਉਹਨਾਂ ਦੀ ਜ਼ਮੀਨ 'ਤੇ ਬਣੀ ਛੰਨ ਸਾੜ ਦਿੱਤੀ, ਜਿਸ ਵਿੱਚ ਉਹਨਾਂ ਦਾ ਕੱਪੜੇ ਵਾਲਾ ਟਰੰਕ ਤੇ ਹੋਰ ਸਾਜ਼ੋ ਸਾਮਾਨ ਅਤੇ ਕੁੱਝ ਪੈਸੇ ਵੀ



ਸਨ, ਸਭ ਸੜ ਕੇ ਸੁਆਹ ਹੋ ਗਿਆ। ਜਿਸ ਸਬੰਧੀ ਥਾਣੇ ਰਮਦਾਸ ਵਿਚ ਰਿਪੋਰਟ ਦਰਜ ਕਰਵਾਈ ਪਰੰਤੂ ਐਸ ਐਚ ਓ ਰਮਦਾਸ ਆਗਿਆਪਾਲ ਸਿੰਘ ਤੇ ਹੋਰ ਪੁਲਸ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਧਰਨੇ ਵਿੱਚ ਵੱਡੀ ਗਿਣਤੀ 'ਚ ਨੌਜਵਾਨ, ਔਰਤਾਂ, ਪੀੜਤ ਪਰਵਾਰ ਸ਼ਾਮਲ ਹੋਏ। ਧਰਨੇ ਦੀ ਗੰਭੀਰਤਾ ਨੂੰ ਵੇਖਦਿਆਂ ਐਸ ਐਚ ਓ ਰਮਦਾਸ ਨੇ ਤੁਰੰਤ ਪੀੜਤ ਦੇ ਬਿਆਨ ਦਰਜ ਕਰਵਾਏ ਅਤੇ ਵਿਸ਼ਵਾਸ ਦਿਵਾਇਆ ਕਿ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਕੇ ਸਬੰਧਤ ਧਿਰਾਂ ਨੂੰ ਪਰਚੇ ਦੀ ਨਕਲ ਦਿੱਤੀ ਜਾਵੇਗੀ। ਇਸ ਉਪਰੰਤ ਧਰਨਾ ਸਮਾਪਤ ਕੀਤਾ ਗਿਆ। ਧਰਨੇ ਨੂੰ ਹੋਰਨਾਂ ਇਲਾਵਾ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ ਅਤੇ ਨੌਜਵਾਨ ਸਭਾ ਦੇ ਸੀਨੀਅਰ ਆਗੂਆਂ ਸ਼ਮਸ਼ੇਰ ਸਿੰਘ ਡੱਲਾ, ਗਾਇਕ ਗੁਰਪਾਲ ਗਿੱਲ ਸੈਦਪੁਰ ਤੇ ਮੇਜਰ ਸਿੰਘ ਘੋਗਾ, ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਬੀਬੀ ਅਜੀਤ ਕੌਰ ਕੋਟ ਰਜ਼ਾਦਾ ਨੇ ਪੁਲਸ ਪ੍ਰਸ਼ਾਸਨ ਵਿਰੁੱਧ ਬੋਲਦਿਆਂ ਕਿਹਾ ਕਿ ਸਰਕਾਰੀ ਧਿਰ ਤੇ ਵੱਸਦੇ ਗਰੀਬ ਲੋਕਾਂ ਨੂੰ ਪੁਲਸ ਵੱਲੋਂ ਖੱਜਲ ਖੁਆਰ ਕੀਤਾ ਜਾਂਦਾ ਹੈ ਅਤੇ ਥਾਣਿਆਂ ਵਿੱਚ ਉਹਨਾਂ ਨੂੰ ਕੋਈ ਇਨਸਾਫ ਨਹੀਂ ਮਿਲਦਾ। ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਡਿਆਲ ਭੱਟੀ, ਹਰਨੇਕ ਸਿੰਘ ਨੰਗਾਲ, ਮੁਖਤਾਰ ਸਿੰਘ ਗੁਰਾਲਾ ਸਰਬਜੀਤ ਸਿੰਘ, ਅੰਬੋ ਕੌਰ, ਪਰਮਜੀਤ ਕੌਰ, ਕਸ਼ਮੀਰ ਸਿੰਘ, ਜੋਗਿੰਦਰ ਸਿੰਘ ਆਦਿ ਨੇ ਪੁਲਸ ਦੀਆਂ ਵਧੀਕੀਆਂ ਵਿਰੁੱਧ ਕਈ ਇੰਕਸ਼ਾਫ ਕੀਤੇ। ਸਮੂਹ ਆਗੂਆਂ ਨੇ ਜ਼ੋਰਦਾਰ ਅਵਾਜ਼ ਵਿਚ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਬਣਦੀ ਕਾਰਵਾਈ ਨਾ ਕੀਤੀ ਤਾਂ ਜਥੇਬੰਦੀਆਂ ਰਮਦਾਸ ਥਾਣੇ ਸਾਹਮਣੇ ਜ਼ੋਰਦਾਰ ਮੁਜ਼ਾਹਰਾ ਕਰਨਗੀਆਂ।

# ਜ਼ਿਲ੍ਹਾ ਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ : ਡੀ ਸੀ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਜ਼ਿਲ੍ਹਾ ਵਾਸੀਆਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਹਰ ਸਥਿਤੀ 'ਤੇ ਆਪਣੀ ਨਜ਼ਰ ਰੱਖ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੇ ਲੋਕਾਂ ਦੀ ਸਹਾਇਤਾ ਲਈ ਹੈਲਪ ਲਾਈਨ ਨੰਬਰ ਜਾਰੀ ਕਰਕੇ ਅਪੀਲ ਕੀਤੀ ਹੈ ਕਿ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਉਕਤ ਨੰਬਰਾਂ ਤੋਂ ਸਹਾਇਤਾ ਲਈ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਬੀਤੀ ਰਾਤ ਬਲੈਕ ਆਊਟ ਦੇ ਸੱਦੇ ਨੂੰ ਕਾਮਯਾਬ ਬਣਾਉਣ ਲਈ ਜ਼ਿਲ੍ਹਾ ਵਾਸੀਆਂ ਦਾ ਧੰਨਵਾਦ ਕਰਦੇ ਕਿਹਾ ਕਿ ਭਵਿੱਖ ਵਿੱਚ ਵੀ ਜਦੋਂ ਬਲੈਕ ਆਊਟ ਕੀਤਾ ਜਾਵੇ ਤਾਂ ਇਸ ਦੀ ਇੰਨ-ਬਿੰਨ ਪਾਲਣਾ, ਜਿਸ ਵਿੱਚ ਲਾਈਟਾਂ ਦਾ ਬੰਦ ਕਰਨਾ ਬੇਹੱਦ ਜ਼ਰੂਰੀ ਹੈ , ਨੂੰ ਯਕੀਨੀ ਬਣਾਇਆ ਜਾਵੇ ਕਿਉਂਕਿ ਇਹ ਲੋਕ ਹਿੱਤ ਲਈ ਜ਼ਰੂਰੀ ਹੈ। ਉਹਨਾਂ ਨੇ ਦੱਸਿਆ ਕਿ ਲੋਕਾਂ ਨੂੰ ਡਰਨ ਦੀ ਲੋੜ ਨਹੀਂ, ਅਸੀਂ ਡਿਫੈਂਸ ਦੇ ਉੱਚ ਅਧਿਕਾਰੀਆਂ ਨਾਲ ਪੂਰਾ ਤਾਲਮੇਲ ਬਣਾ ਕੇ ਰੱਖਿਆ ਹੋਇਆ ਹੈ।ਉਹਨਾਂ ਕਿਹਾ ਕਿ ਜੇਕਰ ਕਿਸੇ ਵੀ ਜ਼ਿਲ੍ਹਾ ਵਾਸੀ ਨੂੰ ਪੁਲਸ ਨਾਲ ਸੰਬੰਧਤ ਕੋਈ ਸਹਾਇਤਾ ਦੀ ਲੋੜ ਹੈ ਅਤੇ ਜੇਕਰ ਕਿਸੇ ਨੇ ਕਿਸੇ ਘਟਨਾ ਬਾਰੇ ਸਹੀ ਜਾਣਕਾਰੀ ਲੈਣੀ ਹੈ ਤਾਂ ਉਹ ਫੋਨ ਨੰਬਰ 112 ਡਾਇਲ ਕਰੇ ਅਤੇ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਬੰਧਤ ਕੋਈ ਸਹਾਇਤਾ ਚਾਹੀਦੀ ਹੈ ਤਾਂ ਉਹ ਫੋਨ ਨੰਬਰ 79738 67446 ਉੱਪਰ ਰਾਬਤਾ ਕਰ ਸਕਦਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ, ਪੈਟਰੋਲ, ਡੀਜ਼ਲ, ਰਸੋਈ ਗੈਸ, ਦਵਾਈਆਂ, ਪਸ਼ੂਆਂ ਦੇ ਚਾਰੇ ਭਾਵ ਕਿਸੇ ਵੀ ਚੀਜ਼ ਦੀ ਕੋਈ ਘਾਟ ਨਹੀਂ , ਇਸ ਲਈ ਬਿਨਾਂ ਲੋੜ ਤੋਂ ਵਾਧੂ ਸਮੱਗਰੀ ਖਰੀਦ ਕੇ ਕਾਲਾ ਬਾਜ਼ਾਰੀ ਨੂੰ ਉਤਸ਼ਾਹਤ ਨਾ ਕੀਤਾ ਜਾਵੇ। ਉਹਨਾਂ ਕਾਲਾਬਜ਼ਾਰੀ ਕਰਨ ਵਾਲਿਆਂ ਨੂੰ ਵੀ ਚਿਤਾਵਾਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਵਿਅਕਤੀ ਦੋਸ਼ੀ ਪਾਇਆ ਗਿਆ ਉਸ ਉੱਤੇ ਸਖ਼ਤ ਤੋਂ ਸਖ਼ਤ ਕਾਰਵਾਈ ਹੋਵੇਗੀ। ਇਸ ਮੌਕੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਲਾਵਰਸ ਪਈ ਚੀਜ਼ ਦਿਖਾਈ ਦਿੰਦੀ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਨਾ ਕਿ ਉਸ ਨਾਲ ਆਪ ਛੇੜਖਾਨੀ ਕੀਤੀ ਜਾਵੇ। ਉਹਨਾਂ ਕਿਹਾ ਕਿ ਅਸੀਂ ਪੁਲਸ ਸੁਕਐਡ ਅਤੇ ਕਵਿਕ ਰਿਸਪਾਂਸ ਟੀਮਾਂ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਕੀਤੀਆਂ ਹਨ, ਜੋ ਲੋੜ ਪੈਣ ਉੱਤੇ ਤੁਰੰਤ ਤੁਹਾਡੀ ਸਹਾਇਤਾ ਲਈ ਪਹੁੰਚਣਗੀਆਂ। ਜ਼ਿਲ੍ਹਾ ਪੁਲਿਸ ਮੁਖੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਨੇ ਲੋਕਾਂ ਨੂੰ ਅਫਵਾਹਾਂ ਤੋਂ ਦੂਰ ਰਹਿਣ ਅਤੇ ਤੱਥਹੀਣ ਗੱਲਾਂ ਜਾਂ ਖਬਰਾਂ ਨੂੰ ਅੱਗੇ ਸ਼ੇਅਰ ਨਾ ਕਰਨ ਦੀ ਅਪੀਲ ਵੀ ਕੀਤੀ। ਉਨਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਅਫਵਾਹਾਂ ਫੈਲਾਉਣ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਏ ਡੀ ਏ ਨੇ ਗਲਿਆਰੇ 'ਚ ਕੀਤੇ ਨਾਜਾਇਜ਼ ਕਬਜ਼ੇ ਹਟਾਏ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)- ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੰਮ੍ਰਿਤਸਰ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਇਤ ਦੀ ਯੋਗ ਅਗਵਾਈ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਲੇ ਦੁਆਲੇ ਗਲਿਆਰੇ ਦੀ ਹਦੂਦ ਅੰਦਰ ਦੁਕਾਨਦਾਰਾਂ/ਰੇਹੜੀਆਂ-ਫੜ੍ਹੀਆਂ ਵਾਲਿਆਂ ਵਲੋਂ ਲੋਕਾਂ ਦੇ ਚੱਲਣ ਲਈ ਬਣਾਏ ਗਏ ਫੁੱਟਪਾਥ ਉੱਪਰ ਨਜਾਇਜ਼ ਤੌਰ ਉੱਤੇ ਕੀਤੇ ਕਬਜ਼ੇ ਹਟਾਏ। ਅਸਟੇਟ ਅਫਸਰ ਏ ਡੀ ਏ ਹਰਜਿੰਦਰ ਸਿੰਘ ਜੱਸਲ ਵਲੋਂ ਏ ਡੀ ਏ ਦੀ ਬੀ.ਐਂਡ.ਈ ਟੀਮ ਨਾਲ ਮਿਲ ਕੇ ਇਹ ਕਾਰਵਾਈ ਕੀਤੀ ਗਈ। ਉਨਾਂ ਦੱਸਿਆ ਕਿ ਦੁਕਾਨਦਾਰਾਂ/ਰੇਹੜੀਆਂ-ਫੜ੍ਹੀਆਂ ਵਾਲਿਆਂ ਵਲੋਂ ਸਰਕਾਰੀ ਰਸਤੇ ਵਿੱਚ ਸਮਾਨ ਲਗਾਉਣ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਸ ਕਾਰਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਮੁਸ਼ਕਲ ਪੇਸ਼ ਆਉਂਦੀ ਸੀ।ਇਸ ਸਬੰਧੀ ਏਡੀਏ ਦੀ ਟੀਮ ਵਲੋਂ ਦੁਕਾਨਦਾਰਾਂ/ਰੇਹੜੀਆਂ ਫੜ੍ਹੀਆਂ ਲਗਾਉਣ ਵਾਲਿਆਂ ਨੂੰ ਕਈ ਵਾਰ ਸਮਾਨ ਨਾ ਲਗਾਉਣ ਦੀ ਸਖਤ ਹਦਾਇਤ ਵੀ ਕੀਤੀ ਗਈ ਸੀ ਪ੍ਰੰਤੂ ਉਕਤ ਦੁਕਾਨਦਾਰਾਂ/ਰੇਹੜੀਆਂ-ਫੜ੍ਹੀਆਂ ਵਾਲਿਆਂ ਵਲੋਂ ਮੁੜ ਤੋਂ ਸਮਾਨ ਲਗਾ ਲਿਆ ਜਾਂਦਾ ਸੀ। ਮੌਕੇ 'ਤੇ ਕੀਤੀ ਗਈ ਕਾਰਵਾਈ ਦੌਰਾਨ ਟੀਮ ਵਲੋਂ ਦੁਕਾਨਦਾਰਾਂ/ਰੇਹੜੀਆਂ-ਫੜ੍ਹੀਆਂ ਵਾਲਿਆਂ ਨੂੰ ਸਖਤ ਤਾੜਨਾ ਕੀਤੀ ਗਈ ਕਿ ਸਮਾਨ ਨੂੰ ਸਿਰਫ ਦੁਕਾਨ ਦੇ ਅੰਦਰ ਹੀ ਰੱਖਿਆ ਜਾਵੇ ਅਤੇ ਸਰਕਾਰੀ ਰਸਤੇ ਉੱਤੇ ਕਬਜ਼ਾ ਨਾ ਕੀਤਾ ਜਾਵੇ। ਜੇ ਕਿਸੇ ਵਿਅਕਤੀ ਵਲੋਂ ਭਵਿੱਖ ਵਿੱਚ ਇਹਨਾਂ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਕਤ ਵਿਅਕਤੀ ਖਿਲਾਫ ਸਖਤ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ। ਇਸ ਮੌਕੇ ਗਲਿਆਰਾ ਦੀ ਬੀ ਐਂਡ ਈ ਸ਼ਾਖਾ ਦੇ ਉਪ-ਮੰਡਲ ਇੰਜੀਨੀਅਰ, ਸੰਜੀਵ ਸ਼ਰਮਾ; ਜੂਨੀਅਰ ਇੰਜੀਨੀਅਰ ਸਿਮਰਪ੍ਰੀਤ ਸਿੰਘ ਬੱਤਰਾ; ਸੁਪਰਵਾਈਜ਼ਰ ਰਾਕੇਸ਼ ਕੁਮਾਰ; ਏਡੀਏ ਦੇ ਸਕਿਉਰਟੀ ਵਿੰਗ ਦੇ ਮੁਲਾਜ਼ਮ ਸਮੇਤ ਪੁਲਸ ਵਿਭਾਗ ਦੀ ਟੀਮ ਵੀ ਮੌਜੂਦ ਸੀ।

# ਆਪਣੇ-ਆਪ ਰਾਸ਼ਨ ਦਾ ਭਾਅ ਵਧਾਉਣ ਵਾਲੇ ਦੁਕਾਨਦਾਰਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਦੀ ਮੰਗ

ਵੇਰਕਾ (ਰਾਣਾ)-ਹਿੰਦ-ਪਾਕ ਵਿਚਾਲੇ ਚੱਲ ਰਹੀ ਅਤਿ ਸੰਵਦਨਸ਼ੀਲ ਤੇ ਨਾਜ਼ੁਕ ਸਥਿਤੀ ਤੇ ਹਾਲਤ ਦਾ ਚੋਖਾ ਲਾਭ ਲੈਂਦੇ ਹੋਏ ਰਾਸ਼ਨ ਵਿਕਰੇਤਾ ਕਰਿਆਨੇ ਦੇ ਦੁਕਾਨਦਾਰਾਂ ਵੱਲੋਂ ਉਸ ਵਕਤ ਲੋਕਾਂ ਨੂੰ ਭਾਰੀ ਲੁੱਟਿਆ ਜਾ ਰਿਹਾ ਹੈ।

ਜਦੋਂ ਸਮੁੱਚੇ ਦੇਸ਼ ਵਾਸੀ ਆਪਣੇ ਦੇਸ਼ ਦੀ ਖਾਤਰ ਜੰਗ ਲੜ ਰਹੇ ਸਮੂਹ ਫੌਜੀ ਜਵਾਨਾਂ ਅਤੇ ਕੇਂਦਰ ਸਰਕਾਰ ਨਾਲ ਖੜ੍ਹਾ ਹੋਏ ਨਜ਼ਰ ਆ ਰਹੇ ਹਨ। ਪ੍ਰੰਤੂ ਕੁਝ ਲਾਲਚੀ ਕਿਸਮ ਦੇ ਰਾਸ਼ਨ ਵਿਕਰੇਤਾ ਕਰਿਆਨੇ ਵਾਲੇ ਦੁਕਾਨਦਾਰ ਲੋਕਾਂ ਦੀ ਮਜਬੂਰੀ ਦਾ ਨਜਾਇਜ਼ ਫਾਇਦਾ ਉਠਾਉਂਦੇ ਹੋਏ ਰਾਸ਼ਨ ਦਾ ਭਾਅ ਆਪਣੇ-ਆਪ ਵਧਾ ਕੇ ਬਜ਼ਾਰ ਵਿੱਚ ਰਾਸ਼ਨ ਵੇਚ ਰਹੇ ਹਨ। ਭਾਵ ਕਿ ਲੋਕਾਂ ਨੂੰ ਬੇਖੌਫ ਤੇ ਨਿਡਰ ਹੋਏ ਲੁੱਟ ਰਹੇ ਹਨ।

ਇਸ ਮੌਕੇ ਹਿੰਦ-ਪਾਕ ਵਿਚਾਲੇ ਨਿਰੰਤਰ ਵਧਦੇ ਜਾ ਰਹੇ ਤਣਾਅ ਕਾਰਨ ਲੋਕ ਪਹਿਲਾਂ ਹੀ ਭਾਰੀ ਸਹਿਮ ਦੇ ਸਾਏ ਹੇਠ ਹਨ। ਉਨ੍ਹਾਂ 'ਚ ਦੋਵਾਂ ਮੁਲਕਾਂ ਦਰਮਿਆਨ ਜੰਗ ਲੱਗਣ ਦੇ ਡਰ ਕਾਰਨ ਭਾਰੀ ਚਿੰਤਾ ਤੇ ਖੌਫ ਹੈ। ਜਿਸ ਕਾਰਨ ਹਰ ਕੋਈ ਰਾਸ਼ਨ ਪਾਣੀ ਨੂੰ ਲੈ ਕੇ ਬੇਹੱਦ ਫਿਕਰਮੰਦ ਹੈ। ਇਸ ਦੌਰਾਨ ਲੋਕ ਆਪਣੇ ਪਰਵਾਰਕ ਮੈਂਬਰਾਂ ਲਈ ਵੱਧ ਤੋਂ ਵੱਧ ਰਾਸ਼ਨ ਪਾਣੀ ਇਕੱਠਾ ਕਰਨ ਵਾਸਤੇ ਤਤਪਰ ਹੋਏ ਪਏ ਹਨ। ਜਿਸ ਦੇ ਫਲਸਰੂਪ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਅੰਦਰ ਕਰਿਆਨੇ ਵਾਲੀਆਂ ਦੁਕਾਨਾਂ ਦੇ ਬਾਹਰ ਰਾਸ਼ਨ ਲੈਣ ਵਾਲਿਆਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਪਰ ਕਈ ਦੁਕਾਨਦਾਰ ਉਕਤ ਮਾਹੌਲ ਦਾ ਗਲਤ ਲਾਭ ਉਠਾਉਂਦੇ ਹੋਏ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਜਿਸ ਕਾਰਨ ਲੋਕ ਡਾਢੇ ਦੁਖੀ ਤੇ ਮਜਬੂਰੀਵੱਸ ਮਹਿੰਗੇ ਭਾਅ ਵਿਕਦਾ ਰਾਸ਼ਨ ਖਰੀਦ ਰਹੇ ਹਨ। ਇਸ ਸੰਬੰਧ ਵਿੱਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਸੂਬਾਈ ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ ਆਦਿ ਆਗੂਆਂ ਨੇ ਉਕਤ ਮਾਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਮੁੱਖ ਮੰਤਰੀ ਪੰਜਾਬ ਸਰਕਾਰ, ਮੁੱਖ ਸਕੱਤਰ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਪਾਸੋਂ ਆਪਣੇ-ਆਪ ਰਾਸ਼ਨ ਦੇ ਭਾਅ ਵਧਾ ਕੇ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ ਲਾਲਚੀ ਦੁਕਾਨਾਦਾਰਾਂ ਵਿਰੁੱਧ ਤੁਰੰਤ ਪ੍ਰਭਾਵ ਨਾਲ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਗੁਹਾਰ ਲਗਾਈ ਹੈ।

# ਚੰਨਣਕੇ 'ਚੋਂ ਨਸ਼ਿਆਂ ਦੀ ਜੜ੍ਹ ਪੁੱਟਣ ਲਈ ਇੱਕ ਹੰਗਾਮੀ ਮੀਟਿੰਗ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚੋਂ ਨਸ਼ਿਆਂ ਦੀ ਜੜ੍ਹ ਪੁੱਟਣ ਲਈ ਰੋਡਮੈਪ ਤਿਆਰ ਕਰਕੇ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤਾ ਹੈ। ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਸਾਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਸਰਕਾਰ ਦਾ ਸਹਿਯੋਗ ਕਰਨਾ ਚਾਹੀਦਾ ਹੈ। ਇਹ ਪ੍ਰਗਟਾਵਾ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਅਤੇ ਐਸ ਐਚ ਓ ਸ਼ਮਸ਼ੇਰ ਸਿੰਘ ਚੌਕ ਮਹਿਤਾ ਨੇ ਨਾਲ ਇਕ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ।ਉਹਨਾਂ ਆਖਿਆ ਕਿ ਪੰਜਾਬ ਦੀ ਧਰਤੀ ਅਪਰਾਧੀਆਂ ਲਈ ਨਹੀਂ ਬਣੀ, ਇਹ ਸ਼ਾਂਤੀ ਨਾਲ ਰਹਿਣ ਵਾਲੇ ਲੋਕਾਂ ਦੀ ਅਤੇ ਗੁਰੂ ਪੀਰਾਂ, ਯੋਧਿਆਂ, ਸੂਰਮਿਆਂ ਦੀ ਧਰਤੀ ਹੈ।ਉਹਨਾਂ ਕਿਹਾ ਕਿ ਹੋਰਨਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਲਤ ਲਗਾਉਣ ਵਾਲੇ ਲੋਕ ਹੁਣ ਆਪਣੇ ਘਰਾਂ ਵਿਚ ਸਲਾਮਤ ਨਹੀਂ ਰਹੀ ਸਕਦੇ, ਕਿਉਂਕਿ ਮਾਨ ਸਰਕਾਰ ਨੇ ਨਸ਼ੇ ਦੇ ਸੌਦਾਗਰਾਂ ਦੀ ਪੁੱਠੀ ਗਿਣਤੀ ਸ਼ੁਰੂ ਕਰ ਦਿੱਤੀ ਹੈ।ਉਨ੍ਹਾਂ ਕਿਹਾ ਕਿ ਨਸ਼ੇ ਦੇ ਸੁਦਾਗਰ ਜਾਂ ਇਹ ਧੰਦਾ ਛੱਡ ਦੇਣ ਨਹੀ ਤੇ ਫਿਰ ਉਨ੍ਹਾਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਪਿੰਡ ਦਾ ਕੋਈ ਵੀ ਮੋਹਤਬਰ ਅਪਰਾਧੀਆਂ ਦੀ ਮਦਦ ਨਹੀਂ ਕਰੇਗਾ। ਜੇ ਕੋਈ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਉਸ ਦਾ ਇਲਾਜ ਮੁਫ਼ਤ ਕਰਵਾਇਆ ਜਾਵੇਗਾ। ਇਸ ਮੌਕੇ ਐਸ ਐਚ ਓ ਸ਼ਮਸ਼ੇਰ



ਸਿੰਘ ਚੌਕ ਮਹਿਤਾ, ਸਰਪੰਚ ਕੁਲਵਿੰਦਰ ਸਿੰਘ ਮਿੱਠਾ, ਸਰਪੰਚ ਮੇਜਰ ਸਿੰਘ ਨਵਾਂ ਚੰਨਣਕੇ, ਸਰਪੰਚ ਲਖਵਿੰਦਰ ਸਿੰਘ ਨਾਥ ਦੀ ਖੂਹੀ, ਸਾਬਕਾ ਸਰਪੰਚ ਦਵਿੰਦਰ ਸਿੰਘ ਨਵਾਂ ਚੰਨਣਕੇ, ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਸਰਪੰਚ ਦਵਿੰਦਰ ਸਿੰਘ ਰੰਧਾਵਾ, ਜਸਵਿੰਦਰ ਸਿੰਘ ਰਵੀ ਆਦਿ ਹਾਜ਼ਰ ਸਨ।

# ਮਿਸਟਰ ਫੇਅਰਵੈੱਲ ਅਵੀਜੀਤ ਸਿੰਘ ਤੇ ਮਿਸ ਫੇਅਰਵੈੱਲ ਰਮਨਪੁਨੀਤ ਕੌਰ ਬਣੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸਥਾਨਕ ਜੰਡਿਆਲਾ ਰੋਡ ਵਿਖੇ ਸਥਿਤ ਚੀਫ਼ ਖਾਲਸਾ ਦੀਵਾਨ ਆਈ. ਐਮ. ਟੀ. ਵਿਖੇ ਫੇਅਰਵੈੱਲ ਪਾਰਟੀ ਰੁਖ਼ਸਤ 2025 ਦਾ ਆਯੋਜਨ ਕੀਤਾ ਗਿਆ, ਜਿਸ 'ਚ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰਾਂ ਲਈ ਮਾਡਲਿੰਗ, ਗਿੱਧਾ, ਭੰਗੜਾ, ਸਕਿੱਟ



ਆਦਿ ਪ੍ਰੋਗਰਾਮ ਪੇਸ਼ ਕੀਤੇ ਗਏ।ਇਸ ਦੌਰਾਨ ਜੱਜ ਦੀ ਭੂਮਿਕਾ ਡਾ. ਸਰਬਜੀਤ ਕੌਰ ਸਪਰਾ ਅਤੇ ਮੈਡਮ ਮਨਰੀਤ ਕੌਰ ਵੱਲੋਂ ਨਿਭਾਈ ਗਈ। ਮਾਡਲਿੰਗ 'ਚ ਮਿਸਟਰ ਫੇਅਰਵੈੱਲ ਦਾ ਖਿਤਾਬ ਅਵੀਜੀਤ ਸਿੰਘ ਬੀ. ਐੱਚ (ਐੱਮ. ਸੀ. ਟੀ.) ਤੇ ਮਿਸ ਫੇਅਰਵੈੱਲ ਦਾ ਖਿਤਾਬ ਰਮਨਪੁਨੀਤ ਕੌਰ ਬੀ.ਸੀ.ਏ ਨੇ ਹਾਸਲ ਕੀਤਾ। ਇਸ ਦੌਰਾਨ ਮਿਸਟਰ ਹੈਂਡਸਮ ਅੰਮ੍ਰਿਤਪਾਲ ਸਿੰਘ ਤੇ ਮਿਸ ਚਾਰਮਿੰਗ ਦਾ ਖਿਤਾਬ ਅਵਨੀਤ ਕੌਰ ਅਤੇ ਮਨਜੋਤ ਕੌਰ ਨੂੰ ਮਿਲਿਆ । ਇਸ ਦੌਰਾਨ ਮਿਸ ਵੈੱਲ ਡਰੈਸਡ ਗੁਰਪ੍ਰੀਤ ਕੌਰ ਤੇ ਮਿਸਟਰ ਕੌਨਫੀਡੈਂਟ ਗਗਨਦੀਪ ਸਿੰਘ ਰਹੇ । ਇਸ ਪ੍ਰੋਗਰਾਮ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਹਰਜੀਤ ਸਿੰਘ ਪ੍ਰਧਾਨ ਚੀਫ਼ ਖਾਲਸਾ ਦੀਵਾਨ ਲੋਕਲ ਕਮੇਟੀ ਤਰਨ ਤਾਰਨ ਅਤੇ ਮੈਂਬਰ ਇੰਚਾਰਜ ਸੀ.ਕੇ.ਡੀ ਇੰਸਟੀਚਿਊਟ ਤਰਨ ਤਾਰਨ ਮੌਕੇ ਅਤੇ ਡਾ. ਸਰਬਜੀਤ ਸਿੰਘ ਛੀਨਾ ਰਹੇ । ਇਸ ਮੌਕੇ ਪ੍ਰਿੰਸੀਪਲ ਜਸਬੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਬੱਚਿਆਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਕੁਲਦੀਪ ਸਿੰਘ ਲੇਹਲ ਤੇ ਟੀਮ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਜਾਰੀ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪਿਛਲੇ ਦਿਨੀਂ ਸਿੰਘ ਸਭਾ ਗੁਰੂ ਘਰ ਰੈਂਟਨ ਸਿਆਟਲ ਵਾਸ਼ਿੰਗਟਨ ਅਮਰੀਕਾ ਵਿਖੇ ਗੁਰੂ ਘਰ ਵਿਖੇ ਮੁੱਖ ਸੇਵਾਦਾਰ ( ਪ੍ਰਧਾਨ ) ਸਮੇਤ 11 ਮੈਂਬਰੀ ਕਮੇਟੀ ਦੀ ਚੋਣ ਹੋਈ ਸੀ। ਜਿਸ ਵਿੱਚ ਕੁਲਦੀਪ ਸਿੰਘ ਲੇਹਲ ਜਿਨ੍ਹਾਂ ਦਾ ਜੱਦੀ ਪਿੰਡ ਅਕਾਲਗੜ੍ਹ ਢੱਪਈਆਂ ਜ਼ਿਲਾ ਅੰਮ੍ਰਿਤਸਰ ਹੈ, ਨੂੰ ਗੁਰੂ ਘਰ ਦਾ ਮੁੱਖ ਸੇਵਾਦਾਰ ( ਪ੍ਰਧਾਨ ) ਥਾਪਿਆ ਗਿਆ ਸੀ। ਜਿਸ ਕਾਰਨ ਉਹਨਾਂ ਦੇ ਜੱਦੀ ਪਿੰਡ ਅਕਾਲਗੜ੍ਹ ਢੱਪਈਆਂ ਦੇ ਵਾਸੀਆਂ ਤੇ ਹੋਰ ਤੇਹੀਆਂ ਸਨੇਹੀਆਂ ਨੇ ਕੁਲਦੀਪ ਸਿੰਘ ਲੇਹਲ ਵਧਾਈਆਂ ਦਿੱਤੀਆਂ। ਵਧਾਈਆਂ ਦੇਣ ਵਾਲਿਆਂ ਵਿੱਚ ਸਿਆਟਲ ਦੀਆਂ ਕਈ ਨਾਮਵਰ ਸ਼ਖ਼ਸੀਅਤਾਂ ਜਿਨ੍ਹਾਂ ਵਿੱਚ ਦਲਜੀਤ ਸਿੰਘ ਰੰਧਾਵਾ, ਹਰਜਿੰਦਰ ਸਿੰਘ ਕਲੇਰ, ਕਿੰਦਰਬੀਰ ਸਿੰਘ ਗਿੱਲ, ਜਸਬੀਰ ਸਿੰਘ ਲੇਹਲ, ਹਰਸ਼ਰਨ ਸਿੰਘ ਪ੍ਰਿੰਸ, ਹਰਭਜਨ ਸਿੰਘ ਲੇਹਲ, ਕੁਲਦੀਪ ਸਿੰਘ ਕਲੇਰ, ਜੁਗਤਾਰ ਸਿੰਘ ਦੁਸਾਂਝ, ਗਗਨਦੀਪ ਸਿੰਘ ਲਾਡੀ, ਮਲੂਕ ਸਿੰਘ, ਜਸਬੀਰ ਸਿੰਘ ਜੱਸ ਕਲੇਰ, ਬਲਦੇਵ ਸਿੰਘ ਢੱਬ, ਜਗਵਿੰਦਰ ਸਿੰਘ ਪਿੰਕੂ, ਸਾਬ ਸਿੰਘ, ਗੁਰਿੰਦਰ ਸਿੰਘ ਖਹਿਰਾ, ਲਖਵਿੰਦਰ ਸਿੰਘ ਲੱਖਾ, ਗੁਰਭਾਗ ਸਿੰਘ, ਮਨੀ ਸਿੰਘ, ਜੌਨੀ ਖਹਿਰਾ, ਇੰਦਰਜੀਤ ਸਿੰਘ, ਇੰਦਰਪਾਲ ਸਿੰਘ ਨਿਰਦੋਸ਼, ਹਰਪ੍ਰੀਤ ਸਿੰਘ ਗੋਲਡੀ, ਤਲਵਿੰਦਰ ਸਿੰਘ ਖਹਿਰਾ, ਰਣਜੀਤ ਸਿੰਘ ਕਲੇਰ, ਦਲੇਰ ਸਿੰਘ ਜੌਹਲ, ਜਸਬੀਰ ਸਿੰਘ ਯੂਐਸਏ ਤੇ ਹੋਰਨਾਂ ਦੋਸਤਾਂ ਨੇ ਚੁਣੀ ਗਈ ਕਮੇਟੀ ਤੇ ਕੁਲਦੀਪ ਸਿੰਘ ਲੇਹਲ ਤੋਂ ਇਲਾਵਾ ਇਲਾਕੇ ਦੀਆਂ ਕਈ ਹੋਰ ਨਾਮਵਰ ਸ਼ਖਸੀਅਤਾਂ ਨੇ ਵੀ ਕੁਲਦੀਪ ਸਿੰਘ ਲੇਹਲ ਤੇ ਉਹਨਾਂ ਦੇ ਸਾਥੀਆਂ ਨੂੰ ਵਧਾਈਆਂ ਦਿੱਤੀਆਂ। ਚੁਣੀ ਗਈ ਕਮੇਟੀ ਮੈਂਬਰਾਂ ਜਿਨ੍ਹਾਂ ਵਿੱਚ ਉਪ ਮੁੱਖ ਸੇਵਾਦਾਰ ( ਮੀਤ ਪ੍ਰਧਾਨ ) ਗੁਰਦੇਵ ਸਿੰਘ ਮਾਨ, ਜਰਨਲ ਸਕੱਤਰ ਸ਼ਰਨਜੀਤ ਸਿੰਘ, ਮੀਤ ਸਕੱਤਰ ਰਾਜਵਿੰਦਰ ਕੌਰ, ਖਜਾਨਚੀ ਗੁਰਬੀਰ ਸਿੰਘ, ਮੀਤ ਖਜ਼ਾਨਚੀ ਮਿੱਤਰਪਾਲ ਸਿੰਘ ਘੁਮਾਣ, ਦੇਖ ਰੇਖ ਸਕੱਤਰ ਤਾਰਾ ਸਿੰਘ, ਸੇਵਾਦਾਰ ਸਤਨਾਮ ਸਿੰਘ, ਸੇਵਾਦਾਰ ਜਸਵੰਤ ਸਿੰਘ, ਸੇਵਾਦਾਰ ਸੁੱਚਾ ਸਿੰਘ, ਸੇਵਾਦਾਰ ਅਵਤਾਰ ਸਿੰਘ ਆਦਿ ਦੀ ਚੋਣ ਵੀ ਸਰਬਸੰਮਤੀ ਨਾਲ ਹੋਈ ਸੀ, ਨੂੰ ਵੀ ਸ਼ਖ਼ਸੀਅਤਾਂ ਨੇ ਮੁਬਾਰਕਾਂ ਦਿੱਤੀਆਂ।



# ਇੰਸ: ਪਰਮਜੀਤ ਸਿੰਘ ਵਿਰਦੀ ਸਨਮਾਨਤ

ਝਬਾਲ (ਹਰਜਿੰਦਰ ਸਿੰਘ ਸੋਨੀ)-ਜ਼ਿਲ੍ਹਾ ਪੁਲਸ ਤਰਨ ਤਾਰਨ ਦੇ ਸੀਨੀਅਰ ਸੁਪਰਡੈਂਟ ਆਫ ਪੁਲਸ ਅਭਿਮੰਨਿਊ ਰਾਣਾ ਦੇ ਹੁਕਮਾਂ 'ਤੇ ਨਵ ਨਿਯੁਕਤ ਥਾਣਾ ਝਬਾਲ ਦੇ ਮੁਖੀ ਇੰਸ. ਪਰਮਜੀਤ ਸਿੰਘ ਵਿਰਦੀ ਨੂੰ ਦੁਬਾਰਾ ਥਾਣਾ ਝਬਾਲ ਦੇ ਐੱਸ ਐੱਚ ਓ



ਲੱਗਣ 'ਤੇ ਜੀ ਆਇਆਂ ਆਖਦਿਆਂ ਉਂਘੇ ਸਮਾਜ ਸੇਵਕ ਤੇ ਉਦਯੋਗਪਤੀ ਜਥੇ: ਸੁਖਰਾਜ ਸਿੰਘ ਕਾਲਾ ਗੰਡੀਵਿੰਡ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਜਿੱਥੇ ਸੁਖਰਾਜ ਸਿੰਘ ਕਾਲਾ ਗੰਡੀਵਿੰਡ ਨੇ ਸਰਕਾਰ ਵੱਲੋਂ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਜ਼ਿਲ੍ਹਾ ਤਰਨ ਤਾਰਨ ਪੁਲਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ।

ਉੱਥੇ ਹੀ ਉਨ੍ਹਾਂ ਅਜੈਰਾਜ ਸਿੰਘ ਐੱਸ ਪੀ ਤਰਨ ਤਾਰਨ, ਰਿਪੁਤਾਪਨ ਸਿੰਘ ਡੀ ਐਸ ਪੀ ਸਬ ਡਵਜ਼ਨ ਤਰਨ ਤਾਰਨ ਦੇ ਨਿਰਦੇਸ਼ਾਂ ਹੇਠ ਐੱਸ ਐੱਚ ਓ ਝਬਾਲ ਪਰਮਜੀਤ ਸਿੰਘ ਵਿਰਦੀ ਦੀ ਅਗਵਾਈ ਹੇਠ ਥਾਣਾ ਝਬਾਲ ਪੁਲਸ ਤੋਂ ਆਸ ਪ੍ਰਗਟਾਈ ਕਿ ਆਉਂਦੇ ਦਿਨਾਂ ਅੰਦਰ ਥਾਣਾ ਝਬਾਲ ਅਧੀਨ ਪੈਂਦੇ ਪਿੰਡਾਂ ਵਿੱਚ ਨਸ਼ਿਆਂ ਨੂੰ ਬਿਲਕੁਲ ਬੰਦ ਕਰਵਾਉਣ ਵਿੱਚ ਥਾਣਾ ਝਬਾਲ ਪੁਲਸ ਅਹਿਮ ਭੂਮਿਕਾ ਅਦਾ ਕਰੇਗੀ।ਜਦ ਕਿ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਨੇ ਅਟਾਰੀ, ਤਰਨ ਤਾਰਨ, ਭਿੱਖੀਵਿੰਡ ਤੇ ਅੰਮ੍ਰਿਤਸਰ ਰੋਡ 'ਤੇ ਦੁਕਾਨਦਾਰਾਂ, ਖੋਖਿਆਂ ਵਾਲੇ, ਫਲਾਂ, ਸਬਜ਼ੀਆਂ, ਰੇਹੜੀ ਫੜ੍ਹੀ ਤੇ ਰੇਹੜਾ ਘੋੜੇ ਵਾਲਿਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਾ ਕਰਨ ਤੇ ਸੜਕ 'ਤੇ ਨਜਾਇਜ਼ ਕਬਜ਼ੇ ਕਰਕੇ ਸੜਕੀ ਆਵਾਜਾਈ ਵਿੱਚ ਵਿਘਨ ਪਾਉਣ ਤੋਂ ਗੁਰੇਜ਼ ਕਰਨ ਨਹੀਂ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਵਿਧਾਇਕ ਸ਼ੈਰੀ ਕਲਸੀ ਵੱਲੋਂ ਰੋਡ ਸਵੀਪਿੰਗ ਮਸ਼ੀਨ ਬਟਾਲਾ ਵਾਸੀਆਂ ਲਈ ਸਮਰਪਤ

ਬਟਾਲਾ ( ਡਾਕਟਰ ਮਲਵਿੰਦਰ ਸਿੰਘ )- ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸ਼ਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਲਈ ਕੀਤੇ ਜਾ ਰਹੇ ਵਿਸ਼ੇਸ ਉਪਰਾਲਿਆਂ ਤਹਿਤ ਅੱਜ ਇੱਕ ਚੈਪਟਰ ਜੁੜਿਆ ਹੈ। ਅੱਜ ਉਨ੍ਹਾਂ ਵਲੋਂ ਬਟਾਲਾ ਸ਼ਹਿਰ ਨੂੰ ਹੋਰ ਖ਼ੂਬਸੂਰਤ ਬਣਾਉਣ ਦੇ ਮੰਤਵ ਨਾਲ ਸੜਕਾਂ ਤੋਂ ਮਿੱਟੀ-ਘੱਟਾ ਚੁੱਕਣ ਵਾਲੀ 'ਰੋਡ ਸਵੀਪਿੰਗ ਮਸ਼ੀਨ' ਬਟਾਲਾ ਵਾਸੀਆਂ ਲਈ ਸਮਰਪਿਤ ਕੀਤੀ ਹੈ, ਜਿਸ ਨਾਲ ਸ਼ਹਿਰ ਦੀ ਸਫਾਈ ਵਿਵਸਥਾ ਹੋਰ ਬਿਹਤਰ ਹੋਵੇਗੀ। ਇਸ ਮੌਕੇ ਐਸ.ਡੀ.ਓ ਰੋਹਿਤ ਉੱਪਲ, ਨੀਰਜ ਸ਼ਰਮਾ ਫਾਇਰ ਬ੍ਰਿਗੇਡ ਅਫਸਰ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਚੇਅਰਮੈਨ ਬਲਜੀਤ ਸਿੰਘ, ਅਮਿਤ ਸੋਢੀ, ਗਗਨ ਬਟਾਲਾ, ਦਵਿੰਦਰ ਸਿੰਘ ਤੇ ਮੁਨੀਸ਼ ਕਾਕਾ ਆਦਿ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਤੇ ਚਹੁੱਪਖੀ ਵਿਕਾਸ ਲਈ ਉਹ ਦਿਨ ਰਾਤ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਜਿਥੇ ਵਿਕਾਸ ਕੰਮ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ, ਉਥੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਸੰਬੰਧਤ ਵਿਭਾਗਾਂ ਵਲੋਂ ਹੱਲ ਕਰਵਾਈਆਂ



ਜਾ ਰਹੀਆਂ ਹਨ। ਉਨਾਂ ਕਿਹਾ ਕਿ ਲੋਕਾਂ ਵਲੋਂ ਦਿੱਤੇ ਪਿਆਰ ਸਦਕਾ ਹੁਣ ਤੱਕ ਬਟਾਲਾ ਹਲਕੇ ਅੰਦਰ ਰਿਕਾਰਡ ਵਿਕਾਸ ਕਰਵਾਏ ਗਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਅੰਦਰ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ। ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਭਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖ਼ੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ, ਜਿਸ ਨੂੰ ਬਹੁਤ ਜਲਦ ਲੋਕਾਂ ਦੇ ਸਮਰਪਿਤ ਕੀਤਾ ਜਾ ਰਿਹਾ ਹੈ। ਮੁਹੱਲਾ ਕਲੀਨਿਕ ਸ਼ੁਰੂ ਕੀਤੇ ਗਏ ਹਨ । ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ।

ਸਕੂਲਾਂ ਵਿੱਚ ਨਵੇਂ ਕਮਰੇ, ਕਮਰਿਆਂ ਦਾ ਨਵੀਨੀਕਰਨ, ਚਾਰਦੀਵਾਰੀ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਚੁੱਕੇ ਹਨ।

# ਸਿਮਰਨ ਕੌਰ ਧਾਦਲੀ ਦਾ ਨਵਾਂ ਗੀਤ 'ਗੰਡਾਸੀ' ਰਿਲੀਜ਼

ਲੁਧਿਆਣਾ : ਸਿਮਰਨ ਕੌਰ ਧਾਦਲੀ, ਜੋ ਆਪਣੇ ਪਸੰਸਕਾਂ ਵਿੱਚ ਵੂਮੈਨ ਕਿੰਗ ਵਜੋਂ ਮਸ਼ਹੂਰ ਹੈ, ਨੇ ਆਪਣਾ ਨਵਾਂ ਟਰੈਕ 'ਗੰਡਾਸੀ' ਰਿਲੀਜ਼ ਕੀਤਾ ਹੈ। ਇਹ ਦਿਲ ਨੂੰ ਛੂਹ ਲੈਣ ਵਾਲਾ ਗੀਤ ਪਿਆਰ, ਹਿੰਮਤ ਅਤੇ ਅਜਿੱਤ ਭਾਵਨਾ ਦਾ ਇੱਕ ਵਿਲੱਖਣ ਚਿੱਤਰਣ ਹੈ। ਪੰਜਾਬੀ ਸੰਗੀਤ ਜਗਤ ਵਿੱਚ ਆਪਣੇ ਤਿੱਖੇ ਬੋਲਾਂ ਅਤੇ ਦਲੇਰ ਆਵਾਜ਼ ਲਈ ਜਾਣੀ ਜਾਂਦੀ ਸਿਮਰਨ ਕੌਰ ਧਾਦਲੀ ਨੇ ਇਸ ਵਾਰ ਕਾਵਿਕ ਤੀਬਰਤਾ ਅਤੇ ਦੇਸੀ ਉਗਰਤਾ ਦਾ ਸੰਪੂਰਨ ਮਿਸ਼ਰਣ ਪੇਸ਼ ਕੀਤਾ ਹੈ। ਗੰਡਾਸੀ ਟ੍ਰੈਕ ਸਿਮਰਨ ਦੁਆਰਾ ਖੁਦ ਲਿਖਿਤ, ਰਚਿਤ ਅਤੇ ਪੇਸ਼ ਕੀਤਾ ਗਿਆ ਹੈ ਅਤੇ ਇਸ ਗੀਤ ਦੇ ਨਿਰਮਾਤਾ ਕੇਮਸੀ ਹਨ। ਸਿਮਰਨ ਨੇ ਇਸ ਗਾਣੇ ਬਾਰੇ ਦੱਸਿਆ ਕਿ, ਇਹ ਗਾਣਾ ਕੋਮਲਤਾ ਦੇ ਨਾਲ ਤਾਕਤ ਬਾਰੇ ਹੈ। ਇਹ ਇੱਕ ਅਜਿਹੇ ਆਦਮੀ ਨੂੰ ਦਰਸਾਉਂਦਾ ਹੈ ਜਿਸ ਨੂੰ ਅਗਵਾਈ ਕਰਨ ਲਈ ਗਰਜਣ ਦੀ ਜ਼ਰੂਰਤ ਨਹੀਂ । ਇਹ ਗਾਣਾ ਸਮਰਪਿਤ ਪਿਆਰ ਅਤੇ ਸ਼ਾਂਤੀਪੂਰਨ ਬਗਾਵਤ ਬਾਰੇ ਹੈ। ਮੈਂ ਚਾਹੁੰਦੀ ਹਾਂ ਕਿ ਲੋਕ ਇਸ ਪਿਆਰ ਨੂੰ ਮਹਿਸੂਸ ਕਰਨ।


AXIS BANK | Retail Asset Center:- "2nd and 3rd Floor, Property No. 7-E, Malhar Road, Saraabha Nagar, Ludhiana -141001.

Corporate Office: "Axis House", C-2, Wadia International Centre, Pandurang Budhkar Marg, Worli, Mumbai – 400025

Registered Office: "Trishul", 3rd Floor Opp. Samartheshwar Temple Law Garden, Ellisbridge Ahmedabad – 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਅਧਿਕਾਰਤ ਅਫਸਰ ਐਕਸਿਸ ਬੈਂਕ ਲਿਮਟਿਡ ਦੇ ਸਕਿਉਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕਰ ਲਿਆ ਗਿਆ ਹੈ, ਦੀ 09 ਸਤੰਬਰ 2022 ਨੂੰ ਸਕਿਉਰਡ ਕ੍ਰੈਡਿਟਰ ਵੱਲੋਂ (1) ਸ੍ਰੀ ਰਾਹੁਲ ਅਰੋੜਾ ਪੁੱਤਰ ਸ੍ਰੀ ਪ੍ਰੇਮ ਨਾਥ ਅਰੋੜਾ (2) ਸ੍ਰੀਮਤੀ ਬਿੰਦੂ ਨਲਵਾ ਪਤਨੀ ਸ੍ਰੀ ਰਾਹੁਲ ਅਰੋੜਾ ਵੱਲ ਬਕਾਇਆ ਰਕਮ ਰੁਪਏ 5,08,51,215/- (ਪੰਜ ਕਰੋੜ ਅੱਠ ਲੱਖ ਇਕਵੰਜਾ ਹਜ਼ਾਰ ਦੋ ਸੌ ਪੰਦਰਾਂ ਰੁਪਏ ਕੇਵਲ) ਸਮੇਤ ਅਸਲ ਅਦਾਇਗੀ ਦੀ ਮਿਤੀ ਤੱਕ ਅਣਲਾਗੂ ਵਿਆਜ ਅਤੇ ਹੋਰ ਚਾਰਜਿਜ ਵਸੂਲਣ ਲਈ, "ਜਿਵੇਂ ਹੈ ਜਿੱਥੇ ਹੈ", "ਜੋ ਹੈ ਜਿਵੇਂ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 29 ਮਈ 2025 ਨੂੰ ਵਿਕਰੀ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 4,31,50,250/- (ਚਾਰ ਕਰੋੜ ਇਕੱਤੀ ਲੱਖ ਪੰਜਾਹ ਹਜ਼ਾਰ ਦੋ ਸੌ ਪੰਜਾਹ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 43,15,025/- (ਤਰਤਾਲੀ ਲੱਖ ਪੰਦਰਾਂ ਹਜ਼ਾਰ ਪੱਚੀ ਰੁਪਏ ਕੇਵਲ) ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਡੀ ਡੀ/ਪੀ ਓ ਰਾਹੀਂ ਲੁਧਿਆਣਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | ਰੁਪਏ 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 28 ਮਈ 2025 ਨੂੰ ਸ਼ਾਮ ਦੇ 5.00 ਵਜੇ ਤੱਕ, ਸੰਦੀਪ ਬਵੇਜਾ ਨੂੰ ਸੰਬੋਧਤ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 29 ਮਈ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ :

ਬੈਨਾਮਾ ਦਸਤਾਵੇਜ਼ ਨੰ. 2019-20/106/1/9975 ਮਿਤੀ 22 ਜੁਲਾਈ 2019 ਅਨੁਸਾਰ ਸ੍ਰੀ ਰਾਹੁਲ ਅਰੋੜਾ ਪੁੱਤਰ ਸ੍ਰੀ ਪ੍ਰੇਮ ਨਾਥ ਅਰੋੜਾ ਦੇ ਨਾਂਅ 'ਤੇ ਰਜਿਸਟਰਡ ਵਪਾਰਕ ਜਾਇਦਾਦ। ਸ਼ੋਅਰੂਮ ਨੰ. ਐੱਲ ਜੀ ਐੱਫ 3 ਅਤੇ 4, ਐੱਮ ਸੀ ਨੰ. ਬੀ-19-88/3, ਰਕਬਾ 79.66 ਵਰਗ ਗਜ਼ (3124 ਵਰਗ ਫੁੱਟ) ਵਾਕਿਆ ਕੁਨਾਲ ਟਾਵਰ, ਮਾਲ ਰੋਡ, ਮਾਹਲ ਰੱਖ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਖਾਲੀ ਥਾਂ, ਪੱਛਮ : ਮਾਲ ਰੋਡ, ਉੱਤਰ : ਵੁੱਡਲੈਂਡ ਸ਼ੋਅਰੂਮ, ਦੱਖਣ : ਰੇਮੰਡ ਸ਼ੋਅਰੂਮ

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 8920705598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 09.05.2025
ਸਥਾਨ : ਲੁਧਿਆਣਾ


ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ
(ਅਧਿਕਾਰਤ ਅਫਸਰ)


# ਸਤਰੰਗੀ ਮੈਗਜ਼ੀਨ 13 ਨੂੰ ਰਿਲੀਜ਼

ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬੀ ਸੱਭਿਆਚਾਰ ਸੱਥ ਤੇ ਸਾਹਿਤ ਸੰਸਥਾ ਅੰਮ੍ਰਿਤਸਰ ਦੇ ਪ੍ਰਧਾਨ ਤੇ ਸਤਰੰਗੀ ਦੇ ਮੁੱਖ ਸੰਪਾਦਕ ਜਸਬੀਰ ਸਿੰਘ ਝਬਾਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਦੀ ਸਿਰਮੌਰ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਤ ਮੈਗਜ਼ੀਨ 13 ਮਈ ਨੂੰ ਠੀਕ 11 ਵਜੇ ਨਾਨਕ ਸਿੰਘ ਹਾਲ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਰਿਲੀਜ਼ ਹੋਵੇਗਾ। ਸਾਰੇ ਕਵੀਆਂ, ਲੇਖਕਾਂ ਤੇ ਪੰਜਾਬੀ ਸਾਹਿਤ ਦੇ ਅਦੀਬਾਂ ਨੂੰ ਠੀਕ ਸਮੇਂ ਸਿਰ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

# 'ਸੀ ਐਮ ਦੀ ਯੋਗਸ਼ਾਲਾ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ'

ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਸੀ.ਐਮ ਦੀ ਯੋਗਸ਼ਾਲਾ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਫਲਤਾਪੂਰਵਕ ਚੱਲ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂਸੀ ਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਈ ਰੋਗੀਆਂ ਵਾਸਤੇ ਇਹ ਯੋਗਸ਼ਾਲਾ ਇੱਕ ਵਰਦਾਨ ਦੇ ਰੂਪ ਵਿੱਚ ਸਾਬਤ ਹੋ ਰਹੀ ਹੈ। ਉਹਨਾਂ ਦੱਸਿਆ ਕਿ ਪਿਛਲੇ ਸਾਲ ਪੰਜ ਅਕਤੂਬਰ ਤੋਂ ਇਹ ਯੋਗਸ਼ਾਲਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੀ ਹੈ, ਜਿਸ ਵਿੱਚ ਭਾਗ ਲੈਣ ਵਾਲੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਾਫੀ ਰਾਹਤ ਮਿਲੀ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਵਿੱਚ ਕੁੱਲ 124 ਕਲਾਸਾਂ ਚੱਲ ਰਹੀਆਂ ਹਨ ਜਿਹਨਾਂ ਉੱਪਰ 25 ਟਰੇਨਰ ਕੰਮ ਕਰ ਰਹੇ ਹਨ, ਜੋ ਕਿ ਆਪਣੀ ਡਿਊਟੀ ਨੂੰ ਬੜੀ ਤਨਦੇਹੀ ਅਤੇ ਸ਼ਿੱਦਤ ਨਾਲ ਨਿਭਾ ਰਹੇ ਹਨ। ਲੋਕਾਂ ਵੱਲੋਂ ਵੀ ਸੀ.ਐਮ ਦੀ ਯੋਗਸ਼ਾਲਾ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕਾਂ ਵੱਲੋਂ ਪੰਜਾਬ ਸਰਕਾਰ ਦਾ ਸ਼ੁਕਰਾਨਾ ਕੀਤਾ ਜਾ ਰਿਹਾ ਹੈ।



ਉਹਨਾਂ ਦੱਸਿਆ ਕਿ ਜੇਕਰ ਤੁਸੀਂ ਵੀ ਆਪਣੇ ਮੁਹੱਲੇ ਵਿੱਚ ਸੀ.ਐਮ ਦੀ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹੋ ਤਾਂ 76694-00500 ਨੰਬਰ ਉੱਪਰ ਇੱਕ ਮਿਸ ਕਾਲ ਕਰੋ ਤੁਹਾਡੇ ਕੋਲ ਟੀਚਰ ਸਰਕਾਰ ਵੱਲੋਂ ਭੇਜਿਆ ਜਾਵੇਗਾ।

# ਸੱਚਰ ਨੇ ਮੱਤੇਵਾਲ ਤੋਂ ਕਈ ਪਰਵਾਰਾਂ ਨੂੰ ਕੀਤਾ ਕਾਂਗਰਸ 'ਚ ਸ਼ਾਮਲ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਮਜੀਠਾ ਦੇ ਵੱਡੇ ਸਿਆਸੀ ਪਿੰਡ ਮੱਤੇਵਾਲ ਵਿੱਚ ਕਾਂਗਰਸ ਪਾਰਟੀ ਨੂੰ ਉਸ ਵਕਤ ਵੱਡਾ ਬਲ ਮਿਲਿਆ ਜਦ ਪਿੰਡ ਦੇ ਨਾਮਵਰ ਪਰਵਾਰਾਂ ਤੇ ਨੌਜਵਾਨਾਂ ਨੇ ਹਲਕਾ ਇੰਚਾਰਜ ਮਜੀਠਾ ਭਗਵੰਤ ਪਾਲ ਸਿੰਘ ਸੱਚਰ ਦੀ ਅਗਵਾਈ ਵਿੱਚ ਪਾਰਟੀ ਦੇ



ਸੀਨੀਅਰ ਆਗੂ ਅਸ਼ੋਕ ਕੁਮਾਰ ਮੱਤੇਵਾਲ ਦੇ ਗ੍ਰਹਿ ਵਿਖੇ ਦੂਜੀਆਂ ਰਾਜਸੀ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਨਾਲ ਆਪਣੀ ਸਹਿਮਤੀ ਜਤਾਈ।

ਇਸ ਬਾਰੇ ਸੱਚਰ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੱਤੇਵਾਲ ਪਿੰਡ ਦੇ ਨੌਜਵਾਨਾਂ ਦੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਸਿਰਫ ਮੱਤੇਵਾਲ ਹੀ ਨਹੀਂ ਬਲਕਿ ਹੋਰਨਾਂ ਪਿੰਡਾਂ 'ਤੇ ਵੀ ਇਸ ਦਾ ਅਸਰ ਪਵੇਗਾ। ਸੱਚਰ ਨੇ ਕਿਹਾ ਕਿ ਹੁਣ ਲੋਕ ਜਾਣ ਚੁੱਕੇ ਹਨ ਕਿ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਹਰ ਫਰੰਟ 'ਤੇ ਬੁਰੀ ਤਰਾਂ ਫੇਲ੍ਹ ਸਾਬਤ ਹੋਈ ਹੈ। ਜੇ ਗੱਲ ਕਰੀਏ ਅਕਾਲੀ ਦਲ ਦੀ ਤਾਂ ਬੀਤੇ ਦਿਨਾਂ ਤੋਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਥੇਦਾਰ ਸਹਿਬਾਨ ਨਾਲ ਕੀਤਾ ਹੈ ਇਸ ਨਾਲ ਬਹੁਤ ਸਾਰੇ ਪੰਥਕ ਪਰਵਾਰਾਂ ਨੂੰ ਭਾਰੀ ਠੇਸ ਪਹੁੰਚੀ ਹੈ।

ਇਸ ਮੌਕੇ ਅਸ਼ੋਕ ਕੁਮਾਰ ਮੱਤੇਵਾਲ, ਹਰਮਨ ਟਾਹਲੀ ਸਾਹਿਬ, ਝਿਲਮਿਲ ਸਿੰਘ ਸਾਧਪੁਰ, ਪਰਮਜੀਤ ਸਿੰਘ ਭੋਏਵਾਲ, ਗੁਰਪ੍ਰੀਤ ਸਿੰਘ ਬੱਲੋਵਾਲੀ, ਪ੍ਰਭਦੀਪ ਸਿੰਘ ਮੱਤੇਵਾਲ, ਲਵਪ੍ਰੀਤ ਸਿੰਘ, ਜਸਕਰਨ ਸਿੰਘ, ਅਜੈਪਾਲ ਸਿੰਘ, ਗੁਰਵਿੰਦਰ ਸਿੰਘ, ਗੌਤਮ ਸਿੰਘ, ਤਰਸੇਮ ਸਿੰਘ, ਰੌਬਿਨ ਸਿੰਘ, ਅਦਰਸ਼ ਸਿੰਘ, ਫੌਜੀ ਵਰਪਾਲ, ਲਵਪ੍ਰੀਤ ਸਿੰਘ ਮੱਤੇਵਾਲ, ਬਲਰਾਜ ਸਿੰਘ ਮੱਤੇਵਾਲ ਤੇ ਸਤਨਾਮ ਸਿੰਘ ਚੰਨਣਕੇ ਵੀ ਮੌਜੂਦ ਸਨ।


SBI | RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

**ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀਆਂ ਜਾਣਗੀਆਂ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਅਤੇ ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਗਿਰਵੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਮੋਹਿੰਦਰ ਸਿੰਘ ਵਾਸੀ ਮਕਾਨ ਨੰ. 8969, ਗਲੀ ਨੰ. 10/6, ਨਿਊ ਸੁਭਾਸ਼ ਨਗਰ, ਬਸਤੀ ਜੋਧੇਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-141007 | ਮਕਾਨ ਪਲਾਟ ਰਕਬਾ 66.66 ਵਰਗ ਗਜ਼, ਖਸਰਾ ਨੰ. 435, ਖੱਤਾ ਨੰ. 1541/1677, ਜਮ੍ਹਾਂਬੰਦੀ ਸਾਲ 2007-08, ਪਿੰਡ ਤਰਫ ਸੈਦਾਂ, ਹੱਦਬਸਤ ਨੰ. 172, ਅਬਾਦੀ ਨਿਊ ਸੁਭਾਸ਼ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ :- ਪੂਰਬ : ਡਾ. ਹਰਵਿੰਦਰ ਸਿੰਘ 17'-03", ਪੱਛਮ : ਸੜਕ 17'-0", ਉੱਤਰ : ਸੜਕ 35'-03", ਦੱਖਣ : ਅਨੀਤਾ ਜੈਨ 35'-03" ਬੈਨਾਮਾ ਵਸੀਕਾ ਨੰ. 3895 ਮਿਤੀ 05-06-2015 ਅਨੁਸਾਰ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਮੋਹਿੰਦਰ ਸਿੰਘ ਦੇ ਨਾਂਅ 'ਤੇ ਅਤੇ ਤਤੀਮਾ ਰਾਹੀਂ ਵਸੀਕਾ ਨੰ. 6598 ਮਿਤੀ 29-06-2016 | 16.07.2024 | 07.05.2025 | ਸੰਕੇਤਕ ਕਬਜ਼ਾ / 10.07.2024 ਨੂੰ ਰੁ. 9,83,156.00/- (ਨੌਂ ਲੱਖ ਤਰਿਆਸੀ ਹਜ਼ਾਰ ਇਕ ਸੌ ਛਪੰਜਾ ਰੁਪਏ ਕੇਵਲ) ਸਮੇਤ 11.07.2024 ਤੋਂ ਇਸ ਉੱਪਰ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਹੋਰ ਖਰਚੇ। |

ਮਿਤੀ : 08.05.2025 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ

9 May Page-12.qxd 5/9/2025 1:04 AM Page 1



# ਅਪਰੇਸ਼ਨ ਸਿੰਧੂਰ ਦੀ ਸਫਲਤਾ ਲਈ ਭਾਰਤੀ ਫੌਜ ਨੂੰ ਸਲਾਮ : ਰਾਣਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੰਜਾਬ ਡਿਫੈਂਸ ਵੈਟਰਨਜ਼ ਆਰਗੇਨਾਈਜੇਸ਼ਨ ਦੇ ਉੱਪ ਪ੍ਰਧਾਨ ਵੈਟਰਨ ਜਤਿੰਦਰ ਸਿੰਘ ਰਾਣਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦਸਿਆ ਕਿ ਪਹਿਲਗਾਮ ਹਮਲੇ ਦੀ ਜਵਾਬੀ ਕਾਰਵਾਈ ਕਰਦਿਆਂ ਭਾਰਤ ਨੇ 7 ਮਈ ਨੂੰ 'ਓਪਰੇਸ਼ਨ ਸਿੰਦੂਰ' ਦੇ ਤਹਿਤ ਪਾਕਿਸਤਾਨ ਅਤੇ ਪਾਕਿਸਤਾਨ ਅਧੀਨ ਕਸ਼ਮੀਰ ਵਿੱਚ 9 ਆਤੰਕੀ ਠਿਕਾਣਿਆਂ ਨੂੰ ਤਬਾਹ ਕਰਕੇ ਪਾਕਿਸਤਾਨ ਅਤੇ ਆਤੰਕੀਆਂ ਨੂੰ ਸਬਕ ਸਿਖਾਇਆ। ਇਸ ਕਾਰਵਾਈ ਰਾਹੀਂ ਲਸ਼ਕਰ-ਏ-ਤੈਬਾ, ਜੈਸ਼-ਏ-ਮੁਹੰਮਦ ਅਤੇ ਹਿਜਬੁਲ ਮੁਜਾਹਿਦੀਨ ਵਰਗੀਆਂ ਆਤੰਕਵਾਦੀਆਂ ਦੇ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਜੋ ਭਾਰਤ ਵਿੱਚ ਹੋਏ ਆਤੰਕੀ ਹਮਲਿਆਂ ਨਾਲ ਜੁੜੇ ਹੋਏ ਸਨ। ਉਨ੍ਹਾਂ ਕਿਹਾ ਕਿ ਭਾਰਤੀ ਰੱਖਿਆ ਅਧਿਕਾਰੀਆਂ ਦੇ ਕਹਿਣ ਅਨੁਸਾਰ, ਇਹ ਹਮਲੇ ਬਿਨਾਂ ਕਿਸੇ ਆਮ ਪਕਿਸਤਾਨੀ ਨਾਗਰਿਕ ਨੂੰ ਨੁਕਸਾਨ ਪਹੁੰਚਾਏ ਕੀਤੇ ਗਏ। ਇਸ ਕਾਰਵਾਈ ਨੂੰ ਭਾਰਤੀ ਸੈਨਾ, ਵਾਯੂ ਸੈਨਾ ਅਤੇ ਨੌਸੈਨਾ (ਤਿੰਨਾ ਸੈਨਾਵਾਂ) ਵਲੋਂ ਮਿਲ ਕੇ ਅੰਜਾਮ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਰਕੇ ਭਾਰਤੀ ਫੌਜਾਂ ਦੇ ਜਵਾਨਾਂ ਨੇ ਪਹਿਲਗਾਮ ਵਿੱਚ ਸ਼ਹੀਦ ਹੋਏ ਸੈਲਾਨੀਆਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ। ਜਿਸ ਨਾਲ ਹਰ ਭਾਰਤੀ ਨਾਗਰਿਕ ਦਾ ਮਨੋਬਲ ਵਧਿਆ ਹੈ।ਇਸ ਦੇ ਜਵਾਬ ਵਿੱਚ, ਪਾਕਿਸਤਾਨ ਨੇ ਭਾਰਤੀ ਹਮਲਿਆਂ ਨੂੰ ਆਪਣੀ ਸੰਪ੍ਰਭੂਤਾ ਉੱਤੇ ਹਮਲਾ ਦੱਸਦੇ ਹੋਏ, ਜਵਾਬੀ ਕਾਰਵਾਈ ਦੀ ਚੇਤਾਵਨੀ ਦਿੱਤੀ। ਪਕਿਸਤਾਨ ਮੀਡੀਏ ਦੇ ਗੁਮਰਾਹਕੁਨ ਕੂੜ ਪ੍ਰਚਾਰ ਰਾਹੀਂ ਦੋਸ਼ ਲਾ ਰਿਹਾ ਹੈ ਕਿ ਭਾਰਤ ਦੇ ਹਮਲਿਆਂ ਦੌਰਾਨ ਪਾਕਿਸਤਾਨ ਵਿੱਚ ਆਮ ਨਾਗਰਿਕਾਂ ਦਾ ਭਾਰਤ ਵਲੋਂ ਜਾਣਬੁੱਝ ਕੇ ਜਾਨੀ ਨੁਕਸਾਨ ਕੀਤਾ ਗਿਆ ਹੈ। ਜਦੋਂ ਕਿ ਸੱਚ ਇਹ ਹੈ ਕਿ ਭਾਰਤ ਨੇ ਆਤੰਕਵਾਦੀਆਂ ਦੇ ਖਿਲਾਫ਼ ਇੱਕ ਨਿਰਧਾਰਤ ਅਤੇ ਯੋਜਨਾਬੰਧ ਤਰੀਕੇ ਨਾਲ ਹਮਲਾ ਕਰਕੇ ਪਾਕਿਸਾਤਨ ਅਤੇ ਉੱਥੇ ਰਹਿ ਰਹੇ ਆਤੰਕਵਾਦੀਆਂ ਨੂੰ ਸਬਕ ਸਿਖਾਇਆ ਗਿਆ ਹੈ।

# ਵਿਦਿਆਰਥੀਆਂ ਨੇ ਬ੍ਰਹਿਮੰਡ 'ਤੇ ਪ੍ਰੇਰਨਾਦਾਇਕ ਲੈਕਚਰ 'ਚ ਲਿਆ ਹਿੱਸਾ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਪ੍ਰਿੰਸੀਪਲ ਡਾ. ਬਸੁੰਧਰਾ ਦੀ ਅਗਵਾਈ ਹੇਠ, ਗਲੋਬਲ ਵਿਜਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਦੇ ਵਿਦਿਆਰਥੀਆਂ ਨੂੰ "ਲਹਿਰਾਂ ਤੋਂ ਗਲੈਕਸੀਆਂ ਤੱਕ: ਸਾਡੇ ਬ੍ਰਹਿਮੰਡ ਦੀ ਕਹਾਣੀ ਦਾ ਪਰਦਾਫਾਸ਼ ਕਰਨ ਲਈ ਸੁਪਰ ਕੰਪਿਊਟਰਾਂ ਦੀ ਵਰਤੋਂ" ਸਿਰਲੇਖ ਵਾਲੇ ਇੱਕ ਗਿਆਨਵਾਨ ਵਿਗਿਆਨਕ ਲੈਕਚਰ ਵਿੱਚ ਸ਼ਾਮਲ ਹੋਣ ਦਾ ਵਿਲੱਖਣ ਮੌਕਾ ਮਿਲਿਆ। ਇਹ ਸਮਾਗਮ, ਸੋਸਾਇਟੀ ਫਾਰ ਪ੍ਰਮੋਸ਼ਨ ਆਫ ਸਾਇੰਸ ਐਂਡ ਟੈਕਨਾਲੋਜੀ ਇਨ ਇੰਡੀਆ (ਐਸਪੀਐਸਟੀਆਈ) ਦੁਆਰਾ ਟੈਗੋਰ ਥੀਏਟਰ, ਸੈਕਟਰ 18, ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਦਾ ਸੰਚਾਲਨ ਪ੍ਰੋ. ਆਰਿਫ ਬਾਬੁਲ, ਇੱਕ ਵਿਸ਼ਵ ਪੱਧਰ 'ਤੇ ਪ੍ਰਸਿੱਧ ਖਗੋਲ-ਭੌਤਿਕ ਵਿਗਿਆਨੀ ਅਤੇ ਕੈਨੇਡਾ ਦੀ ਵਿਕਟੋਰੀਆ ਯੂਨੀਵਰਸਿਟੀ ਦੇ ਪ੍ਰਤਿਸ਼ਠਾਵਾਨ ਪ੍ਰੋਫੈਸਰ ਦੁਆਰਾ ਕੀਤਾ ਗਿਆ। ਪ੍ਰਿੰਸਟਨ ਤੋਂ ਪੀਐਚਡੀ ਅਤੇ ਅਮਰੀਕਨ ਫਿਜੀਕਲ ਸੋਸਾਇਟੀ ਦੇ ਫੈਲੋ, ਪ੍ਰੋ. ਬਾਬੁਲ, ਨੇ ਬ੍ਰਹਿਮੰਡੀ ਬਣਤਰਾਂ ਅਤੇ ਗਲੈਕਸੀਆਂ ਦੇ ਗਠਨ ਬਾਰੇ ਆਪਣੀ ਡੂੰਘੀ ਸੂਝ ਨਾਲ ਦਰਸਕਾਂ ਨੂੰ ਮੋਹਿਤ ਕੀਤਾ। ਇਸ ਲੈਕਚਰ ਵਿੱਚ ਹਬਲ ਅਤੇ ਜੇਮਜ ਵੈੱਬ ਸਪੇਸ ਟੈਲੀਸਕੋਪ ਵਰਗੇ ਉੱਨਤ ਟੈਲੀਸਕੋਪਾਂ ਤੋਂ ਪ੍ਰਾਪਤ ਡੇਟਾ ਅਤੇ ਆਧੁਨਿਕ ਸੁਪਰ ਕੰਪਿਊਟਰਾਂ ਦੀਆਂ ਸਮਰੱਥਾਵਾਂ ਦੀ ਵਰਤੋਂ ਕਰਦੇ ਹੋਏ, ਅਰਬਾਂ ਸਾਲਾਂ ਵਿੱਚ ਬ੍ਰਹਿਮੰਡ ਕਿਵੇਂ ਵਿਕਸਤ ਹੋਇਆ, ਇਸ ਬਾਰੇ ਖੋਜ ਕੀਤੀ ਗਈ। ਦ੍ਰਿਸਟੀਗਤ ਤੌਰ 'ਤੇ ਸਾਨਦਾਰ ਕੰਪਿਊਟਰ-ਤਿਆਰ ਚਿੱਤਰਾਂ ਅਤੇ ਐਨੀਮੇਸ਼ਨ ਰਾਹੀਂ, ਹਾਜਰੀਨ ਨੂੰ ਬ੍ਰਹਿਮੰਡ ਦੀਆਂ ਸਭ ਤੋਂ ਪੁਰਾਣੀਆਂ ਲਹਿਰਾਂ ਤੋਂ ਲੈ ਕੇ ਅੱਜ ਦੀਆਂ ਸ਼ਾਨਦਾਰ ਗਲੈਕਸੀਆਂ ਤੱਕ ਇੱਕ ਬ੍ਰਹਿਮੰਡੀ ਯਾਤਰਾ 'ਤੇ ਲਿਜਾਇਆ ਗਿਆ। ਇੰਟਰਐਕਟਿਵ ਸੈਸ਼ਨ ਨੇ ਵਿਦਿਆਰਥੀਆਂ ਅਤੇ ਸਿੱਖਿਅਕਾਂ ਨੂੰ ਪ੍ਰੇਰਿਤ ਕੀਤਾ ਅਤੇ ਖਗੋਲ ਭੌਤਿਕ ਵਿਗਿਆਨ ਅਤੇ ਵਿਗਿਆਨਕ ਖੋਜ ਦੀਆਂ ਅਸੀਮ ਸੰਭਾਵਨਾਵਾਂ ਬਾਰੇ ਉਤਸੁਕਤਾ ਜਗਾਈ। ਇਹ ਪ੍ਰੋਗਰਾਮ ਪੁਲਾੜ ਖੋਜ ਦੇ ਭਵਿੱਖ ਅਤੇ ਵਿਗਿਆਨਕ ਤਰੱਕੀ ਨੂੰ ਆਕਾਰ ਦੇਣ ਵਿੱਚ ਨੌਜਵਾਨ ਮਨਾਂ ਦੀ ਭੂਮਿਕਾ 'ਤੇ ਇੱਕ ਵਿਚਾਰ-ਉਕਸਾਊ ਚਰਚਾ ਨਾਲ ਸਮਾਪਤ ਹੋਇਆ। ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਚਹਿਲ ਅਤੇ ਪ੍ਰਿੰਸੀਪਲ ਡਾ. ਬਸੁੰਧਰਾ ਨੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ 'ਤੇ ਮਾਣ ਪ੍ਰਗਟ ਕੀਤਾ ਅਤੇ ਵਿਗਿਆਨਕ ਸੁਭਾਅ ਅਤੇ ਵਿਸ਼ਵਵਿਆਪੀ ਸੋਚ ਨੂੰ ਉਤਸ਼ਾਹਿਤ ਕਰਨ ਵਿੱਚ ਅਜਿਹੇ ਸਮਾਗਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਸਮਾਗਮ ਨੂੰ ਸੱਭਿਆਚਾਰਕ ਮਾਮਲੇ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਅਤੇ ਹਰਿਆਣਾ ਰਾਜ ਵਿਗਿਆਨ, ਨਵੀਨਤਾ ਅਤੇ ਤਕਨਾਲੋਜੀ ਪ੍ਰੀਸ਼ਦ ਦੁਆਰਾ ਸਮਰਥਨ ਦਿੱਤਾ ਗਿਆ ਸੀ।

# ਇਟਲੀ 'ਚ ਪੰਜਾਬ ਦੀ ਧੀ ਨੇ ਆਪਣੇ ਮਾਪਿਆਂ ਦਾ ਨਾਂਅ ਚਮਕਾਇਆ



**ਬੁਤਾਲਾ (ਨਿਰਮਲ ਸਿੰਘ ਸੰਘਾ)**- ਪੰਜਾਬ ਦੀ ਧੀ ਮਨਿੰਦਰ ਕੌਰ ਵਾਸੀ ਸਠਿਆਲਾ ਇਟਲੀਅਨ ਭਾਸ਼ਾ ਸਿੱਖ ਕੇ ਬੱਸ ਡਰਾਈਵਰ ਦਾ ਲਾਇਸੰਸ ਲੈਣ ਵਿਚ ਕਾਮਯਾਬ ਹੋਈ ਹੈ। ਇਸ ਬਾਰੇ ਮਨਿੰਦਰ ਕੌਰ ਸਠਿਆਲਾ ਨੇ ਫੋਨ 'ਤੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਉਨ੍ਹਾਂ ਦੇ ਪਿਤਾ ਸਾ: ਸਰਪੰਚ ਜਸਬੀਰ ਸਿੰਘ ਤੇ ਮਾਤਾ ਹਰਜੀਤ ਕੌਰ ਦੀ ਪ੍ਰੇਰਨਾ ਸਦਕਾ ਉਹ ਇਟਲੀ ਵਿਚ ਪਹੁੰਚਣ 'ਚ ਕਾਮਯਾਬ ਰਹੀ। ਉਸ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮੇਰੇ ਮਾਤਾ ਪਿਤਾ ਤੇ ਇਟਲੀ 'ਚ ਰਹਿੰਦੇ ਗੁਰਤੇਜ ਸਿੰਘ ਵਾਸੀ ਸੈਦੋਕੇ ਜ਼ਿਲ੍ਹਾ ਮੋਗਾ, ਜਿਸ ਨਾਲ ਉਸ ਦੀ ਸ਼ਾਦੀ ਹੋਈ ਹੈ, ਉਨ੍ਹਾਂ ਦੇ ਸਹਿਯੋਗ ਨਾਲ ਇਟਲੀ ਵਿਚ ਆਪਣੀ ਪੜ੍ਹਾਈ ਜਾਰੀ ਰੱਖੀ। ਮੈਨੂੰ ਬੱਸ ਡਰਾਈਵਰ ਬਣਨ ਦਾ ਸ਼ੌਕ ਸੀ। ਮੈਂ ਇਟਲੀਅਨ ਭਾਸ਼ਾ ਸਿੱਖ ਕੇ ਬੱਸ ਡਰਾਈਵਰ ਦਾ ਲਾਇਸੰਸ ਹਾਸਲ ਕਰ ਲਿਆ ਹੈ ਤੇ ਆਪਣੇ ਪਰਵਾਰ ਨਾਲ ਇਟਲੀ 'ਚ ਖੁਸ਼ ਹਾਂ। ਇਸ ਮੌਕੇ ਸਾਬਕਾ ਸਰਪੰਚ ਪਿਤਾ ਜਸਬੀਰ ਸਿੰਘ ਤੇ ਮਾਤਾ ਹਰਜੀਤ ਕੌਰ ਨੇ ਆਪਣੀ ਖੁਸ਼ੀ ਨੂੰ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬੇਟੀ ਮਨਿੰਦਰ ਕੌਰ ਨੇ ਇਟਲੀ ਦੀ ਧਰਤੀ 'ਤੇ ਆਪਣੇ ਮਾਤਾ ਪਿਤਾ ਤੇ ਪਤੀ ਦਾ ਨਾਂ ਚਮਕਾਇਆ।

# ਸੈਂਟ ਮੇਰੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਭੋਗਪੁਰ (ਪੱਤਰ ਪ੍ਰੇਰਕ)** ਆਈ ਸੀ ਐੱਸ ਈ ਬੋਰਡ ਵਲੋਂ 10ਵੀਂ ਦੇ ਨਤੀਜੇ ਘੋਸ਼ਿਤ ਕੀਤੇ ਗਏ, ਜਿਸ ਵਿਚ ਸੇਂਟ ਮੇਰੀ ਕੌਨਵੈਂਟ ਸਕੂਲ ਸਦਾ ਚੱਕ ਭੋਗਪੁਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਨ੍ਹਾਂ ਵਿਚ ਪਹਿਲਾ ਸਥਾਨ ਵੀਰਪ੍ਰਤਾਪ ਸਿੰਘ 95.6% ਦੂਸਰਾ ਸਥਾਨ ਪ੍ਰਣਵ ਅਰੋੜਾ 93.8%, ਤੀਸਰਾ ਸਥਾਨ ਅਰਸ਼ਦੀਪ ਕੌਰ 92.8%, ਚੌਥਾ ਸਥਾਨ ਹਰਮਿੰਦਰ ਸਿੰਘ ਸੈਣੀ 91.8% ,ਪੰਜਵਾਂ ਸਥਾਨ ਮਨਵੀਰ ਸਿੰਘ 91.6% , ਛੇਵਾਂ ਸਥਾਨ ਅਮਿਤੋਜ ਸਿੰਘ 90.4% ਅੰਕ ਪ੍ਰਾਪਤ ਕੀਤੇ ਅਤੇ ਬਾਕੀ ਵਿਦਿਆਰਥੀਆਂ ਨੇ ਵੀ ਚੰਗਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਿਸਟਰ ਟਿੰਸੀ , ਵਾਈਸ ਪ੍ਰਿੰਸੀਪਲ ਸਿਸਟਰ ਵਿਕਟੋਰੀਆ ਨੇ ਸਮੂਹ ਸਟਾਫ , ਵਿਦਿਆਰਥੀਆਂ ਅਤੇ ਮਾਪਿਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਵਿਦਿਆਰਥੀਆਂ ਦੇ ਬਿਹਤਰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਉੱਦਮਤਾ ਤੇ ਸਟਾਰਟਅਪ ਬਾਰੇ ਜਾਗਰੂਕਤਾ ਪ੍ਰੋਗਰਾਮ



**ਚੰਡੀਗੜ੍ਹ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ ਐਗਰੀਕਲਚਰ ਸਾਇੰਸਿਜ ਵੱਲੋਂ "ਉੱਦਮਤਾ ਅਤੇ ਸਟਾਰਟਅੱਪ" ਵਿਸ਼ੇ 'ਤੇ ਇੱਕ ਵਰਕਸ਼ਾਪ-ਕਮ-ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੇ ਲਾਭ ਲਈ ਸੀ ਜਿਸਦਾ ਉਦੇਸ਼ ਨਵੀਨਤਾ ਅਤੇ ਉੱਦਮੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ। ਯੂਨੀਵਰਸਿਟੀ ਸਕੂਲ ਆਫ ਐਗਰੀਕਲਚਰ ਸਾਇੰਸਿਜ ਦੀ ਮੁਖੀ ਡਾ. ਅਮਿਤਾ ਮਹਾਜਨ ਨੇ ਮੁੱਖ ਭਾਸ਼ਣ ਦੇਣ ਲਈ ਪਤਵੰਤਿਆਂ ਅਤੇ ਸਰੋਤ ਵਿਅਕਤੀਆਂ ਦਾ ਸਵਾਗਤ ਕੀਤਾ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਪ੍ਰੋ-ਵਾਈਸ-ਚਾਂਸਲਰ ਡਾ. ਚੰਦਰ ਪ੍ਰਕਾਸ਼ ਨੂੰ ਉਦਘਾਟਨੀ ਭਾਸ਼ਣ ਦੇਣ ਲਈ ਸੱਦਾ ਦਿੱਤਾ। ਪ੍ਰੋ-ਵਾਈਸ ਚਾਂਸਲਰ ਨੇ ਵਰਕਸ਼ਾਪ ਦੀ ਮਹੱਤਤਾ ਬਾਰੇ ਗੱਲ ਕੀਤੀ ਜੋ ਕਿ ਵਿਦਿਆਰਥੀਆਂ ਵਿੱਚ ਉੱਦਮੀ ਹੁਨਰਾਂ ਨੂੰ ਵਿਕਸਤ ਕਰਨ ਲਈ ਸਮੇਂ ਦੀ ਲੋੜ ਹੈ, ਖਾਸ ਕਰਕੇ ਖੇਤੀਬਾੜੀ-ਉੱਦਮਤਾ, ਜੋ ਕਿ ਪੇਂਡੂ ਖੇਤਰ ਵਿੱਚ ਰੁਜਗਾਰ ਦੇ ਮੌਕੇ ਵਧਾ ਕੇ, ਪੇਂਡੂ ਤੋਂ ਸ਼ਹਿਰੀ ਪ੍ਰਵਾਸ ਨੂੰ ਰੋਕ ਕੇ ਅਤੇ ਖੇਤੀਬਾੜੀ-ਅਧਾਰਤ ਉਦਯੋਗਾਂ ਦੇ ਵਿਕਾਸ ਵਿੱਚ ਮਦਦ ਕਰਕੇ ਆਰਥਿਕਤਾ ਲਈ ਮਦਦਗਾਰ ਹੋ ਸਕਦੀ ਹੈ। ਡਾ. ਜਸਗੁਰਪ੍ਰੀਤ ਸਿੰਘ, ਡਾਇਰੈਕਟਰ, ਐਂਟਰਪ੍ਰਨਿਓਰਸ਼ਿਪ ਨੇ ਖੇਤੀਬਾੜੀ ਗ੍ਰੈਜੂਏਟਾਂ ਲਈ ਖੇਤੀਬਾੜੀ ਖੇਤਰ ਵਿੱਚ ਉਪਲਬਧ ਵੱਖ-ਵੱਖ ਮੌਕਿਆਂ ਦੇ ਸੰਬੰਧ ਵਿੱਚ ਆਪਣਾ ਉੱਦਮੀ, ਖਾਸ ਕਰਕੇ ਖੇਤੀਬਾੜੀ-ਉਦਮੀ ਸ਼ੁਰੂ ਕਰਨ ਲਈ ਜਰੂਰੀ ਉੱਦਮਤਾ ਹੁਨਰਾਂ ਅਤੇ ਸਟਾਰਟਅੱਪ ਬਾਰੇ ਗੱਲ ਕੀਤੀ। ਇਹ ਸੈਸਨ ਸਵਾਲ-ਜਵਾਬ ਸੈਸਨ ਨਾਲ ਸਮਾਪਤ ਹੋਇਆ, ਜਿੱਥੇ ਪ੍ਰੋ-ਵਾਈਸ-ਚਾਂਸਲਰ ਡਾ. ਚੰਦਰ ਪ੍ਰਕਾਸ਼ ਨੇ ਵਿਦਿਆਰਥੀਆਂ ਦੇ ਸਵਾਲਾਂ ਨੂੰ ਸੰਬੋਧਿਤ ਕੀਤਾ ਅਤੇ ਆਪਣੇ ਵਿਸ਼ਾਲ ਅਕਾਦਮਿਕ ਅਤੇ ਪੇਸ਼ੇਵਰ ਅਨੁਭਵ ਤੋਂ ਪ੍ਰਾਪਤ ਪ੍ਰੇਰਨਾਦਾਇਕ ਸੂਝਾਂ ਸਾਂਝੀਆਂ ਕੀਤੀਆਂ।

# ਭਾਰਤੀ ਸੈਨਾ ਨੇ ਕੇਂਦਰ ਸਰਕਾਰ ਦੇ ਹੁਕਮਾਂ ਤਹਿਤ ਜਵਾਬੀ ਕਾਰਵਾਈ ਕੀਤੀ : ਪਾਸਲਾ

**ਜਲੰਧਰ (ਰਾਜੇਸ਼ ਥਾਪਾ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਨਿਮਨ ਲਿਖਤ ਬਿਆਨ ਜਾਰੀ ਕੀਤਾ ਹੈ। ਲੰਘੀ 22 ਅਪ੍ਰੈਲ ਨੂੰ ਪਹਿਲਗਾਮ ਵਿਖੇ ਵਾਪਰੀ ਦੁਖਦਾਈ ਘਟਨਾ, ਜਿਸ 'ਚ ਆਤੰਕਵਾਦੀਆਂ ਨੇ ਦੇਸ਼ ਦੇ ਵੱਖੋ-ਵੱਖ ਪ੍ਰਾਂਤਾਂ 'ਚੋਂ ਆਏ 26 ਬੇਗੁਨਾਹ ਸੈਲਾਨੀਆਂ ਅਤੇ ਸੈਲਾਨੀਆਂ ਦੀ ਰਾਖੀ ਲਈ ਨਿੱਤਰੇ ਇਕ ਕਸ਼ਮੀਰੀ ਜਾਂਬਾਜ਼ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ, ਦੇ ਜਵਾਬ 'ਚ ਭਾਰਤੀ ਸੈਨਾ ਨੇ ਦੇਸ਼ ਦੀ ਕੇਂਦਰੀ ਸਰਕਾਰ ਦੇ ਹੁਕਮਾਂ ਤਹਿਤ ਜਵਾਬੀ ਕਾਰਵਾਈ ਕੀਤੀ ਹੈ। ਇਸ ਬਾਰੇ ਜਾਰੀ ਸਰਕਾਰੀ ਬਿਆਨ ਰਾਹੀਂ ਦੱਸਿਆ ਗਿਆ ਹੈ ਕਿ ਭਾਰਤੀ ਫੌਜਾਂ ਨੇ ਸਾਂਝੀ ਕਾਰਵਾਈ ਕਰਦਿਆਂ 'ਸੁਨਿਸ਼ਚਿਤ ਤੇ ਸੀਮਤ ਨਿਸ਼ਾਨਿਆਂ' ਤੇ ਹਮਲੇ ਕਰਕੇ ਪਾਕਿਸਤਾਨ ਵਿਚਲੇ ਅੱਤਵਾਦੀਆਂ ਦੇ 9 ਟਿਕਾਣੇ ਤਬਾਹ ਕਰ ਦਿੱਤੇ ਹਨ। ਇਨ੍ਹਾਂ ਹਮਲਿਆਂ 'ਚ 80 ਅੱਤਵਾਦੀ ਮਾਰੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਇਸ ਅਪ੍ਰੇਸ਼ਨ ਦੌਰਾਨ ਪਾਕਿਸਤਾਨ ਦੇ ਕਿਸੇ ਵੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ।" ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪਾਕਿ 'ਚ ਚਲ ਰਹੇ ਦਹਿਸ਼ਤਗਰਦਾਂ ਦੇ ਕੈਂਪ ਪਾਕਿਸਤਾਨ ਦੀ ਆਈ.ਐਸ.ਆਈ. ਤੇ ਅਮਰੀਕਾ ਦੀ ਖੁਫ਼ੀਆ ਏਜੰਸੀ ਸੀ.ਆਈ.ਏ. ਦੀ ਪੂਰਨ ਸਹਾਇਤਾ ਨਾਲ ਚੱਲ ਰਹੇ ਹਨ।ਕੇਂਦਰੀ ਕਮੇਟੀ ਦੀ ਰਾਇ ਹੈ ਕਿ ਇਸ ਕਾਰਵਾਈ ਨਾਲ ਉਨ੍ਹਾਂ ਭਾਰਤੀ ਪਰਵਾਰਾਂ ਨੂੰ ਕੁਝ ਮਾਨਸਿਕ ਰਾਹਤ ਜ਼ਰੂਰ ਮਿਲੀ ਹੋਵੇਗੀ, ਜਿਨ੍ਹਾਂ ਨੇ ਆਪਣਿਆਂ ਨੂੰ ਦਹਿਸ਼ਤਗਰਦਾਂ ਦੀਆਂ ਗੋਲੀਆਂ ਨਾਲ ਮਰਦੇ ਦੇਖਿਆ ਹੈ। ਭਾਰਤ ਦੇ ਆਮ ਲੋਕਾਂ, ਜਿਹੜੇ ਹਰ ਕਿਸਮ ਦੇ ਆਤੰਕਵਾਦ ਤੇ ਫਿਰਕੂ ਨਫ਼ਰਤੀ ਪ੍ਰਚਾਰ ਦੇ ਸਖ਼ਤ ਵਿਰੋਧੀ ਹਨ, ਨੂੰ ਵੀ ਇਸ ਨਾਲ ਕੁੱਝ ਤਸੱਲੀ ਜ਼ਰੂਰ ਮਿਲੀ ਹੋਵੇਗੀ। ਇਸ ਕਾਰਵਾਈ ਨਾਲ ਆਤੰਕਵਾਦੀ ਜਰਵਾਣਿਆਂ ਤੇ ਉਨ੍ਹਾਂ ਦੇ ਪਾਕਿਸਤਾਨ ਵਿਚਲੇ ਆਕਾਵਾਂ ਨੂੰ ਵੀ ਢੁਕਵਾਂ ਸਬਕ ਮਿਲਿਆ ਹੋਵੇਗਾ ਤਾਂ ਜੋ ਉਹ ਭਵਿੱਖ 'ਚ ਪਹਿਲਗਾਮ ਵਰਗੀ ਹੋਰ ਕਿਸੇ ਦਹਿਸ਼ਤਗਰਦੀ ਦੀ ਘਟਨਾ ਨੂੰ ਅੰਜ਼ਾਮ ਦੇਣ ਤੋਂ ਤੌਬਾ ਕਰਨ।

# ਮਨਪ੍ਰੀਤ ਕੌਰ ਨੇ ਸਕੂਲ ਤੇ ਇਲਾਕੇ ਦਾ ਨਾਂਅ ਕੀਤਾ ਉੱਚਾ



**ਬਲਾਚੌਰ (ਜਸਵਿੰਦਰ ਬੈਂਸ)** ਪਿਛਲੇ ਦਿਨੀ ਮਹਾਰਾਸ਼ਟਰ ਦੇ ਕੋਹਲਪੁਰ ਵਿਖੇ ਕਰਵਾਏ ਗਏ ਰਾਸ਼ਟਰੀ ਪੱਧਰ ਦੇ ਖੇਡ ਟੂਰਨਾਮੈਂਟ ਦੌਰਾਨ ਬਲਾਚੌਰ ਪਬਲਿਕ ਸੀ.ਸੈ. ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ 68ਵੀਂ ਨੈਸ਼ਨਲ ਸਕੂਲ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਸਕੂਲ ਦਾ, ਸ਼ਹੀਦ ਭਗਤ ਸਿੰਘ ਨਗਰ ਅਤੇ ਪੰਜਾਬ ਦਾ ਨਾਂਅ ਰੋਸ਼ਨ ਕੀਤਾ। ਸਕੂਲ ਚੇਅਰਮੈਨ ਐਚ ਪੀ ਸਿੰਘ ਨੇ ਦੱਸਿਆ ਕਿ ਮਨਪ੍ਰੀਤ ਕੌਰ ਦੀ ਟੀਮ ਨੇ ਆਪਣੇ ਪਹਿਲੇ ਮੈਚ ਵਿੱਚ ਉਤਰ ਪ੍ਰਦੇਸ਼ ਨੂੰ 14-0 ਨਾਲ ਹਰਾਇਆ ਦੂਜੇ ਮੈਚ ਵਿੱਚ ਝਾਰਖੰਡ ਨੂੰ 1-10 ਨਾਲ ਹਰਾਇਆ ਅਤੇ ਮਨੀਪੁਰ ਨੂੰ 2-0 ਨਾਲ ਹਰਾਇਆ। ਕਵਾਟਰ ਫਾਈਨਲ ਮੈਚ ਗੁਜਰਾਤ ਦੇ ਨਾਲ ਸੀ ਜਿਸ ਵਿੱਚ ਟੀਮ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।ਮਨਪ੍ਰੀਤ ਕੌਰ ਦੀ ਇਹ ਪ੍ਰਾਪਤੀ ਸਮੁੱਚੇ ਇਲਾਕੇ ਲਈ ਵੱਡੇ ਮਾਣ ਵਾਲੀ ਗੱਲ ਸਾਬਤ ਹੋ ਰਹੀ ਹੈ। ਸਕੂਲ ਚੇਅਰਮੈਨ ਅਤੇ ਪ੍ਰਿੰਸੀਪਲ ਨੇ ਖਿਡਾਰਨ ਮਨਪ੍ਰੀਤ ਕੌਰ ਦੀ ਇਸ ਉੱਪਲਭਧੀ ਲਈ ਜਿੱਥੇ ਵਧਾਈ ਅਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ ਉੱਥੇ ਉਨ੍ਹਾਂ ਵੱਲੋਂ 3100 ਰੁਪਏ ਦੀ ਰਾਸ਼ੀ ਦਾ ਚੈੱਕ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

# ਹਰਿਆਣਾ ਨੇ ਸਿਹਤ ਵਿਭਾਗ ਦੇ ਸਾਰੇ ਕਰਮਚਾਰੀਆਂ ਦੀ ਛੁੱਟੀ 'ਤੇ ਲਗਾਈ ਰੋਕ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਪਾਕਿਸਤਾਨ ਨਾਲ ਮੌਜੂਦਾ ਤਣਾਓਪੂਰਨ ਹਾਲਾਤ ਅਤੇ ਕੌਮੀ ਸੁਰੱਖਿਆ ਦੀ ਨਜਰ ਨਾਲ ਪੈਦਾ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਸਰਕਾਰ ਨੇ ਸਿਹਤ ਵਿਭਾਗ ਵਿੱਚ ਕੰਮ ਕਰ ਰਹੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਛੁੱਟੀ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦਾ ਫੈਸਲਾ ਲਿਆ ਹੈ।ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਫੈਸਲਾ ਸੂਬੇ ਵਿੱਚ ਸਿਹਤ ਸੇਵਾਵਾਂ ਦੀ ਨਿਰੰਤਰਤਾ, ਕੁਸ਼ਲਤਾ ਅਤੇ ਤੇਜ ਪ੍ਰਤੀਕਿਰਿਆ ਯਕੀਨੀ ਕਰਨ ਲਈ ਲਿਆ ਗਿਆ ਹੈ। ਸਿਹਤ ਮੰਤਰੀ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਸੂਬੇ ਦੀ ਸਿਹਤ ਵਿਵਸਥਾ ਪੂਰੀ ਤਰ੍ਹਾਂ ਸਰਗਰਮ ਰਹੇ ਤਾਂ ਜੋ ਕਿਸੀ ਵੀ ਅਮਰਜੈਂਸੀ ਸਥਿਤੀ ਵਿੱਚ ਨਿਪਟਾ ਜਾ ਸਕੇ ਅਤੇ ਆਮ ਜਨਤਾ ਨੂੰ ਤੁਰੰਤ ਜਰੂਰੀ ਮੈਡੀਕਲ ਸਹੂਲਤਾਂ ਮੁਹਈਆ ਕਰਵਾਈ ਜਾ ਸਕੇ।ਇਸ ਦੇ ਤਹਿਤ ਹਰਿਆਣਾ ਦੇ ਸਾਰੇ ਸਿਵਿਲ ਸਰਜਨ ਅਤੇ ਮੁੱਖ ਮੈਡੀਕਲ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਉਹ ਆਪਣੇ ਅੰਡਰ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਆਗਾਮੀ ਆਦੇਸ਼ਾਂ ਤੱਕ ਕੋਈ ਵੀ ਛੁੱਟੀ , ਭਾਵੇ ਅਰਮਜੈਂਸੀ ਹੋਵੇ ਜਾਂ ਪਹਿਲਾਂ ਤੋਂ ਹੋਵੇ, ਮੰਜੂਰ ਨਾ ਕਰਨ। ਜੇਕਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਇਨ੍ਹਾਂ ਹਾਲਾਤਾਂ ਵਿੱਚ ਛੁੱਟੀ ਦੀ ਲੋੜ ਹੈ ਤਾਂ ਜਨਰਲ ਡਾਇਰੈਕਟਰ , ਸਿਹਤ ਸੇਵਾਵਾਂ, ਹਰਿਆਣਾ ਤੋਂ ਵਧੀਕ ਪਰਮਿਸ਼ਨ ਲੈਣਾ ਜਰੂਰੀ ਹੋਵੇਗਾ। ਬਿਨਾਂ ਪਰਮਿਸ਼ਨ ਦੇ ਕਿਸੇ ਵੀ ਕਰਮਚਾਰੀ ਨੂੰ ਛੁੱਟੀ ਦੀ ਪਰਮਿਸ਼ਨ ਨਹੀਂ ਦਿੱਤੀ ਜਾਵੇਗੀ। ਸਿਹਤ ਮੰਤਰੀ ਨੇ ਕਿਹਾ ਕਿ ਇਸ ਸਮੇਂ ਅਸੀ ਸਾਰੀਆਂ ਨੂੰ ਇੱਕਜੁਟ ਹੋਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੇ ਸਾਰੇ ਸਿਹਤ ਕਰਮਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਨਿਸ਼ਠਾ, ਤਿਆਗ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਅਤੇ ਕਿਸੇ ਵੀ ਪ੍ਰਕਾਰ ਦੀ ਢਿੱਲ ਨਾ ਵਰਤਣ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਸਾਰੇ ਜਰੂਰੀ ਸਰੋਤ ਅਤੇ ਸਹਾਇਤਾ ਉਪਲਬਧ ਕਰਵਾਈ ਜਾਵੇਗੀ ਤਾਂ ਜੋ ਸਿਹਤ ਸੇਵਾਵਾਂ ਵਿੱਚ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਾਰੇ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਦੀ ਤਿਆਰੀਆਂ ਦੀ ਸਮੀਖਿਆ ਕਰਨ ਅਤੇ ਸਾਰੀ ਲੋੜਵੰਦ ਵਿਵਸਥਾਵਾਂ ਨੂੰ ਮਜਬੂਤ ਕਰਨ ਦੇ ਨਿਰਦੇਸ਼ ਦਿੱਤੇ।

# ਸਿਲਵਰ ਓਕ ਸਕੂਲ ਸ਼ਾਹਬਾਜ਼ਪੁਰ 'ਚ ਮੌਕ ਡਰਿੱਲ ਕਰਵਾਈ



**ਟਾਂਡਾ ਉੜਮੁੜ (ਜਸਵਿੰਦਰ ਸੰਧੂ , ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਸਰਕਾਰੀ ਹਦਾਇਤਾਂ ਦੇ ਅਨੁਸਾਰ ਜੰਗੀ ਹਾਲਾਤਾਂ ਨੂੰ ਦੇਖਦੇ ਹੋਏ ਮੌਕ ਡਰਿੱਲ ਕਰਵਾਈ ਗਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਸੰਸਥਾ ਦੇ ਖੇਡ ਵਿਭਾਗ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਜੰਗੀ ਹਾਲਾਤਾਂ ਵਿੱਚ ਬਚਾ ਦੇ ਤਰੀਕੇ ਸਮਝਾਏ। ਚੇਅਰਮੈਨ ਤਰਲੋਚਨ ਸਿੰਘ ਨੇ ਬੱਚਿਆਂ ਨਾਲ ਰੂਬਰੂ ਹੁੰਦੇ ਹੋਏ ਦੱਸਿਆ ਕਿ ਜੋ ਅਜੋਕੇ ਹਾਲਾਤ ਚੱਲ ਰਹੇ ਹਨ ਇਹਨਾਂ ਦੇ ਵਿੱਚ ਸਰਕਾਰੀ ਨਿਰਦੇਸ਼ਾਂ ਅਨੁਸਾਰ ਜੋ ਮੌਕ ਡ੍ਰਿਲ ਕਰਵਾਈ ਜਾ ਰਹੀ ਹੈ ਉਹ ਬੇਹਦ ਜਰੂਰੀ ਹੈ ਅਤੇ ਸਾਨੂੰ ਸਾਰਿਆਂ ਨੂੰ ਸਰਕਾਰੀ ਹੁਕਮਾਂ ਦਾ ਪਾਲਣ ਕਰਨਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਇਹ ਮੌਕ ਡਰਿੱਲ ਔਖੇ ਸਮੇਂ ਵਿੱਚ ਸਾਡੇ ਲਈ ਆਪਣੀ ਅਤੇ ਦੂਜਿਆਂ ਦੀ ਜਾਨ ਬਚਾਉਣ ਲਈ ਬਹੁਤ ਜਰੂਰੀ ਸਿੱਧ ਹੋ ਸਕਦੀ ਹੈ। ਉਹਨਾਂ ਨਿਰਦੇਸ਼ ਦਿੱਤੇ ਕਿ ਬੱਚਿਆਂ ਦੇ ਨਾਲ ਨਾਲ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਵੀ ਇਹਨਾਂ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇਸ ਡਰਿਲ ਦੇ ਵਿੱਚ ਹਿੱਸਾ ਲਵੇਗਾ।ਪ੍ਰਿੰਸਪਲ ਮਨੀਸ਼ਾ ਸੰਗਰ ਨੇ ਬੱਚਿਆਂ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਨੂੰ ਸਮਝਾਇਆ ਕਿ ਬਾਰਡਰ ਦੇ ਹਾਲਾਤ ਖਰਾਬ ਹੋਣ ਕਾਰਨ ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਦੀ ਇਹ ਮੌਕ ਡਰਿੱਲ ਸਮੂਹ ਵਿਦਿਆਰਥੀਆਂ ਨੂੰ ਜੰਗੀ ਹਾਲਾਤਾਂ ਵਿੱਚ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਸੁਰੱਖਿਤ ਰੱਖਣ ਦੇ ਲਈ ਕਰਵਾਈ ਜਾ ਰਹੀ ਹੈ। ਇਸ ਮੌਕੇ 'ਤੇ ਸੰਸਥਾ ਦੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਬਲਦੇਵ ਰਾਜ, ਸੁਸ਼ੀਲ, ਸੁਰੇਸ਼, ਰਾਜਵੀਰ, ਰਾਜਵਿੰਦਰ, ਵਿਸ਼ਾਲੀ, ਮਮਤਾ, ਦਮਨ, ਰਜਮੀਤ, ਹਰਜੀਤ, ਹਰਮਿੰਦਰ, ਗੁਰਦੇਵ, ਅਜੇ ਅਤੇ ਹੋਰ ਸਟਾਫ ਮੌਜੂਦ ਸੀ।




# 20 ਦੀ ਹੜਤਾਲ ਦਾ ਕਰਾਂਗੇ ਸਮਰਥਨ : ਸਾਂਝਾ ਕਿਸਾਨ, ਮਜ਼ਦੂਰ ਮੋਰਚਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਤਹਿਸੀਲ ਨਵਾਂਸ਼ਹਿਰ ਇਕਾਈ ਦੇ ਆਗੂਆਂ ਦੀ ਮੀਟਿੰਗ ਸਾਥੀ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਦੀ ਅਗਵਾਈ ਹੇਠ ਹੋਈ। ਮੀਟਿੰਗ 'ਚ ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 20 ਮਈ ਦੀ ਹੜਤਾਲ ਦੇ ਸੱਦੇ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੇ ਠੇਕਾ ਸਿਸਟਮ ਬੰਦ ਕਰਨ। ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ। ਘਟੋ ਘਟ ਉਜਰਤ 700 ਰੁ ਦਿਹਾੜੀ ਕਰਨ । 4ਲੇਬਰ ਕੋਡ ਰੱਦ ਕਰਨ ਅਤੇ ਕਿਸਾਨਾਂ ਮਜ਼ਦੂਰਾਂ ਦੀ ਕਰਨ ਮੁਕਤੀ ਆਦਿ ਮੰਗਾਂ 'ਤੇ ਸਹਿਮਤੀ ਪਰਗਟ ਕੀਤੀ ਗਈ ਅਤੇ 20 ਮਈ ਦੀ ਹੜਤਾਲ ਦਾ ਸਮਰਥਨ ਕੀਤਾ ਗਿਆ।ਇਸ ਮੌਕੇ ਸਾਥੀ ਕਰਨੈਲ ਸਿੰਘ ਭੱਲਾ ਪਰਮਿੰਦਰ ਬੈਂਸ ਸੁਰਜੀਤ ਨਿਰਮਲਾ ਦੇਵੀ ਪਿਆਰਾ ਲਾਲ ਕੋਮਲ ਰਮਨਦੀਪ ਨੇ ਵੀ ਵਿਚਾਰ ਪੇਸ਼ ਕੀਤੇ।

# ਅਪਰੇਸ਼ਨ ਸਿੰਧੂਰ ਨਾਲ ਭਾਰਤੀ ਫੌਜ ਨੇ ਪਹਿਲਗਾਮ ਹਮਲੇ ਦਾ ਲਿਆ ਬਦਲਾ : ਅਰਵਿੰਦ ਖੰਨਾ



**ਚੰਡੀਗੜ੍ਹ (ਗੁਰਜੀਤ ਬਿੱਲਾ)** ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਭਾਰਤੀ ਜਵਾਨਾਂ ਨੇ ਪਹਲਗਾਮ ਹਮਲੇ ਦਾ ਡਟ ਕੇ ਜਵਾਬ ਦਿੱਤਾ ਹੈ। 'ਓਪਰੇਸ਼ਨ ਸਿੰਦੂਰ' ਰਾਹੀਂ ਕੀਤਾ ਗਿਆ ਇਹ ਫੈਸਲਾ ਸਿਰਫ ਬਦਲੇ ਦੀ ਕਾਰਵਾਈ ਨਹੀਂ ਸੀ, ਬਲਕਿ ਇਹ ਸਾਫ ਸੰਦੇਸ਼ ਸੀ ਕਿ ਭਾਰਤ ਦੀ ਰੱਖਿਆ-ਪੰਕਤੀ ਅਟੁੱਟ ਹੈ ਅਤੇ ਕਿਸੇ ਵੀ ਨਾਪਾਕ ਮਨਸੂਬੇ ਨੂੰ ਕਦੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ, "ਇਹ ਕਾਰਵਾਈ ਕੇਵਲ ਫੌਜੀ ਤਾਕਤ ਨਹੀਂ, ਸਗੋਂ ਦੇਸ਼ ਪ੍ਰਤੀ ਸਾਡੀ ਵਫਾਦਾਰੀ ਅਤੇ ਦ੍ਰਿੜ ਨਿਸ਼ਚੇ ਦਾ ਪ੍ਰਤੀਕ ਹੈ। ਪਹਲਗਾਮ ਹਮਲੇ ਵਿੱਚ ਜਿਨ੍ਹਾਂ ਜਵਾਨਾਂ ਨੇ ਸ਼ਹਾਦਤ ਦਿੱਤੀ, ਇਹ ਓਪਰੇਸ਼ਨ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ। ਪੂਰਾ ਦੇਸ਼ ਆਪਣੇ ਵੀਰ ਜਵਾਨਾਂ ਦੀ ਬਹਾਦਰੀ ਅਤੇ ਬਲਿਦਾਨ ਉੱਤੇ ਮਾਣ ਮਹਿਸੂਸ ਕਰਦਾ ਹੈ।" ਅਰਵਿੰਦ ਖੰਨਾ ਨੇ ਕਿਹਾ ਕਿ ਭਾਰਤ ਸ਼ਾਂਤੀ ਪਸੰਦ ਦੇਸ਼ ਹੈ, ਪਰ ਜੇਕਰ ਕੋਈ ਸਾਡੇ ਸਬਰ ਦੀ ਪਰਖ ਲੈਣ ਦੀ ਕੋਸ਼ਿਸ਼ ਕਰੇਗਾ, ਤਾਂ ਉਸ ਨੂੰ ਭਾਰੀ ਮੁੱਲ ਚੁਕਾਉਣਾ ਪਵੇਗਾ। ਸਾਨੂੰ ਆਪਣੇ ਸੁਰੱਖਿਆ ਬਲਾਂ ਦੀ ਤਿਆਰੀ, ਸਮਰਥਾ ਅਤੇ ਸੰਕਲਪ 'ਤੇ ਪੂਰਾ ਭਰੋਸਾ ਹੈ। ਇਹ ਓਪਰੇਸ਼ਨ ਸਿੱਧ ਕਰਦਾ ਹੈ ਕਿ ਜਦ ਤੱਕ ਭਾਰਤੀ ਜਵਾਨ ਸਰਹੱਦਾਂ 'ਤੇ ਮੁੱਤਬਰ ਹਨ, ਸਾਡੀ ਰੱਖਿਆ-ਰੇਖਾ ਕਦੇ ਨਹੀਂ ਟੁੱਟ ਸਕਦੀ।"

# ਸੰਕਟਕਾਲੀਨ ਸਥਿਤੀ ਨਾਲ ਨਜਿੱਠਣ ਲਈ ਹੋਈ ਅਹਿਮ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਰਹੱਦ 'ਤੇ ਤਣਾਅ ਦੇ ਮੱਦੇਨਜ਼ਰ ਭਾਰਤ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੱਜ ਸਿਵਲ ਡਿਫੈਂਸ ਤਿਆਰੀ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਪੁਲਿਸ ਅਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਿਵਲ ਡਿਫੈਂਸ ਕਮੇਟੀ ਦੀ ਇਕ ਅਹਿਮ ਮੀਟਿੰਗ ਹੋਈ।ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੀ ਮੌਜੂਦਗੀ ਵਿਚ ਹੋਈ ਇਸ ਮੀਟਿੰਗ ਵਿਚ ਜਿਥੇ ਜ਼ਿਲ੍ਹੇ ਵਿਚ ਬਲੈਕ ਆਊਟ ਅਤੇ ਮੌਕ ਡਰਿੱਲ ਬਾਰੇ ਵਿਚਾਰ ਕੀਤਾ ਗਿਆ ਉਥੇ ਸੰਕਟਕਾਲੀਨ ਹਾਲਾਤ ਮੌਕੇ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਤੇ ਡਾਇਰੈਕੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਆਉਂਦੇ ਦਿਨਾਂ ਵਿਚ ਮੌਕ ਡਰਿੱਲਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਅਭਿਆਸ ਪਹਿਲਾਂ ਤੋਂ ਯੋਜਨਾਬੱਧ ਹਨ, ਇਸ ਲਈ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਇਸ ਦੌਰਾਨ ਸਾਰੀਆਂ ਜ਼ਰੂਰੀ ਸੇਵਾਵਾਂ ਕਾਰਜਸ਼ੀਲ ਰਹਿਣਗੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਮਸ਼ੀਨਰੀ ਅਭਿਆਸ ਦੌਰਾਨ ਨਾਗਰਿਕਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਰਹੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦਾ ਉਦੇਸ਼ ਐਮਰਜੈਂਸੀ ਸਥਿਤੀਆਂ ਨੂੰ ਨਿਯੰਤਰਿਤ ਅਤੇ ਅਜਿਹੀਆਂ ਸਥਿਤੀਆਂ ਦੀ ਸੁਰੱਖਿਅਤ ਢੰਗ ਨਾਲ ਨਕਲ ਕਰਨਾ ਹੈ ਤਾਂ ਜੋ ਨਾਗਰਿਕ ਅਤੇ ਪ੍ਰਸ਼ਾਸਨ ਦੋਵੇਂ ਅਸਲ ਸੰਕਟ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋਣ। ਇਸ ਲਈ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਹੀ ਫੈਲਾਈ ਜਾਵੇ ਤੇ ਨਾ ਹੀ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਤਰ੍ਹਾ ਦੀਆਂ ਅਫਵਾਹਾਂ 'ਤੇ ਯਕੀਨ ਕੀਤਾ ਜਾਵੇ। ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ, ਐਸ.ਡੀ.ਐਮ ਪਰਮਪ੍ਰੀਤ ਸਿੰਘ, ਸਿਵਲ ਸਰਜਨ ਡਾ. ਪਵਨ ਕੁਮਾਰ , ਸਿਵਲ ਡਿਫੈਂਸ ਕਮੇਟੀ ਦੇ ਮੈਂਬਰ, ਐਨ.ਡੀ.ਆਰ.ਐਫ, ਫਾਇਰ ਬ੍ਰਿਗੇਡ, ਹੋਮਗਾਰਡ ਅਤੇ ਹੋਰ ਸਿਵਲ ਅਤੇ ਪੁਲਿਸ ਅਧਿਕਾਰੀ ਮੌਜੂਦ ਸਨ।

